INTERNATIONAL MAGAZINE
RNI No. 61816/95



ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ ॥
ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ ॥

# ਆਤਮ ਮਾਰਗ

ਸਾਜਨ ਚਲੇ ਪਿਆਰਿਆ
ਕਿਉ ਮੇਲਾ ਹੋਈ ॥
ਜੇ ਗੁਣ ਹੋਵਹਿ ਗੰਠੜੀਐ
ਮੇਲੇਗਾ ਸੋਈ ॥

**ਸੰਤ ਈਸ਼ਰ ਸਿੰਘ ਜੀ ਮਹਾਰਾਜ**
**ਰਾੜਾ ਸਾਹਿਬ**
(05.08.1905 – 26.08.1975)

**ਅਗਸਤ 2021**

## PURSUANT OF GOVT. OF INDIA FCRA GUIDELINES REGARDING DONATIONS FROM ABROAD

It is for your kind information that Bank Account No. 0779000100179603 earlier opened in Punjab National Bank, Mullanpur Garibdas, Distt. S.A.S Nagar (Mohali)-140901 for receiving donation from foreign countries has been changed with immediate effect. Now, FCRA Saving Bank Account for this purpose has been opened in State Bank of India as per instructions of Govt. of India. Particulars of the New Account are given below for online transfer of donation amount:

# Account Name : – Vishav Gurmat Roohani Mission Charitable Trust

# Account No. – 40227222757 Bank Name - State Bank of India

Branch - New Delhi Main Branch, 11 Sansad Marg, New Delhi-110001

Swift Code - SBININBB104 IFSC Code -SBIN0000691, Branch Code – 00691,

Purpose Code - P1303 (Donations to religious and Charitable Institutions in India)

You are requested that forthwith any donations amount should be sent to the Trust only through any of the following banks specified by Govt. of India :-

# LIST OF CORRESPONDENT BANKS

## Australia

1. Commonwealth Bank Of Australia CTBAAU2S
2. Australia And NewZealand Banking Group Ltd ANZBAU3M
3. National Australia Bank Ltd NATAAU33
4. Westpack Banking Corporation WPACAU2F

## Canada

1. SBI Canada Bank SBINCATX
2. Canadian Imperial Bank Of Commerce CIBCCATT
3. Bank Of Montreal BOFMCAM2
4. Royal Bank Of Canada ROYCCAT2
5. The Toronto Dominion Bank TDOMCATT
6. The Bank Of Nova Scotia (SCOTIA BANK) NOSCCATT

## Germany

1. Commerzo bank AGCOBADEFF
2. DZ Bank AG Deutsche Zentral-Genos GENODEFF
3. Uni Credit Bank AGHYVEDEMM
4. Bayerische Landes bank BYLADEMM
5. Landes bank Baden Wurttemberg SOLADEST
6. Norddeutsche Landes bank Girozen trale NOLADE2H
7. Deutsche Bank AGDEUTDEFF
8. HSBCT rinkaus & Burkhadt AGTUBDDEDD

## Italy

1. Credit Agricolei talia SpACRPPIT2P
2. Intesa Sanpaolo Sp ABCITITMM
3. Unicredit SPAUNCRITMM
4. Banca Popolaredi Sondrio Societa Cooperativa perAzioni POSOIT22
5. BPERB anca Sp ABPMDIT22
6. Banca Nazionaledel Lavoro Sp ABNLIITRR
7. Unionedi Banchel taliane S.p.A.(UBIBANCA) BLOPIT22
8. Banco BPMSPABAPPIT22

## United Kingdom

1. Standard Chartered Bank SCBLGB2L
2. Couttsand Company COUTGB22
3. National Westminster Bank Plc (NatWestBank)NWBKGB2L
4. Royal Bank of Scotland Plc RBOSGB2L
5. Barclays Bank PlcBARCGB22
6. HSBC Bank Plc MIDLGB22
7. Lloyds Bank PlcLOYDGB2L
8. State Bank of India (UK)Ltd.SBOIGB2L

## United States

1. Fifth Third Bank FTBCUS3C
2. HSBC Bank USA National Association MRMDUS33
3. Deutsche Bank Trust Company Americas BKTRUS33
4. Wells Fargo Bank National Association WFBIUS6S
5. Silicon Valley Bank SVBKUS6S
6. State Bank of India (California) SBCAUS6L
7. The Bank of New York Mellon IRVTUS3N
8. PNC Bank National Association PNCCUS33
9. BOKF National Association BAOKUS44
10. MUFG Union Bank National Association BOFCUS33
11. Bank of America National Association BOFAUS3N
12. Key bank National Association KEYBUS33
13. US Bank National Association USBKUS44
14. Citi bank NACITIUS33
15. JP Morgan Chase Bank National Association CHASUS33
16. The Northern Trust Company CNORUS44

In case you want to send donations by cheque, please send it to the Trust along with Donor's ID Proof & Address Proof at the address :Gurdwara Isher Parkash, Ratwara Sahib, (New Chandigarh), P.O Mullanpur Garibdas, Distt. S.A.S Nagar (Mohali)-140901, Punjab (India)

For any query, please contact Mobile No. 98889-10777. Email id : gurmukh4124@gmail.com

# ਆਤਮ ਮਾਰਗ

ਸਾਲ-ਸਤਾਈਵਾਂ, ਮਹੀਨਾ-ਅਗਸਤ, 2021

ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ

**ਸੰਚਾਲਕ**

ਸੱਚਖੰਡ ਵਾਸੀ ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ

ਸੰਤ ਮਾਤਾ (ਬੀਜੀ) ਰਣਜੀਤ ਕੌਰ ਜੀ

**ਚੇਅਰਮੈਨ**
ਸੰਤ ਬਾਬਾ ਲਖਬੀਰ ਸਿੰਘ ਜੀ

**ਐਡੀਟਰ-ਇਨ-ਚੀਫ**
ਬਾਬਾ ਹਰਪਾਲ ਸਿੰਘ ਜੀ

**ਮੈਨੇਜਿੰਗ ਐਡੀਟਰ**
ਭਾਈ (ਡਾ.) ਸੁਖਵਿੰਦਰ ਸਿੰਘ

**ਚੀਫ ਐਡੀਟਰ**
ਡਾ. ਜਗਜੀਤ ਸਿੰਘ


## ਮੈਗਜ਼ੀਨ ਸਬੰਧੀ ਹਰ ਤਰ੍ਹਾਂ ਦੀ ਪੁੱਛਗਿੱਛ

ਜੇਕਰ ਆਪ ਜੀ ਨੂੰ ਮਹੀਨੇ ਦੀ 15 ਤਾਰੀਖ ਤੱਕ ਮੈਗਜ਼ੀਨ ਨਹੀਂ ਪਹੁੰਚਦਾ ਅਤੇ ਮੈਗਜ਼ੀਨ ਸਬੰਧੀ ਹਰ ਤਰ੍ਹਾਂ ਦੀ ਪੁੱਛਗਿੱਛ ਲਈ ਹੇਠ ਲਿਖੇ ਨੰਬਰਾਂ ਤੇ ਦਫਤਰੀ ਸਮਾਂ ਸਵੇਰੇ 10.00 ਵਜੇ ਤੋਂ ਸ਼ਾਮ 5.00 ਵਜੇ ਤੱਕ ਫੋਨ ਕਰਨ ਦੀ ਕ੍ਰਿਪਾਲਤਾ ਕਰੋ ਜੀ।

**ਫੋਨ :- 84378-12900, 94172-14391, 94172-14379**

Email :atammarg1@yahoo.co.in

Registration Under Foreign Contribution
(Regulation) Act 1976 R. No. 115320023

**Postal Address for any Enquiry, Money Order, Cheque and drafts :**
**'ATAM MARG' MAGAZINE**
Gurdwara Ishar Parkash, Ratwara Sahib
(New Chandigarh) P.o. Mullanpur Garibdas, Teh. Kharar, Distt. S.A.S Nagar
(MOHALI) - 140901, Pb. India

### SUBSCRIPTION – ਚੰਦਾ – (ਦੇਸ਼)

| ਸਾਲਾਨਾ | ਜੀਵਨ ਕਾਲ (20 ਸਾਲ) | ਫੀ ਕਾਪੀ |
|---|---|---|
| 300/- | 3000/ | 30/- |
| 320/- | 3020/- | (For outstation cheques) |

### SUBSCRIPTION FOREIGN (ਵਿਦੇਸ਼)

| | Annual | Life (20 years) |
|---|---|---|
| U.S.A. | 60 US$ | 600 US$ |
| U.K. | 40 Pound | 400 Pound |
| Canada | 80 Can $ | 800 Can $ |
| Australia | 80 Aus $ | 800 Aus $ |


ਪ੍ਰਕਾਸ਼ਕ ਦੇ ਸਭ ਹੱਕ ਰਾਖਵੇਂ ਹਨ।



ਪ੍ਰਿੰਟਰ, ਪਬਲਿਸ਼ਰ ਤੇ ਐਡੀਟਰ ਬਾਬਾ ਹਰਪਾਲ ਸਿੰਘ ਰਤਵਾੜਾ ਸਾਹਿਬ ਨੇ 'ਆਤਮ ਮਾਰਗ' ਜੈ ਆਫਸੈਟ ਪ੍ਰਿੰਟਰਜ਼, 905 ਇੰਡਸਟਰੀਅਲ ਏਰੀਆ, ਫੇਜ਼-2, ਚੰਡੀਗੜ੍ਹ ਤੋਂ ਛਪਵਾ ਕੇ ਮੁੱਖ ਦਫਤਰ 'ਆਤਮ ਮਾਰਗ', ਰਤਵਾੜਾ ਸਾਹਿਬ, ਡਾਕਖਾਨਾ ਮੁੱਲਾਂਪੁਰ ਗਰੀਬਦਾਸ, ਤਹਿਸੀਲ ਖਰੜ, ਜ਼ਿਲ੍ਹਾ - ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ) ਪੰਜਾਬ ਤੋਂ ਪ੍ਰਕਾਸ਼ਿਤ ਕੀਤਾ।


Please visit us on internet at :-
For Atam Marg Email : atammarg1@yahoo.co.in,
Website & Live video -
www.ratwarasahib.in
www.ratwarasahib.org
www.ratwarasahib.com
} (Every sunday)

**Email : sratwarasahib.in@gmail.com**

## ਵਿਦੇਸ਼ ਵਿਚ ਆਤਮ ਮਾਰਗ ਦੇ ਕੇਂਦਰ

**ਅਮਰੀਕਾ - ਭਾਈ ਅਮਰਦੀਪ ਸਿੰਘ ਅਟਵਾਲ**
001-408-263-1844

**ਕਨੇਡਾ - ਭਾਈ ਸਰਮੁਖ ਸਿੰਘ ਪੰਨੂ, ਵੈਨਕੂਵਰ**
001-604-433-0408

**ਭਾਈ ਤਰਸੇਮ ਸਿੰਘ ਬੈਂਸ**
001-604-862-9525

**ਭਾਈ ਜਸਬੀਰ ਸਿੰਘ ਰਾਣੂ**
001-604-589-9189

**ਇੰਗਲੈਂਡ - ਬੀਬੀ ਗੁਰਬਖਸ਼ ਕੌਰ ਅਤੇ ਭਾਈ ਜਗਤਾਰ ਸਿੰਘ ਜੱਗੀ**
0044-121-200-2818

**ਭਾਈ ਅਰਵਿੰਦਰ ਸਿੰਘ (ਰਾਜ)**
0044-7968734058

**ਆਸਟਰੇਲੀਆ- ਬੀਬੀ ਜਸਪ੍ਰੀਤ ਕੌਰ :**
0061-406619858

## ਰਤਵਾੜਾ ਸਾਹਿਬ ਵਿਖੇ ਅਦਾਰਿਆਂ ਦੇ ਸੰਪਰਕ

1. ਆਤਮ ਮਾਰਗ ਮੈਗਜ਼ੀਨ
   9417214391, 84378-12900, 9417214379
2. ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਸ.ਸ.ਸਕੂਲ (ਸੀ.ਬੀ.ਐਸ.ਈ.) 0160-2255003
3. ਮਾਤਾ ਸਾਹਿਬ ਕੌਰ ਸਿਲਾਈ ਸੈਂਟਰ: 96461-01996
4. ਸੰਤ ਵਰਿਆਮ ਸਿੰਘ ਮੈਮੋਰੀਅਲ ਸ.ਸ.ਸਕੂਲ (ਪੀ.ਐਸ.ਈ.ਬੀ.) 95920-55581
5. ਸੰਤ ਵਰਿਆਮ ਸਿੰਘ ਚੈਰੀਟੇਬਲ ਹਸਪਤਾਲ: 92176-93845
6. ਇੰਟਰਨੈਸ਼ਨਲ ਡੀਵਾਇਨ ਸਕੂਲ ਆਫ ਨਰਸਿੰਗ
   94172-14382
7. ਇੰਟਰਨੈਸ਼ਨਲ ਡੀਵਾਇਨ ਕਾਲਜ ਆਫ ਐਜੂਕੇਸ਼ਨ
   94172-14382
8. ਅਕਾਲ ਬਿਰਧ ਆਸ਼ਰਮ : 98157-28220

**Media Broadcast (Ratwara Sahib)**
**Live Programme & Cable Tv Network**
**98728-14385, 94172-14385**
**98147-12900, 98555-28517**

**ਵਿਸ਼ੇਸ਼ ਜਾਣਕਾਰੀ ਲਈ**

ਸ਼੍ਰੀ ਮਾਨ ਜੀ - 98551-32009
ਸ਼੍ਰੀ ਅਖੰਡਪਾਠ ਸਾਹਿਬ ਸੇਵਾ - 94647-12900

**ਹੋਰ ਸੰਪਰਕ ਨੰਬਰ**

98889-10777, 96461-01996, 9417214381

# ਤੱਤਕਰਾ


1. ਸੰਪਾਦਕੀ 5

*ਭਾਈ (ਡਾ.) ਸੁਖਵਿੰਦਰ ਸਿੰਘ*

2. ਬਾਰਹ ਮਾਹਾ 7

*ਭਾਈ ਸਾਹਿਬ ਭਾਈ ਪਿੰਦਰਪਾਲ ਸਿੰਘ ਜੀ*

3. ਹੀਰੇ ਜੈਸਾ ਜਨਮੁ ਹੈ ਕਉਡੀ ਬਦਲੇ ਜਾਇ 12

*ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ*

4. ਅਗੰਮ ਅਗੋਚਰ ਦਾ ਮਾਰਗ 22

*ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ*

5. ਜਿਸ ਨੋ ਬਖਸੇ ਸਿਫਤਿ ਸਾਲਾਹ 27
ਨਾਨਕ ਪਾਤਿਸਾਹੀ ਪਾਤਿਸਾਹੁ

*ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ*

6. ਸਾਈ ਨਾਮੁ ਅਮੋਲੁ ਕੀਮ ਨ ਕੋਈ ਜਾਣਦੋ॥ 36

*ਸੰਤ ਬਾਬਾ ਹਰਪਾਲ ਸਿੰਘ ਜੀ*

7. ਬਾਤ ਅਗੰਮ ਕੀ 39

*ਡਾ. ਜਗਜੀਤ ਸਿੰਘ*

8. ਨੂਰਾਨੀ ਮਿਲਾਪ - 27 43

*ਭਾਈ (ਡਾ.) ਸੁਖਵਿੰਦਰ ਸਿੰਘ*

9. ਈਸ਼੍ਵਰ ਅਮੋਲਕ ਲਾਲ 45

*ਕ੍ਰਿਤ - ਸੰਤ ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲੇ*

10. ਗੁਰੂ ਨਾਨਕ ਆਗਮਨ 47

*ਡਾ. ਭਾਈ ਵੀਰ ਸਿੰਘ ਜੀ*

11. ਗੁਰਬਾਣੀ ਅਰਥ ਭੰਡਾਰ 51

*ਸੰਤ ਹਰੀ ਸਿੰਘ ਜੀ 'ਰੰਧਾਵੇ' ਵਾਲੇ*

12. ਸੁਆਮੀ ਰਾਮ ਜੀ ਦੇ ਪ੍ਰੇਰਨਾਤਮਕ ਵਿਚਾਰ 54

*ਡਾ. ਸਵਾਮੀ ਰਾਮ ਜੀ*

13. ਵਿਸ਼ੇਸ਼ ਜਾਣਕਾਰੀ :- ਰਤਵਾੜਾ ਸਾਹਿਬ ਵਿਖੇ ਕੀਰਤਨ ਸਮਾਗਮ 56
ਇੰਟਰਨੈਟ ਵੈਬਸਾਈਟ, ਕੀਰਤਨ ਲਾਈਵ ਟੈਲੀਕਾਸਟ,
ਬੈਂਕ ਅਕਾਊਂਟ, ਆਤਮ ਮਾਰਗ ਮੈਂਬਰਸ਼ਿਪ ਫਾਰਮ
ਅਤੇ ਪੁਸਤੱਕ ਸੂਚੀ

# ਸੰਪਾਦਕੀ

*ਭਾਈ (ਡਾ.) ਸੁਖਵਿੰਦਰ ਸਿੰਘ*

## ਕਹੁ ਨਾਨਕ ਤਿਸੁ ਸਭੁ ਕਿਛੁ ਨੀਕਾ ਜੋ ਪ੍ਰਭ ਕੀ ਸਰਨਾਗਨਾ

ਵਾਹਿਗੁਰੂ ਪ੍ਰਮੇਸ਼ਰ ਸ੍ਰਿਸ਼ਟੀ ਦੇ ਸੂਖਸ਼ਮ ਤੋਂ ਸੂਖਸ਼ਮ ਕਣ ਵਿਚ ਮੌਜੂਦ ਹੈ। ਹਰ ਸ਼ੈਅ ਵਿਚ ਉਸ ਦੀ ਸ਼ਕਤੀ ਵਰਤ ਰਹੀ ਹੈ। ਜਿਸ ਨੂੰ ਗੁਰਬਾਣੀ ਵਿਚ 'ਜੋਤਿ' ਦੇ ਨਾਮ ਨਾਲ ਦ੍ਰਿਸ਼ਟਾਇਆ ਗਿਆ ਹੈ। ***'ਸਭ ਮਹਿ ਜੋਤਿ ਜੋਤਿ ਹੈ ਸੋਇ ॥ ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ ॥'*** ਜ਼ਰੇ-ਜ਼ਰੇ, ਕਣ-ਕਣ ਵਿਚ ਮੌਜੂਦ ਹੋਣ ਕਰਕੇ ਹੀ ਇਸ ਪਰਮ ਸ਼ਕਤੀ ਨੂੰ ਪੁਰਖ ਕਿਹਾ ਜਾਂਦਾ ਹੈ। ਕਾਲ ਤੋਂ ਰਹਿਤ ਹੋਣ ਕਾਰਨ ਇਸ ਨੂੰ ਗੁਰਬਾਣੀ ਵਿਚ ਅਕਾਲ ਪੁਰਖ ਵੀ ਕਿਹਾ ਗਿਆ ਹੈ।

ਇਸ ਅਕਾਲ ਪੁਰਖ ਦੀ ਜੋਤਿ ਕਰਕੇ ਹੀ, ਸਾਰੇ ਪਾਸੇ ਜੋਤਾਂ ਜਗਮਗਾ ਰਹੀਆਂ ਹਨ ਭਾਵ ਜੀਵਨ ਪੁੰਗਰ ਰਹੇ ਹਨ। ***'ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ॥'*** ਉਸ ਤੋਂ ਚਾਨਣ ਪ੍ਰਾਪਤ ਕਰਕੇ ਹੀ ਸਾਰੇ ਜੀਵਾਂ ਦੀ ਜੀਵਨ ਰੌਂ ਰੁਮਕ ਰਹੀ ਹੈ। ਇਸ ਚਾਨਣ ਦੀ ਇਕਸਾਰਤਾ ਤੇ ਇਕਸੁਰਤਾ ਹੈ। ਕੋਈ ਕਾਣੀ ਵੰਡ ਨਹੀਂ। ***'ਜਿਮੀ ਜਮਾਨ ਕੇ ਬਿਖੈ ਸਮਸਤ ਏਕ ਜੋਤਿ ਹੈ, ਨਾ ਘਾਟ ਹੈ ਨਾ ਬਾਢ ਹੈ, ਨਾ ਬਾਢ ਘਾਟ ਹੋਤ ਹੈ। (ਅਕਾਲ ਉਸਤਤਿ)***

ਉਹ ਪਰਮ ਜੋਤਿ ਹਰ ਸ਼ੈਅ ਵਿਚ ਸਮਾਨਅੰਤਰ ਹੈ। ਘੱਟ ਜਾਂ ਵੱਧ ਦਾ ਸੁਆਲ ਹੀ ਪੈਦਾ ਨਹੀਂ ਹੁੰਦਾ। ਜੇ ਘਾਟ ਬਾਢ ਹੈ ਤਾਂ ਜੀਵਾਂ ਦੀ ਆਪਣੀ ਹੋ ਸਕਦੀ ਹੈ। ਜੀਵਾਂ ਉਤੇ ਹੁਕਮ ਤੇ ਕਰਮ ਦੀ ਖੇਡ ਵਰਤ ਰਹੀ ਹੈ। ਉਸ ਹੁਕਮ ਤੇ ਕਰਮ ਦੀ ਖੇਡ ਕਰਕੇ ਪਰਾਲਬਧ ਬਣਦੀ ਹੈ। ਪਰਾਲਬਧ ਵਿਚ ਘਾਟ ਵਾਧ ਹੋ ਸਕਦੀ ਹੈ ਪਰ ਪ੍ਰਮੇਸ਼ਰ ਵਾਹਿਗੁਰੂ ਜੀ ਪੂਰੇ ਹਨ ਤੇ ਪੂਰੇ ਦਾ ਕੀਤਾ ਵੀ ਸਭ ਕਿਛ ਪੂਰਾ ਹੀ ਹੈ -

*ਪੂਰੇ ਕਾ ਕੀਆ ਸਭ ਕਿਛੇ ਪੂਰਾ ਘਟਿ ਵਧਿ ਕਿਛੁ ਨਾਹੀ॥*
*ਅੰਗ - ੧੪੧੨*

ਭਾਵ ਕ੍ਰੋੜਾਂ ਬ੍ਰਹਿਮੰਡ ਦੇ ਮਾਲਕ ਪ੍ਰਮੇਸ਼ਰ ਵਾਹਿਗੁਰੂ ਜੀ ਆਪ ਪੂਰੇ ਹਨ ਜਾਂ ਸਮਰੱਥ ਸਤਿਗੁਰੂ ਜੀ ਪੂਰੇ ਹਨ -

*ਪੂਰਾ ਪ੍ਰਭੁ ਆਰਾਧਿਆ ਪੂਰਾ ਜਾ ਕਾ ਨਾਉ ॥*
*ਨਾਨਕ ਪੂਰਾ ਪਾਇਆ ਪੂਰੇ ਕੇ ਗੁਨ ਗਾਉ ॥*
*ਅੰਗ- ੨੯੫*

ਉਸ ਦਾ ਨਾਉਂ ਵੀ ਪੂਰਾ ਹੈ ਜੋ ਸਮਰੱਥ ਸਤਿਗੁਰੂ ਤੋਂ ਪ੍ਰਾਪਤ ਹੁੰਦਾ ਹੈ। ***'ਬਿਨੁ ਸਤਿਗੁਰ ਨਾਉ ਨ ਪਾਈਐ ਬੁਝਹੁ ਕਰਿ ਵੀਚਾਰੁ ॥ ਨਾਨਕ ਪੂਰੈ ਭਾਗਿ ਸਤਿਗੁਰੁ ਮਿਲੈ ਸੁਖੁ ਪਾਏ ਜੁਗ ਚਾਰਿ ॥' (ਅੰਗ-649)*** ਉਸ ਦੇ ਨਾਮ ਨਾਲ ਜੁੜਨ ਵਾਲੇ ਵੀ ਪੂਰੇ ਹੋ ਜਾਂਦੇ ਹਨ। ਨਿਰਭਉ ਨਿਰਵੈਰ ਨੂੰ ਜਪਣ ਵਾਲਾ ਵੀ ਨਿਰਭਉ ਤੇ ਨਿਰਵੈਰ ਸ਼ਕਤੀਆਂ ਦਾ ਮਾਲਕ ਬਣ ਜਾਂਦਾ ਹੈ। ***'ਸੰਤ ਅਨੰਤਹਿ ਅੰਤਰੁ ਨਾਹੀ॥'*** *(ਅੰਗ-੪੮੬)*

*'ਹਰਿ ਹਰਿ ਜਨ ਦੁਇ ਏਕ ਹੈ ਬਿਬ ਬਿਚਾਰ ਕਛੁ ਨਾਹਿ॥*
*ਜਲ ਤੇ ਉਪਜ ਤਰੰਗ ਜਿਉ ਜਲ ਹੀ ਬਿਖੈ ਸਮਾਹਿ॥*
*(ਪਾਤਸ਼ਾਹੀ ੧੦)*

ਪਰ ਇਸ ਅਵਸਥਾ ਤੱਕ ਪਹੁੰਚਣ ਵਾਸਤੇ ਸਾਧਨ ਸੰਪੰਨ ਹੋਣਾ ਪੈਂਦਾ ਹੈ। 'ਪਉੜੀ ਦਰ ਪਉੜੀ' ਆਤਮ ਮਾਰਗ ਦਾ ਪੈਂਡਾ ਤੈਅ ਕਰਨਾ ਪੈਂਦਾ ਹੈ। ***'ਸੰਤ ਕਾ ਮਾਰਗੁ ਧਰਮ ਕੀ ਪਉੜੀ ਕੋ ਵਡਭਾਗੀ ਪਾਏ॥*** *(ਅੰਗ-੬੨੨)* 'ਆਤਮ ਮਾਰਗ' ਦੇ ਪੜਾਅ ਦਰ ਪੜਾਅ ਤੈਅ ਕਰਕੇ ਹੀ ਮੰਜ਼ਿਲੇ-ਏ-ਮਕਸੂਦ ਤਕ ਪਹੁੰਚਿਆ ਜਾਂਦਾ ਹੈ। ਇਸ ਮੰਜ਼ਿਲੇ-ਏ-ਮਕਸੂਦ ਤਕ ਪਹੁੰਚਣ ਲਈ ਸਰਨਿ ਤੇ ਆਤਮ ਸਮਰਪਣ ਦੋ ਪ੍ਰਮੁੱਖ ਪੜਾਅ ਹਨ। ਪੂਰੇ ਸਮਰੱਥ ਸਤਿਗੁਰੂ ਦੀ ਸਰਨਿ ਲੈਣੀ ਤੇ ਪੂਰਨ ਸਮਰਪਣ ਕਰ ਦੇਣਾ ਹੀ ਸਾਰੀ ਰੂਹਾਨੀਅਤ ਦਾ ਸਾਰ ਅੰਸ਼ ਹੈ।

ਪ੍ਰਮੇਸ਼ਰ ਵਾਹਿਗੁਰੂ ਆਪ ਪਰਮ ਜੋਤਿ, ਪਰਮ ਸ਼ਕਤੀਵਾਨ ਹਨ। ਉਹਨਾਂ ਅੱਗੇ ਆਤਮ ਸਮਰਪਣ ਕਰਨ ਵਿਚ ਹੀ ਇਸ ਜੀਵ ਦਾ ਭਲਾ ਹੈ। ਆਪਾ ਸਮਰਪਣ ਕਰਨ ਨਾਲ ਜਨਮਾਂ-ਜਨਮਾਂ ਦੀਆ ਚਿੰਤਾਵਾਂ, ਤੌਖਲੇ ਡਰ ਦੂਰ ਹੋ ਜਾਂਦੇ ਹਨ। ***'ਨਾਨਕ ਭਗਤਾ ਸਦਾ ਵਿਗਾਸ'*** ਪੂਰਨ ਸਮਰਪਣ ਨਾਲ ਸਦੀਵੀ ਖੇੜੇ ਦੀ ਪ੍ਰਾਪਤੀ ਹੋ ਜਾਂਦੀ ਹੈ।

ਤਮਾਮ ਬੰਧਨਾਂ ਤੋਂ ਛੁਟਕਾਰਾ ਪਾ ਕਰਕੇ ਜੀਵ ਆਤਮਾ ਇਕ ਅਗੰਮੀ ਰੰਗ ਵਿਚ ਰੰਗੀ ਜਾਂਦੀ ਹੈ -

*ਨਾਨਕ ਹਰਿ ਰਸਿ ਹਰਿ ਰੰਗਿ ਸਮਾਵੈ॥ ਅੰਗ- ੨੩੩*

ਭਾਵ ਪ੍ਰਮੇਸ਼ਰ ਦੇ ਰੰਗ ਵਿਚ ਚੋਲਾ ਰੱਤਿਆ ਜਾਂਦਾ ਹੈ। ***'ਜਿਨ ਕੇ ਚੋਲੇ ਰਤੜੇ ਪਿਆਰੇ ਕੰਤੁ ਤਿਨਾ ਕੈ ਪਾਸਿ॥*** *(ਅੰਗ-੭੨੨)* ਉਹਨਾਂ ਬਾਰੇ ਅਰਦਾਸ ਹੈ ***'ਧੂੜਿ ਤਿਨਾ ਕੀ ਜੇ ਮਿਲੈ ਜੀ ਕਹੁ ਨਾਨਕ ਕੀ ਅਰਦਾਸਿ॥*** *(ਅੰਗ-੭੨੨)* ਉਹਨਾਂ ਪ੍ਰਵਾਨ ਹੋਏ ਰੰਗ

ਰਤਿਆਂ ਦੀ ਧੂੜੀ ਲਈ ਅਰਦਾਸ ਹੈ। ਐਸੀਆਂ ਰੱਬੀ ਰੂਹਾਂ ਦਾ ਸਮੁੱਚਾ ਜੀਵਨ ਪਵਿੱਤਰ ਹੋ ਜਾਂਦਾ ਹੈ। ਸਚਿਆਰਤਾ ਦੀ ਪ੍ਰਾਪਤੀ ਹੋ ਜਾਂਦੀ ਹੈ। ਪਾਪ ਕਰਮ ਸੁਪਨੇ ਵਿਚ ਵੀ ਨੇੜੇ ਨਹੀਂ ਆਉਂਦਾ। ਨਿਰਮਲਮਈ ਜੀਵਨ ਪ੍ਰਾਪਤ ਹੋ ਜਾਂਦਾ ਹੈ। ***'ਊਠਤ ਬੈਠਤ ਸੋਵਤ ਨਾਮ ॥ ਕਹੁ ਨਾਨਕ ਜਨ ਕੈ ਸਦ ਕਾਮ ॥'*** *(ਅੰਗ-੨੮੬)*

ਸਰਬ ਸੰਪੰਨ ਪ੍ਰਮੇਸ਼ਰ ਨਾਲ ਜੁੜ ਕੇ ਸਰਬ ਗੁਣਾਂ ਦੇ ਧਾਰਨੀ ਬਣ ਜਾਂਦੇ ਹਨ। ਐਸੀਆਂ ਆਤਮਾਵਾਂ ਦਾ ਸਭ ਕਿਛ ਸ਼ੋਭਨੀਕ ਹੋ ਜਾਂਦਾ ਹੈ। ਕਿਉਂਕਿ ਐਸੀ ਰੱਬੀ ਬਖਸ਼ਿਸ਼, ਮਿਹਰਾਮਤਿ ਉਹਨਾਂ 'ਤੇ ਵਰਸਦੀ ਹੈ ਕਿ ਉਹ ਸਦਾ ਲਈ ਅਮਰ ਹੋ ਜਾਂਦੇ ਹਨ -

*ਜੋ ਸਰਣਿ ਆਵੈ ਗੁਣ ਨਿਧਾਨ ਪਾਵੈ*
*ਸੋ ਬਹੁੜਿ ਜਨਮਿ ਨ ਮਰਤਾ॥* *ਅੰਗ- ੫੭੮*

ਪੂਰੇ ਦੀ ਸਰਣਿ ਲੈ ਕੇ, ਸਰਬ ਗੁਣਾਂ ਦਾ ਖਜ਼ਾਨਾ ਪਾ ਕਰਕੇ ਜਨਮ ਮਰਨ ਤੋਂ ਰਹਿਤ ਹੋ ਜਾਂਦੇ ਹਨ। ਸਹਿਜ ਅਵਸਥਾ ਪ੍ਰਾਪਤ ਹੋ ਜਾਂਦੀ ਹੈ। ਤਨ ਤੇ ਮਨ ਮੌਲਿਆ ਜਾਂਦਾ ਹੈ। ***'ਨਾਨਕ ਨਾਮੁ ਮਿਲੈ ਤਾਂ ਜੀਵਾਂ ਤਨੁ ਮਨੁ ਥੀਵੈ ਹਰਿਆ॥'*** *(ਅੰਗ-੧੪੨੯)*

ਜਿਥੇ ਸਮਰੱਥ ਸਤਿਗੁਰੂ ਦੀ ਬਖਸ਼ਿਸ਼ ਹੋ ਜਾਂਦੀ ਹੈ ਉਹ ਸਾਰੇ ਜੰਤ ਹਰੇ ਭਰੇ ਹੋ ਜਾਂਦੇ ਹਨ। ***'ਸੇ ਜੰਤ ਭਏ ਹਰੀਆਵਲੇ ਜਿਨੀ ਮੇਰਾ ਸਤਿਗੁਰੁ ਦੇਖਿਆ ਜਾਇ।'*** *(ਅੰਗ-੩੧੦)* ਇਸ ਸਾਰੇ ਦੀ ਪ੍ਰਾਪਤੀ ਦਾ ਸਾਰ ਅੰਸ ਆਤਮ ਸਮਰਪਣ ਹੈ। ਮਨੁੱਖੀ ਜਾਮੇ ਵਿਚ ਐਸੀਆਂ ਰੱਬੀ ਰੂਹਾਂ ਦਾ ਆਗਮਨ ਹੁੰਦਾ ਹੈ ਜੋ ਜਨਮਾਂ-ਜਨਮਾਂ ਦੀ ਘਾਲਣਾ ਕਮਾਈਆਂ ਸਦਕਾ ਆਤਮ ਸਮਰਪਣ ਵਿਚ ਪੂਰੀਆਂ ਉਤਰਦੀਆਂ ਹਨ। ਉਸ ਪ੍ਰਕਾਸ਼ਮਈ ਪਰਮ ਸ਼ਕਤੀ ਵਿਚੋਂ ਪ੍ਰਕਾਸ਼ ਦੀ ਕਿਰਨ ਲੈ ਕੇ ਲੋਕਾਈ ਨੂੰ ਰੋਸ਼ਨਾਅ ਦਿੰਦੀਆਂ ਹਨ। ਉਹਨਾਂ ਰੱਬੀ ਆਤਮਾਵਾਂ ਦਾ ਚਾਨਣ ਵਿਚ ਹੀ ਆਗਮਨ ਹੁੰਦਾ ਹੈ ਤੇ ਉਹ ਪ੍ਰਕਾਸ਼ ਵੰਡਦੀਆਂ ਸਦੀਵੀ ਤੌਰ 'ਤੇ ਅਮਰ ਹੋ ਜਾਂਦੀਆਂ ਹਨ। ਆਦਿ ਜੁਗਾਦਿ ਤੋਂ ਪ੍ਰਮੇਸ਼ਰ ਵਾਹਿਗੁਰੂ ਐਸੀਆਂ ਆਤਮਾਵਾਂ ਨੂੰ ਸੰਸਾਰ ਮੰਚ ਤੇ ਭੇਜਦੇ ਰਹਿੰਦੇ ਹਨ। ਕੋਈ ਵਿਸ਼ੇਸ਼ ਕਾਰਜ ਕਰਨ ਲਈ ਉਹਨਾਂ ਨੂੰ ਮਾਤ ਲੋਕ 'ਤੇ ਭੇਜਿਆ ਜਾਂਦਾ ਹੈ। ਦਿਤੇ ਕਾਰਜ ਦੀ ਸੰਪਨਤਾ ਤੋਂ ਬਾਅਦ ਫਿਰ ਵਾਪਸ ਆਪਣੇ ਧੇਅ ਵਿਚ ਲੀਨ ਹੋ ਜਾਂਦੀਆਂ ਹਨ -

*ਜਿਨਿ ਤੁਮ ਭੇਜੇ ਤਿਨਹਿ ਬੁਲਾਏ*
*ਸੁਖ ਸਹਜ ਸੇਤੀ ਘਰਿ ਆਉ॥* *ਅੰਗ- ੬੭੮*

*ਗੁਰਮੁਖਿ ਸਦੇ ਜਾਨਿ ਆਵਨਿ ਘਲਿਆ॥*
*ਭਾਈ ਗੁਰਦਾਸ ਜੀ*

ਉਹਨਾਂ ਦੀ ਮਾਤ ਲੋਕ ਯਾਤਰਾ ਸਦੀਵੀ ਤੌਰ 'ਤੇ ਲੋਕਾਈ ਨੂੰ ਸੇਧਾਂ ਪ੍ਰਦਾਨ ਕਰਦੀ ਹੈ। ਜੀਵਨ ਵਿਚ ਉਮਾਹ, ਚਾਅ, ਸ਼ਰਧਾ, ਵੈਰਾਗ, ਕਰਮ, ਉਪਾਸ਼ਨਾ, ਗਿਆਨ ਤੇ ਵਿਗਿਆਨ ਵਲ ਵਧਣ ਦੀ ਪ੍ਰੇਰਨਾ ਮਿਲਦੀ ਹੈ। ਇਹਨਾਂ ਪਵਿੱਤਰ ਆਤਮਾਵਾਂ ਦਾ ਆਗਮਨ ਕਿਸੇ ਵੀ ਖਿਤੇ ਅਤੇ ਮਜ਼੍ਹਬ ਵਿਚ ਹੋ ਸਕਦਾ ਹੈ। ਜਿਨ੍ਹਾਂ ਨੂੰ ਬਾਅਦ ਵਿਚ ਸੰਪਰਦਾਵਾਂ ਜਾਂ ਮਜ਼੍ਹਬਾਂ ਦਾ ਨਾਮ ਦੇ ਦਿਤਾ ਜਾਂਦਾ ਹੈ -

*ਕਬੀਰ ਗੰਗ ਜਮੁਨ ਕੇ ਅੰਤਰੇ ਸਹਜ ਸੁੰਨ ਕੇ ਘਾਟ ॥*
*ਤਹਾ ਕਬੀਰੈ ਮਟੁ ਕੀਆ ਖੋਜਤ ਮੁਨਿ ਜਨ ਬਾਟ ॥*
*ਅੰਗ - ੧੩੭੨*

ਇਹ ਸਾਰਿਆਂ ਦੇ ਸਾਂਝੇ ਹੁੰਦੇ ਹੋਏ ਇਕ ਸੰਪਰਦਾ ਜਾਂ ਮਜ਼੍ਹਬ ਨਾਲ ਜੁੜ ਕੇ ਲੋਕਾਈ ਨੂੰ ਰੌਸ਼ਨ ਕਰਦੇ ਹਨ। ***'ਹਰਿ ਕਾ ਪਿਆਰਾ ਸੋ ਸਭਨਾ ਕਾ ਪਿਆਰਾ।'*** ਹਰਮਨ ਪਿਆਰਤਾ ਦਾ ਸਤਿਕਾਰ ਇਹਨਾਂ ਨੂੰ ਲੋਕਾਈ ਵਲੋਂ ਮਿਲਿਆ ਹੁੰਦਾ ਹੈ। ਇਹ ਦੁਨਿਆਵੀ ਬੰਧਨਾਂ ਤੋਂ ਉਪਰ ਉਠ ਕੇ ਸਰਬ ਸਾਂਝੀਵਾਲਤਾ ਦਾ ਉਪਦੇਸ਼ ਸੰਸਾਰ ਨੂੰ ਵੰਡਦੇ ਹਨ। ਐਸੀਆਂ ਆਤਮਾਵਾਂ ਨੂੰ ਪਵਿੱਤਰ ਗੁਰਬਾਣੀ ਵਿਚ, ਸਾਧੂ, ਸੰਤ, ਜਨ, ਗੁਰਮੁਖ, ਗੁਰਸਿੱਖ, ਬ੍ਰਹਮਗਿਆਨੀ ਆਦਿਕ ਵਿਸ਼ੇਸ਼ਤਾਵਾਂ ਦੁਆਰਾ ਸਤਿਕਾਰਿਆਂ ਗਿਆ ਹੈ।

ਸਿੱਖ ਕੌਮ ਦੇ ਰੂਹਾਨੀ ਗੁਲਦਸਤੇ ਰਾੜਾ ਸਾਹਿਬ ਜਾਂ ਹੋਤੀ ਮਰਦਾਨ ਦੀ ਸੰਪਰਦਾ ਵਿਚ ਐਸੀਆਂ ਆਤਮਾਵਾਂ ਦਾ ਆਗਮਨ ਹੋਇਆ। ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਤੋਂ ਬਖਸ਼ਿਸ਼ਾਂ ਪ੍ਰਾਪਤ ਪੰਜਾਂ ਪਿਆਰਿਆਂ ਦੇ ਮੁਖੀ ਭਾਈ ਸਾਹਿਬ ਭਾਈ ਦਇਆ ਸਿੰਘ ਜੀ ਮਹਾਰਾਜ ਤੋਂ ਵਰੋਸਾਈ ਇਹ ਸੰਪਰਦਾ ਅੱਜ ਪੰਥ ਦਾ ਹਰਿਆਵਲਾ ਦਸਤਾ ਬਣ ਕੇ ਲੋਕਾਈ ਨੂੰ ਰੋਸ਼ਨਾਅ ਰਹੀ ਹੈ। ਅਨੇਕਾਂ ਸੰਤ, ਮਹਾਂਪੁਰਸ਼ ਇਸ ਸੰਪਰਦਾ ਦਾ ਸ਼ਿੰਗਾਰ ਬਣੇ ਜਿਹਨਾਂ ਨੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੇ ਆਸ਼ਿਆਂ ਅਨੁਸਾਰ ਆਪ ਜੀਵਨ ਜੀਵਿਆ ਤੇ ਸਮੁੱਚੀ ਲੋਕਾਈ ਨੂੰ ਗੁਰਮਤਿ ਦੇ ਜੀਵਨ ਜੁਗਤਿ ਦੀ ਸੇਧ ਬਖਸ਼ੀ। ਲੱਖਾਂ ਪ੍ਰਾਣੀ ਨਾਮ ਬਾਣੀ ਨਾਲ ਜੁੜ ਕੇ ਜੀਵਨ ਸਫਲਾ ਕਰ ਚੁੱਕੇ ਹਨ ਤੇ ਕਰਦੇ ਰਹਿਣਗੇ। ਇਸ ਸੰਪਰਦਾ ਵਿਚ ਐਸੇ ਅਨਮੋਲ ਹੀਰੇ ਹਨ, ਬ੍ਰਹਮ ਗਿਆਨੀ ਸੰਤ ਬਾਬਾ ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲੇ, ਜਿਹਨਾਂ ਦੀਆਂ ਘਾਲਣਾ ਕਮਾਈਆਂ ਅੱਗੇ ਹਰ ਜਗਿਆਸੂ ਦਾ ਸਿਰ ਝੁਕਦਾ ਹੈ। ਆਪ ਜੀਆਂ ਦਾ ਆਗਮਨ ਆਲੋਵਾਲ (ਪਟਿਆਲਾ) ਦੀ ਪਾਵਨ ਧਰਤੀ 'ਤੇ 5 ਅਗਸਤ 1905 ਨੂੰ ਹੋਇਆ। ਜਲਦੇ ਬਲਦੇ ਸੰਸਾਰ ਨੂੰ ਨਾਮ ਬਾਣੀ ਦਾ ਛਿੱਟਾ ਗੁਰਮਤਿ ਪ੍ਰਚਾਰ, ਧਾਰਮਿਕ ਦੀਵਾਨਾਂ ਰਾਹੀਂ ਦਿਤਾ - ***'ਗੁਰਮੁਖਿ ਕੋਟਿ ਉਧਾਰਦਾ ਭਾਈ ਦੇ ਨਾਵੈ ਏਕ ਕਣੀ॥'*** *(ਅੰਗ-੬੦੮)* ਦੀ ਪਵਿੱਤਰ ਬਖਸ਼ਿਸ਼ ਨੂੰ ਆਪ

*(ਬਾਕੀ ਪੰਨਾ 11 ਤੇ)*

# ਭਾਦੁਇ ਭਰਮਿ ਭੁਲਾਣੀਆ.....॥

## ਸੰਗਰਾਂਦ - ਅਗਸਤ 16 (ਸੋਮਵਾਰ)

*ਭਾਈ ਸਾਹਿਬ ਭਾਈ ਪਿੰਦਰਪਾਲ ਸਿੰਘ ਜੀ*

ਭਾਦੁਇ ਭਰਮਿ ਭੁਲਾਣੀਆ ਦੂਜੈ ਲਗਾ ਹੇਤੁ ॥
ਲਖ ਸੀਗਾਰ ਬਣਾਇਆ ਕਾਰਜਿ ਨਾਹੀ ਕੇਤੁ ॥
ਜਿਤੁ ਦਿਨਿ ਦੇਹ ਬਿਨਸਸੀ ਤਿਤੁ ਵੇਲੈ ਕਹਸਨਿ ਪ੍ਰੇਤੁ ॥
ਪਕੜਿ ਚਲਾਇਨਿ ਦੂਤ ਜਮ ਕਿਸੈ ਨ ਦੇਨੀ ਭੇਤੁ ॥
ਛਡਿ ਖੜੋਤੇ ਖਿਨੈ ਮਾਹਿ ਜਿਨ ਸਿਉ ਲਗਾ ਹੇਤੁ ॥
ਹਥ ਮਰੋੜੈ ਤਨੁ ਕਪੇ ਸਿਆਹਹੁ ਹੋਆ ਸੇਤੁ ॥
ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ ॥
ਨਾਨਕ ਪ੍ਰਭ ਸਰਣਾਗਤੀ ਚਰਣ ਬੋਹਿਥ ਪ੍ਰਭ ਦੇਤੁ ॥
ਸੇ ਭਾਦੁਇ ਨਰਕਿ ਨ ਪਾਈਅਹਿ ਗੁਰੁ ਰਖਣ ਵਾਲਾ ਹੇਤੁ ॥
ਅੰਗ - ੧੩੪

ਸਤਿਗੁਰੂ ਗੁਰੂ ਪੰਚਮ ਮਹਾਰਾਜ ਜੀ ਦੇ ਪਵਿੱਤਰ ਉਚਾਰਨ ਕੀਤੇ ਹੋਏ ਬਚਨ ਬਾਰਹ ਮਾਹਾ ਦੇ ਅੰਦਰ ਭਾਦੋਂ ਦੇ ਮਹੀਨੇ ਵਿਚ ਗੁਰੂ ਸਾਹਿਬ ਜੀ ਨੇ ਜੋ ਉਪਦੇਸ਼ ਦ੍ਰਿੜ੍ਹ ਕਰਵਾਏ ਹਨ, ਇਸ ਪਵਿੱਤਰ ਬਚਨ ਦਾ ਆਪ ਜੀ ਨੇ ਪਾਠ ਸਰਵਨ ਕੀਤਾ ਹੈ। ਮਨੁੱਖ ਭਾਦਰੋਂ ਦੇ ਮਹੀਨੇ ਦੇ ਮੌਸਮ ਵਿਚ ਘੁੱਟਣ ਮਹਿਸੂਸ ਕਰਦਾ ਹੈ। ਸਾਹਿਬ ਕਹਿੰਦੇ ਹਨ, ਇਸ ਤਰ੍ਹਾਂ ਹੀ ਜਿਹੜੇ ਮਨੁੱਖ ਪ੍ਰਮਾਤਮਾ ਦੇ ਚਰਨਾਂ ਨਾਲੋਂ ਟੁੱਟ ਕੇ ਦੂਜੇ ਕੰਮਾਂ ਵਿਚ ਪੈ ਗਏ ਹਨ, ਉਹਨਾਂ ਦੇ ਅੰਦਰ ਕਦੀ ਟਿਕਾਅ ਪੈਦਾ ਨਹੀਂ ਹੋਵੇਗਾ। ਸਾਨੂੰ ਇਸ ਤਰ੍ਹਾਂ ਲਗਦਾ ਹੈ ਕਿ ਮੈਂ ਹੀ ਸਭ ਕੁਝ ਹਾਂ, ਪਰ ਅੱਜ ਸਮਝ ਪੈ ਗਈ ਹੈ ਮੇਰੇ ਮਾਲਕ! ਮੈਂ ਭਰਮ ਭੁਲੇਖੇ ਵਿਚ ਭਟਕ ਰਿਹਾ ਹਾਂ। ਜਿੰਨੀ ਦੇਰ ਤਕ ਮੇਰੇ ਅੰਦਰ ਮੈਂ ਦੀ ਹਉਮੈ ਖਤਮ ਨਹੀਂ ਹੁੰਦੀ, ਓਨੀ ਦੇਰ ਤੱਕ ਮਨ ਨੇ ਤੇਰੇ ਨਾਲ ਜੁੜਨਾ ਨਹੀਂ।

ਜਦੋਂ ਹਵਾ ਬਹੁਤ ਤੇਜ਼ ਚੱਲੇ ਤਾਂ ਕੁਦਰਤੀ ਤੌਰ 'ਤੇ ਸਮੁੰਦਰ ਦਾ ਪਾਣੀ ਉਛਾਲੇ ਖਾ ਕੇ ਲਹਿਰਾਂ ਦਾ ਰੂਪ ਧਾਰਨ ਕਰ ਲੈਂਦਾ ਹੈ। ਕਹਿੰਦੇ ਹਨ ਕਿ ਜੇ ਭੁਲੇਖੇ ਵਿਚ ਪੈ ਕੇ ਕੋਈ ਇਹ ਕਹਿ ਦੇਵੇ ਕਿ ਸਮੁੰਦਰ ਦਾ ਪਾਣੀ ਕੋਈ ਹੋਰ ਹੈ, ਉਠੀਆਂ ਹੋਈਆਂ ਲਹਿਰਾਂ ਕੁਝ ਹੋਰ ਹਨ ਤਾਂ ਲਹਿਰ ਨੂੰ ਸਮੁੰਦਰ ਤੋਂ ਵੱਖ ਸਮਝ ਲੈਣਾ ਇਹ ਇਕ ਭਰਮ ਹੈ। ਕਹਿੰਦੇ ਹਨ ਕਿ ਹੇ ਪ੍ਰਭੂ! ਅਸੀਂ ਭੁਲੇਖੇ ਵਿਚ ਫਸ ਗਏ, ਤੇਰੇ ਬਣਾਏ ਹੋਏ ਜੀਵ ਇਸ ਤਰ੍ਹਾਂ ਦੇ ਹਨ ਜਿਵੇਂ ਸਮੁੰਦਰ ਵਿਚੋਂ ਉਠੀਆਂ ਹੋਈਆਂ ਲਹਿਰਾਂ। ਅਸੀਂ ਭੁਲੇਖੇ ਵਿਚ ਕਹਿ ਦਿਤਾ ਕਿ ਪ੍ਰਮਾਤਮਾ ਹੋਰ ਹੈ ਤੇ ਸੰਸਾਰ ਹੋਰ ਹੈ। ਇਸੇ ਭਰਮ ਵਿਚ ਮਾਲਕ! ਤੈਨੂੰ ਕੋਈ ਸਮਝ ਨਾ ਸਕਿਆ, ਪਰ ਜਦੋਂ ਉਹ ਲਹਿਰਾਂ ਸ਼ਾਂਤ ਹੋਈਆਂ ਤਾਂ ਕੇਵਲ ਸਮੁੰਦਰ ਰਹਿ ਗਿਆ ਅਤੇ ਅੰਦਰ ਦੀ ਭਟਕਣਾ ਮੁੱਕ ਗਈ।

ਬਾਦਸ਼ਾਹ ਰਾਤ ਆਪਣੇ ਸਿੰਘਾਸ਼ਨ ਉਤੇ ਸੁੱਤਾ ਹੈ। ਨੀਂਦ ਆਈ ਅਤੇ ਸੁਪਨੇ ਵਿਚ ਉਹ ਦੇਖਦਾ ਹੈ ਕਿ ਉਹ ਭਿਖਾਰੀ ਬਣ ਗਿਆ ਹੈ। ਲੋਕਾਂ ਦੇ ਦਰ ਤੋਂ ਮੰਗ-ਮੰਗ ਕੇ ਉਹ ਖਾਂਦਾ ਪਿਆ ਹੈ। ਜਦੋਂ ਸੁਪਨਾ ਟੁੱਟਿਆ ਅਤੇ ਅੱਖ ਖੋਲ੍ਹੀ ਤਾਂ ਸਮਝ ਪੈ ਗਈ ਕਿ ਮੈਂ ਰਾਜ-ਭਾਗ ਦੇ ਹੁੰਦਿਆਂ ਵੀ ਭਿਖਾਰੀ ਬਣ ਗਿਆ। ਸਾਹਿਬ ਕਹਿੰਦੇ ਹਨ ਕਿ ਇਹੋ ਜਿਹਾ ਭਰਮ ਸਾਨੂੰ ਵੀ ਹੈ। ਅਸੀਂ ਆਤਮਕ ਤੌਰ 'ਤੇ ਸ਼ਹਿਜ਼ਾਦੇ ਹਾਂ। ਮੇਰੇ ਮਾਲਕ ਨੇ, ਨਿਰੰਕਾਰ ਨੇ ਕ੍ਰਿਪਾ ਕਰਕੇ ਆਪਣੇ ਪੁੱਤਰ ਸਾਨੂੰ ਬਣਾਇਆ ਹੈ, ਪਰ ਮਾਇਆ ਦਾ ਸੁਪਨਾ ਇਹੋ ਜਿਹਾ ਲੈ ਲਿਆ ਕਿ ਰੂਹਾਨੀਅਤ ਦਾ ਰਾਜ-ਭਾਗ ਗੁਰੂ ਵਲੋਂ ਦਿਤਾ ਹੋਣ ਦੇ ਬਾਵਜੂਦ ਵੀ ਅਸੀਂ ਭਿਖਾਰੀ ਬਣ ਕੇ ਦਰ-ਦਰ 'ਤੇ ਮੰਗਣ ਲੱਗ ਪਏ ਹਾਂ।

ਧੰਨ ਗੁਰੂ ਅਰਜਨ ਦੇਵ ਜੀ ਕਹਿੰਦੇ ਹਨ ਕਿ ਭਾਦੋਂ ਦਾ ਮਹੀਨਾ ਹੀ ਦੁਬਿਧਾ ਵਾਲਾ ਆ ਗਿਆ। ਕਿਉਂ ਦੁਬਿਧਾ ਵਾਲਾ ਕਿਹਾ? ਅਸੀਂ ਤਪਦੇ ਆਏ ਹਾਂ। ਸਾਵਣ ਵਿਚ ਤਾਂ ਮੀਂਹ ਪੈਂਦਾ ਹੈ। ਇਕ ਘੜੀ ਬਾਅਦ ਬੱਦਲ ਚਲਾ ਜਾਂਦਾ ਹੈ। ਸੂਰਜ ਦੀ ਤਪਸ਼ ਜਦੋਂ ਆਸਮਾਨ 'ਤੇ ਆਉਂਦੀ ਹੈ ਤਾਂ ਜਿਹੜਾ ਸਰੀਰ ਪਹਿਲਾਂ ਬੱਦਲ ਵਿਚ ਸੁੱਖ ਮਹਿਸੂਸ ਕਰਦਾ ਸੀ, ਇਕ ਦਮ ਗਰਮੀ ਪੈਣ ਨਾਲ ਉਸ ਨੂੰ ਹੁੰਮਸ ਪ੍ਰਤੀਤ ਹੋਈ ਹੈ। ਭਾਦੋਂ ਹੈ ਹੀ ਦੁਬਿਧਾ ਵਾਲਾ। ਕਦੀ ਹੁੰਮਸ ਲੱਗੇਗੀ, ਕਦੀ ਘਬਰਾਹਟ

ਲੱਗੇਗੀ। ਜੇ ਭਾਦੋਂ ਦੇ ਮਹੀਨੇ ਵਿਚ ਮੌਸਮ ਘਬਰਾਹਟ ਵਾਲਾ ਹੈ ਤਾਂ ਜਿਹੜੇ ਸਾਂਈ ਨੂੰ ਛੱਡ ਕੇ ਦੁਬਿਧਾ ਵਿਚ ਪੈ ਗਏ ਹਨ, ਉਹਨਾਂ ਦੇ ਅੰਦਰ ਨੂੰ ਦੇਖੀਂ, ਉਹਨਾਂ ਦੇ ਅੰਦਰ ਦੀ ਘਬਰਾਹਟ ਹੈ। ਗੁਰੂ ਅਰਜਨ ਸਾਹਿਬ ਫੁਰਮਾਉਂਦੇ ਹਨ –

*ਭਾਦੁਇ ਭਰਮਿ ਭੁਲਾਣੀਆ*

ਭਾਦੋਂ ਦੇ ਮਹੀਨੇ ਵਿਚ ਭਰਮ ਵਿਚ ਪੈ ਗਏ। ਹਜ਼ੂਰ ਕਹਿਣ ਲੱਗੇ, ਰੱਬ ਮੇਹਰ ਕਰੇ ਤੇ ਮਨੁੱਖ ਭਰਮ ਤੋਂ, ਭੁਲੇਖੇ ਤੋਂ ਬਚ ਜਾਏ। ਭਾਈ ਗੁਰਦਾਸ ਜੀ ਕਹਿੰਦੇ ਹਨ ਕਿ ਇਕ ਮਿੱਥ ਹੈ ਹਿੰਦੁਸਤਾਨ ਵਿਚ ਕਿ ਹਰੀ ਚੰਦ ਰਾਜੇ ਦੀ ਨਗਰੀ ਆਸਮਾਨ ਵਿਚ ਹੈ। ਕਈ ਵਾਰੀ ਜਦੋਂ ਬੱਦਲ ਆਸਮਾਨ ਵਿਚ ਉੱਡਦਾ ਹੈ ਤਾਂ ਉਸ ਬੱਦਲ ਵੱਲ ਦੇਖੀਏ ਤਾਂ ਇੰਝ ਭੁਲੇਖਾ ਪੈਂਦਾ ਹੈ ਜਿਵੇਂ ਸੋਹਣੇ ਘਰ ਬਣੇ ਹੋਣ। ਭਾਈ ਗੁਰਦਾਸ ਜੀ ਕਹਿੰਦੇ ਹਨ ਕਿ ਕੀ ਅੱਜ ਤੱਕ ਉਸ ਘਰ ਵਿਚ ਕਿਸੇ ਨੇ ਵਸੇਬਾ ਕੀਤਾ ਹੈ? ਕੇਵਲ ਅੱਖਾਂ ਨੂੰ ਪ੍ਰਤੀਤ ਹੁੰਦਾ ਪਿਆ ਹੈ ਕਿ ਉਹ ਘਰ ਹੈ, ਪਰ ਅਸਲੀਅਤ ਵਿਚ ਉਹ ਭਰਮ ਹੈ। ਬੱਦਲ ਵਿਚ ਘਰ ਕੋਈ ਨਹੀਂ। ਉਹਨਾਂ ਦੂਸਰੀ ਉਦਾਹਰਨ ਦਿਤੀ ਸਮਝਣ ਲਈ। ਕਹਿਣ ਲੱਗੇ ਜਦੋਂ ਗਰਮੀ ਹੁੰਦੀ ਹੈ ਤਾਂ ਮਾਰੂਥਲ ਵਿਚ ਰੇਤ ਚਮਕਦੀ ਹੈ। ਇੰਝ ਪ੍ਰਤੀਤ ਹੁੰਦਾ ਹੈ ਜਿਵੇਂ ਇਹ ਰੇਤ ਨਹੀਂ, ਪਾਣੀ ਦੀ ਇਕ ਝੀਲ ਹੈ। ਚਮਕਦੀ ਹੋਈ ਰੇਤ ਪਾਣੀ ਲਗਦੀ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਫੁਰਮਾਉਂਦੇ ਹਨ ਕਿ ਜਿਸ ਨੂੰ ਅਸੀਂ ਸਭ ਤੋਂ ਉੱਚੀ ਸੁੰਦਰਤਾ ਨਾਲ ਤੁਲਨਾ ਦਿੰਦੇ ਹਾਂ ਕਿ ਇਸ ਦੀਆਂ ਅੱਖਾਂ ਮਿਰਗ ਵਰਗੀਆਂ ਹਨ, ਪਰ ਜਿੰਨਾ ਮਿਰਗ ਭਰਮ ਵਿਚ ਪੈਂਦਾ ਹੈ, ਸ਼ਾਇਦ ਹੀ ਇੰਨਾ ਕੋਈ ਭਰਮ ਵਿਚ ਪੈਂਦਾ ਹੋਵੇ। ਮਿਰਗ ਨੂੰ ਪਿਆਸ ਲਗਦੀ ਹੈ, ਪਾਣੀ ਦੀ ਬੂੰਦ ਦੀ ਖਾਤਿਰ ਉਹ ਚਮਕਦੀ ਰੇਤ ਨੂੰ ਦੇਖਦਾ ਹੈ ਤੇ ਪ੍ਰਤੀਤ ਹੁੰਦਾ ਹੈ ਜਿਵੇਂ ਪਾਣੀ ਦਾ ਇਕ ਦਰਿਆ ਹੈ। ਸਾਹਿਬ ਕਹਿੰਦੇ ਹਨ ਕਿ ਕਿਹੜੇ ਭਰਮ ਵਿਚ ਪੈ ਗਿਆ ਹੈਂ? ਤੇਰੀਆਂ ਅੱਖਾਂ ਨੂੰ ਭੁਲੇਖਾ ਪੈ ਗਿਆ ਹੈ। ਹਕੀਕਤ ਇਹ ਹੈ ਕਿ ਜਿਸ ਨੂੰ ਤੂੰ ਪਾਣੀ ਸਮਝਦਾ ਹੈਂ, ਉਹ ਚਮਕਦੀ ਰੇਤ ਹੈ ਤੇ ਉਸ ਵਿਚੋਂ ਨਿਕਲਦੀ ਅੱਗ ਹੈ। ਅੱਗ ਨੂੰ ਪਾਣੀ ਸਮਝਣ ਵਾਲਿਆ! ਚੇਤੇ ਰੱਖੀਂ, ਇਹ ਪਾਣੀ ਨਹੀਂ, ਇਸ ਅੱਗ ਨੇ ਤੈਨੂੰ ਮੌਤ ਵੱਲ ਲੈ ਜਾਣਾ ਹੈ।

ਤੀਸਰੀ ਉਦਾਹਰਣ ਭਾਈ ਸਾਹਿਬ ਨੇ ਦਿਤੀ। ਕਹਿੰਦੇ ਹਨ, ਰਾਤ ਸੁਪਨੇ ਵਿਚ ਸੁੱਤੇ ਹਾਂ। ਜੇ ਰਾਜ-ਭਾਗ ਮਿਲ ਗਿਆ ਹੈ, ਰਾਤ ਤੂੰ ਹਕੂਮਤ ਕੀਤੀ ਹੈ ਤੇ ਸਵੇਰੇ ਕਿਸੇ ਦੇ ਘਰ ਵਿਚ ਨੌਕਰੀ ਕਰਦਾ ਹੋਵੇਂ ਤਾਂ ਰਾਤ ਦੇ ਸੁਪਨੇ 'ਤੇ ਯਕੀਨ ਕਰਕੇ ਸਵੇਰੇ ਕੰਮ ਕਰਨਾ ਨਾ ਛੱਡ ਦੇਵੀਂ। ਸੁਪਨੇ ਵਿਚ ਇਹ ਕੇਵਲ ਇਕ ਭਰਮ ਹੈ ਕਿ ਮੈਂ ਬਾਦਸ਼ਾਹ ਹਾਂ, ਪਰ ਜਦੋਂ ਅੱਖ ਖੁਲ੍ਹੇਗੀ ਤਾਂ ਤੈਨੂੰ ਉਹ ਮਜ਼ਦੂਰੀ ਕਰਨੀ ਪਵੇਗੀ ਜਿਹੜੀ ਕੱਲ ਕਰਦਾ ਪਿਆ ਸੀ। ਸੁਪਨਾ ਇਕ ਭਰਮ ਹੈ।

ਚੌਥੀ ਉਦਾਹਰਨ ਦਿਤੀ ਕਿ ਰੁੱਖ ਦੀ ਇਕ ਛਾਂ ਥੱਲੇ ਬੈਠੇ ਹਾਂ। ਕਹਿੰਦੇ ਹਨ, ਇਸ ਛਾਂ 'ਤੇ ਯਕੀਨ ਨਾ ਕਰ ਲਵੀਂ ਕਿ ਮੈਂ ਇਥੇ ਬੈਠਾ ਹਾਂ ਤੇ ਇਸ ਛਾਂ ਨੇ ਮੇਰੇ ਸਿਰ ਤੋਂ ਕਦੀ ਹਿੱਲਣਾ ਹੀ ਨਹੀਂ। ਭੁਲੇਖੇ ਵਿਚ ਪੈ ਜਾਵੇਂਗਾ। ਜਿਉਂ-ਜਿਉਂ ਸੂਰਜ ਨੇ ਢਲਣਾ ਹੈ, ਤਿਉਂ-ਤਿਉਂ ਛਾਂ ਨੇ ਤੈਨੂੰ ਛੱਡ ਕੇ ਚਲੇ ਜਾਣਾ ਹੈ। ਛਾਂ ਇਕ ਥਾਂ 'ਤੇ ਕਦੀ ਵੀ ਖਲੋਂਦੀ ਨਹੀਂ। ਇਸ ਉਤੇ ਯਕੀਨ ਕਰਨਾ ਇਕ ਭਰਮ ਹੈ।

ਭਾਈ ਸਾਹਿਬ ਨੇ ਇਕ ਪੰਜਵੀਂ ਉਦਾਹਰਨ ਦਿਤੀ ਕਹਿਣ ਲੱਗੇ ਕਿ ਅਸੀਂ ਪਿੰਡਾਂ ਥਾਵਾਂ 'ਤੇ ਦੇਖਦੇ ਆਏ ਸਾਂ ਕਿ ਮਦਾਰੀ ਨੇ ਖੇਡ ਖੇਡਣੀ। ਉਸ ਨੇ ਬੰਸਰੀ ਤੇ ਡਮਰੂ ਵਜਾਉਣਾ। ਬਾਜ਼ੀਗਰ ਨੇ ਦੇਖਦਿਆਂ-ਦੇਖਦਿਆਂ ਕੀਮਤੀ ਬਸਤਰ, ਕੀਮਤੀ ਭਾਂਡੇ, ਇਥੋਂ ਤਕ ਕਿ ਉਹ ਰੁਪਈਆਂ ਨੂੰ ਵੀ ਆਪਣੇ ਇਲਮ ਦੇ ਨਾਲ ਗ਼ਾਇਬ ਕਰ ਕੇ ਲੋਕਾਂ ਨੂੰ ਭੁਲੇਖਾ ਪਾਉਂਦਾ ਸੀ। ਜਦੋਂ ਖੇਡ ਖ਼ਤਮ ਹੋਣੀ ਤਾਂ ਉਦੋਂ ਕਹਿਣਾ ਕਿ ਜਿਸ-ਜਿਸ ਨੇ ਖੇਡ ਦੇਖੀ ਹੈ ਤਾਂ ਕ੍ਰਿਪਾ ਕਰਿਆ ਜੇ, ਮੈਂ ਬੱਚਿਆਂ ਦੀ ਰੋਟੀ ਦਾ ਪ੍ਰਬੰਧ ਕਰਨਾ ਹੈ, ਮੈਨੂੰ ਟਕਾ-ਟਕਾ ਦੇ ਕੇ ਜਾਣਾ। ਭਾਈ ਗੁਰਦਾਸ ਕਹਿੰਦੇ ਹਨ, ਜੇ ਪੁੱਛੀਏ ਕਿ ਸੱਜਣਾ! ਕੁਝ ਸਮਾਂ ਪਹਿਲਾਂ ਤੂੰ ਇੰਨਾ ਕੀਮਤੀ ਸਾਮਾਨ ਲੋਕਾਂ ਨੂੰ ਕੱਢ ਕੇ ਦਿਖਾਇਆ ਤੇ ਇਕ ਘੜੀ ਬਾਅਦ ਝੋਲੀ ਅੱਡ ਕੇ ਭਿਖਾਰੀ ਬਣ ਗਿਆ? ਕਹਿਣ ਲੱਗਾ, ਤੇਰੀਆਂ ਅੱਖਾਂ ਨੂੰ ਬਸ ਭੁਲੇਖਾ ਪਾਇਆ ਹੈ, ਪਰ ਜੋ ਕੁਝ ਦਿਸਦਾ ਹੈ, ਉਹ ਅਸਲੀਅਤ ਨਹੀਂ।

ਸਾਹਿਬ ਕਹਿੰਦੇ ਹਨ, ਭਾਦਰੋਂ ਦੇ ਮਹੀਨੇ ਵਿਚ ਇਹੀ ਤਾਂ ਭਰਮ ਪੈ ਗਿਆ ਹੈ। ਬੱਦਲਾਂ ਨੂੰ ਘਰ ਸਮਝੀ ਬੈਠਾ ਹੈ। ਚਮਕਦੀ ਰੇਤ ਨੂੰ ਪਾਣੀ ਸਮਝੀ ਬੈਠਾ ਹੈ। ਸੁਪਨੇ ਨੂੰ ਸੱਚ ਸਮਝੀ ਬੈਠਾ ਹੈ। ਨਾਮ ਨੂੰ ਤਿਆਗ ਕੇ ਪਦਾਰਥਾਂ ਉਤੇ ਯਕੀਨ ਕਰ ਲੈਣਾ ਕਿ ਇਹ ਮੇਰੇ ਨਾਲ ਨਿਭਣ ਵਾਲੇ ਹਨ, ਸਾਹਿਬ ਕਹਿੰਦੇ ਹਨ ਕਿ ਇਹ ਦੂਜੇ ਨਾਲ ਹੇਤ ਹੈ। ਜਿਹੜਾ ਦੁਬਿਧਾ ਵਿਚ ਪੈ ਜਾਵੇ, ਪਿਆਰਿਉ! ਕੀ ਉਸ ਨੂੰ ਕਦੀ ਮੰਜ਼ਿਲ ਮਿਲ ਸਕਦੀ ਹੈ? ਭਾਈ ਸਾਹਿਬ ਜੀ ਨੂੰ ਕਿਸੇ ਨੇ ਪੁੱਛਿਆ ਕਿ ਦੂਜਾ ਹੇਤੁ ਕੀ ਹੈ? ਭਾਈ ਗੁਰਦਾਸ ਜੀ ਕਹਿੰਦੇ ਹਨ ਕਿ ਜਦੋਂ ਤੂੰ ਚਿਹਰਾ ਦੇਖਦਾ ਹੈਂ ਅਤੇ ਸ਼ੀਸ਼ਾ ਠੀਕ ਤੇਰੇ ਸਾਮ੍ਹਣੇ ਹੋਵੇ, ਇਕ ਸ਼ੀਸ਼ੇ ਵਿਚ ਦੇਖੇਂਗਾ ਤਾਂ ਕੇਵਲ ਤੇਰਾ ਇਕ ਚਿਹਰਾ ਹੀ ਨਜ਼ਰ ਆਵੇਗਾ। ਜੇ ਤੂੰ ਸ਼ੀਸ਼ਾ ਅੱਗੇ ਤੇ ਇਕ ਸ਼ੀਸ਼ਾ ਪਿੱਛੇ ਰੱਖ ਕੇ ਵੇਖਣ ਲਗ ਪਵੇਂ ਤਾਂ ਸਰੀਰ ਇਕ ਹੀ ਹੈ, ਪਰ ਇਕ ਚਿਹਰੇ ਦੇ ਕਈ ਹੋਰ ਚਿਹਰੇ ਨਜ਼ਰ

ਆਉਣਗੇ। ਕਹਿਣ ਲੱਗੇ ਕਿ ਜੇ ਕਿਸੇ ਇਕ ਦਾ ਹੋ ਜਾਵੇਂਗਾ ਤਾਂ ਮਨ ਇਕਾਗਰਤਾ ਵਿਚ ਆ ਜਾਵੇਗਾ। ਜੇ ਕਿਸੇ ਦੁਬਿਧਾ ਵਿਚ ਪੈ ਗਿਆ ਤਾਂ ਪਤਾ ਨਹੀਂ ਇਕ ਹੀ ਮਨ ਵਿਚ ਕਿੰਨੇ ਫੁਰਨੇ ਤੈਨੂੰ ਸਵਾਹ ਕਰ ਦੇਣਗੇ। ਇਕ ਬੇੜੀ 'ਤੇ ਚੜ੍ਹੇਂਗਾ ਤਾਂ ਕਿਨਾਰਾ ਮਿਲ ਜਾਵੇਗਾ। ਜੇ ਖੱਬਾ ਪੈਰ ਇਕ ਬੇੜੀ 'ਤੇ ਅਤੇ ਸੱਜਾ ਪੈਰ ਇਕ ਬੇੜੀ 'ਤੇ ਹੈ ਤਾਂ ਕਦੀ ਵੀ ਮੰਜ਼ਿਲ 'ਤੇ ਨਹੀਂ ਪਹੁੰਚ ਪਾਵੇਂਗਾ।

ਮਨੁੱਖ ਕਿਤੇ ਫਸ ਗਿਆ, ਕਿਤੇ ਚਿੱਕੜ ਵਿਚ ਡਿੱਗ ਗਿਆ, ਆਵਾਜ਼ ਦੇ ਕੇ ਕਿਸੇ ਨੂੰ ਕਹੇ ਕਿ ਮੇਰਾ ਹੱਥ ਪਕੜ ਕੇ ਕੱਢ ਦਿਉ। ਹੁਣ ਇਕ ਤਾਂ ਸੱਜਿਉਂ ਬਾਂਹ ਪਕੜ ਕੇ ਖਿੱਚੇ, ਦੂਸਰਾ ਖੱਬੀ ਬਾਂਹ ਪਕੜ ਕੇ ਖਿੱਚੇ ਤਾਂ ਕਹਿਣ ਲੱਗੇ ਕਿ ਇਸ ਤਰ੍ਹਾਂ ਡੁੱਬੇ ਹੋਏ ਨਿਕਲਦੇ ਨਹੀਂ। ਜੇ ਚਿੱਕੜ ਵਿਚੋਂ ਨਿਕਲਣਾ ਹੈ ਤਾਂ ਬਾਂਹ ਸਿਰਫ਼ ਇਕ ਨੂੰ ਹੀ ਪਕੜਾਵੀਂ, ਉਹ ਤਾਂ ਤੈਨੂੰ ਫੜ ਕੇ ਜ਼ਰੂਰ ਖਿੱਚੇਗਾ। ਜੇ ਸੱਜੇ-ਖੱਬੇ ਬਾਹਵਾਂ ਪਕੜਵਾ ਲਈਆਂ ਤਾਂ ਸੱਜਣਾ, ਹੱਥ ਟੁੱਟ ਜਾਣਗੇ, ਪਰ ਉਸ ਚਿੱਕੜ ਵਿਚੋਂ ਨਿਕਲੇਗਾ ਨਹੀਂ। ਇਕ ਸਾਈਂ ਨੂੰ ਛੱਡ ਕੇ ਦੂਸਰੇ ਸਾਈਂ ਨਾਲ ਮਿਲਣ ਵਾਲੇ ਦੀ ਮੰਜ਼ਿਲ ਕਿੱਥੇ? ਭਾਈ ਸਾਹਿਬ ਕਹਿੰਦੇ ਹਨ, ਪਿਆਰਿਆ! ਹੁਣ ਬੰਦਾ ਕੁਰਸਤੇ ਪੈ ਗਿਆ ਹੈ। ਜਾਣਾ ਟਿਕਾਣੇ 'ਤੇ ਹੈ, ਪਰ ਕੁਰਸਤਾ ਆ ਗਿਆ। ਜਦੋਂ ਅਸੀਂ ਸਫਰ ਕਰਦੇ ਹਾਂ ਤਾਂ ਕੁਰਸਤੇ ਤੋਂ ਮੁੜਦਿਆਂ ਸਿਰਫ ਇਕ ਮਿੰਟ ਲਗਦਾ ਹੈ। ਕਹਿਣ ਲੱਗੇ ਕਿ ਮਿੰਟ ਦਾ ਮੁੜਿਆ ਹੋਇਆ ਬੰਦਾ ਜੇਕਰ ਸਹੀ ਦਿਸ਼ਾ ਨਾ ਮਿਲੇ ਤਾਂ ਉਹ ਕਿੰਨੇ ਮੀਲ ਭਟਕ ਜਾਂਦਾ ਹੈ। ਹੁਣ ਇਕ ਬੰਦਾ ਕਿਤੇ ਅੱਗੇ ਨਿਕਲ ਜਾਵੇ ਅਤੇ ਉਸ ਨੇ ਪਲਟ ਕੇ ਆਉਣਾ ਹੋਵੇ ਤਾਂ ਕਿੰਨਾ ਸਫ਼ਰ ਕਰਨਾ ਪਵੇਗਾ। ਕਹਿਣ ਲੱਗੇ ਕਿ ਦੇਖੀਂ, ਜੇ ਇਕ ਨੂੰ ਛੱਡ ਕੇ ਦੂਸਰਾ ਵੇਖ ਕੇ ਪੈਰ ਪੁੱਟ ਲਿਆ ਤਾਂ ਪਤਾ ਨਹੀਂ ਕਿੰਨੇ ਜਨਮ ਲੱਗ ਜਾਣਗੇ ਪਲਟ ਕੇ ਆਉਣ ਲਈ।

ਦੇਸ਼ ਵਿਚ ਇਕ ਹੋਵੇ ਬਾਦਸ਼ਾਹ ਅਤੇ ਪਿੰਡ ਵਿਚ ਇਕ ਹੋਵੇ ਚੌਧਰੀ ਤਾਂ ਪਿੰਡ ਦੀ ਪਰਜਾ ਦਾ ਭਲਾ ਹੋ ਸਕਦਾ ਹੈ, ਪਰ ਜੇ ਕਿਤੇ ਪਿੰਡ ਵਿਚ ਦੋ ਰਾਜੇ ਹੋਣ, ਦੋ ਬਾਦਸ਼ਾਹ ਆਪਸ ਵਿਚ ਲੜਦੇ ਹੋਣ ਤਾਂ ਉਸ ਪਿੰਡ ਦੇ ਲੋਕ ਕਦੀ ਵੀ ਸਕੂਨ ਨਾਲ ਨਹੀਂ ਬੈਠ ਸਕਦੇ। ਦੋਹਾਂ ਨੇ ਆਪਣਾ-ਆਪਣਾ ਹੱਕ ਜਤਾਉਣਾ ਹੈ। ਉਥੋਂ ਦੇ ਰਹਿਣ ਵਾਲੇ ਲੋਕ ਦੁਖੀ ਹੋ ਜਾਣਗੇ। ਸਾਹਿਬ ਕਹਿਣ ਲੱਗੇ ਕਿ ਸੁਹਾਗਣ ਉਹ ਹੈ ਜਿਸ ਨੂੰ ਇਕ ਸਾਂਈਂ 'ਤੇ ਯਕੀਨ ਹੈ। ਸਾਹਿਬ ਕਹਿਣ ਲੱਗੇ -

*ਲਖ ਸੀਗਾਰ ਬਣਾਇਆ ਕਾਰਜਿ ਨਾਹੀ ਕੇਤੁ॥*

ਅਸੀਂ ਇਸ ਦਾ ਅਰਥ ਸਰੀਰ ਦੀ ਚਮੜੀ ਉਤੇ ਸ਼ਿੰਗਾਰ ਕਰਨਾ ਨਹੀਂ ਕਰਾਂਗੇ। ਇਸ ਦਾ ਅੱਖਰੀ ਅਰਥ ਇਹ ਹੈ ਕਿ ਜੇ ਕੋਈ ਲੱਖਾਂ ਸ਼ਿੰਗਾਰ ਕਰ ਲਵੇ ਤਾਂ ਤੇਰੇ ਕਿਸੇ ਅਰਥ ਨਹੀਂ।

ਪੰਡਿਤ ਜੀ ਨੇ ਜਨੇਊ ਪਾਇਆ ਤੇ ਧੰਨ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਸਾਮ੍ਹਣੇ ਆਇਆ ਤੇ ਕਹਿਣ ਲੱਗਾ, ਮੈਂ ਬਿਲਕੁਲ ਧਰਮੀ ਹਾਂ। ਮੇਰੇ ਗੁਰੂ ਸਾਹਿਬ ਕਹਿਣ ਲੱਗੇ, ਕਿਉਂ? ਕਹਿੰਦਾ ਹੈ, ਮੈਂ ਜਨੇਊ ਪਾਇਆ ਹੈ। ਪਿਆਰਿਉ! ਦੂਜੇ ਨੂੰ ਕਹਿਣਾ ਬੜਾ ਆਸਾਨ ਹੈ। ਕਿਤੇ ਮਨਾ! ਆਪਣੇ ਮਨ ਅੰਦਰ ਝਾਤੀ ਮਾਰ ਕੇ ਦੇਖੀਂ, ਤੂੰ ਕਿਤੇ ਭੇਖ ਤਾਂ ਨਹੀਂ ਲਈ ਬੈਠਾ। ਸਾਹਿਬ ਕਹਿਣ ਲੱਗੇ, ਪਿਆਰਿਆ! ਤੇਰਾ ਇਹ ਸ਼ਿੰਗਾਰ ਕਿਸੇ ਅਰਥ ਨਹੀਂ। ਬਾਬਾ ਫ਼ਰੀਦ ਜੀ ਕਹਿੰਦੇ ਹਨ, ਮਾਲਕਾ! ਮੇਰਾ ਸ਼ਿੰਗਾਰ ਦੇਖ ਕੇ ਲੋਕ ਕਹਿੰਦੇ ਹਨ ਕਿ ਮੈਂ ਫ਼ਕੀਰ ਹਾਂ, ਪਰ ਮੇਰੇ ਅੰਦਰ ਨੂੰ ਕੋਈ ਦੇਖੇ ਤਾਂ ਸਮਝ ਪੈ ਜਾਵੇ ਕਿ ਇਕੱਲਾ ਸ਼ਿੰਗਾਰ ਹੀ ਹੈ, ਮੇਰਾ ਅੰਦਰ ਖਾਲੀ ਹੈ। ਸਾਹਿਬ ਕਹਿੰਦੇ ਹਨ, ਜੋ ਪਹਿਨਦਾ ਹੈਂ, ਉਸ ਦੇ ਅੰਦਰ ਕਮਾਈ ਵੀ ਹੋਵੇ।

ਗੁਰਮੁਖੋ! ਸਾਹਿਬ ਸੱਚੇ ਪਾਤਿਸ਼ਾਹ ਨੇ ਰਹਿਤ ਦਿਤੀ ਹੈ। ਸਤਿਗੁਰੂ ਨੇ ਕਕਾਰਾਂ ਦੀ ਦਾਤ ਦਿਤੀ ਹੈ, ਪਰ ਨਾਲ ਹੀ ਇਕ ਗੱਲ ਕਹੀ ਹੈ ਕਿ ਇਹ ਕਕਾਰ ਤੇਰੀ ਸੁਰੱਖਿਆ ਲਈ ਹਨ। ਇਹ ਤੇਰੇ ਚਾਰ ਚੁਫੇਰੇ ਵਾੜ ਹੈ। ਵਾੜ ਉਥੇ ਚੰਗੀ ਲਗਦੀ ਹੈ, ਜਿਸ ਖੇਤ ਦੇ ਅੰਦਰ ਫ਼ਸਲ ਹੋਵੇ।

*ਲਖ ਸੀਗਾਰ ਬਣਾਇਆ ਕਾਰਜਿ ਨਾਹੀ ਕੇਤੁ॥*

ਲੱਖਾਂ ਸ਼ਿੰਗਾਰ ਕੀਤੇ, ਪਰ ਕਿਸੇ ਅਰਥ ਨਹੀਂ ਹਨ ਜੇ ਸਾਈਂ ਨਾਲ ਨੇਹ ਨਹੀਂ। ਸੌ ਸਾਖੀ ਵਿਚ ਗੁਰਦੇਵ ਦਾ ਇਕ ਪਵਿੱਤਰ ਬਚਨ ਆਉਂਦਾ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਜਿੱਥੇ ਬੀਰ ਰਸ, ਕਾਵਿ ਰਸ, ਬੈਰਾਗ ਰਸ ਵਿਚ ਕੌਤਕ ਕੀਤੇ, ਉਥੇ ਸੱਚੇ ਪਾਤਿਸ਼ਾਹ ਨੇ ਹਾਸ-ਰਸ ਦੇ ਕੌਤਕ ਵੀ ਕਰਨੇ ਅਤੇ ਉਹਨਾਂ ਕੌਤਕਾਂ ਵਿਚੋਂ ਵੀ ਗੁਰਮਤਿ ਦਾ ਉਪਦੇਸ਼ ਝਲਕਣਾ। ਹਜ਼ੂਰ ਦੇ ਚਰਨਾਂ ਵਿਚ ਕੀਰਤਨੀਏ ਆਏ। ਜਦੋਂ ਉਹਨਾਂ ਸ਼ਬਦ ਪੜ੍ਹਨਾ ਤਾਂ ਰੋ ਪੈਣਾ, ਕਥਾ ਕਰਨੀ ਤਾਂ ਰੋ ਪੈਣਾ। ਐ ਸ੍ਰੀ ਗੁਰੂ ਗੋਬਿੰਦ ਸਿੰਘ ਜੀ! ਸਾਡੇ ਵਰਗਾ ਨੇਹ ਪਤਾ ਨਹੀਂ ਕਿਸੇ ਦੇ ਦਿਲ ਵਿਚ ਹੋਵੇ ਕਿ ਨਾ। ਸਾਹਿਬ ਨੇ ਇਕ ਦਿਨ ਪਹਿਰੇਦਾਰ ਨੂੰ ਕਿਹਾ ਕਿ ਜਿਹੜੇ ਸੱਜਣ ਰੋਜ਼ ਆ ਕੇ ਕਹਿੰਦੇ ਹਨ, ਇਹ ਜਦੋਂ ਜਾਣ ਲੱਗਣ ਤਾਂ ਸਾਡੀ ਆਗਿਆ ਤੋਂ ਬਿਨਾਂ ਇਹਨਾਂ ਨੂੰ ਆਨੰਦਪੁਰ ਸਾਹਿਬ ਤੋਂ ਬਾਹਰ ਜਾਣ ਨਹੀਂ ਦੇਣਾ। ਕੁਝ ਦਿਨ ਰਹੇ। ਹੁਣ ਅੰਦਰ ਪਰਿਵਾਰ ਦੇ ਮੋਹ ਦੀ ਤੰਦ ਨੇ ਖਿੱਚ ਪਾਈ। ਸੌ ਸਾਖੀ ਵਾਲਾ ਕਹਿੰਦਾ ਹੈ ਕਿ ਇਕ ਦਿਨ ਉਹ ਤੁਰਨ ਲੱਗੇ। ਸਾਮਾਨ ਬੰਨ੍ਹਿਆ, ਨਮਸਕਾਰ ਕੀਤੀ ਤੇ ਜਦੋਂ ਦਰਵਾਜ਼ੇ ਦੇ ਕੋਲ ਗਏ ਤਾਂ ਪਹਿਰੇਦਾਰ ਨੇ ਕਿਹਾ, ਤੁਸੀਂ ਵਾਪਿਸ

ਚੱਲੋ ਕਿਉਂਕਿ ਸਤਿਗੁਰੂ ਦੀ ਆਗਿਆ ਤੋਂ ਬਿਨਾਂ ਤੁਸੀਂ ਆਨੰਦਪੁਰ ਸਾਹਿਬ ਤੋਂ ਬਾਹਰ ਨਹੀਂ ਜਾ ਸਕਦੇ। ਕਈ ਦਿਨ ਬੀਤ ਗਏ। ਹੁਣ ਅੰਦਰ ਪਰਿਵਾਰ ਦੇ ਮੋਹ ਨੇ ਸਤਾਇਆ। ਉਹਨਾਂ ਵਿਚੋਂ ਇਕ ਨੇ ਕਿਹਾ ਕਿ ਇਕ ਕੰਮ ਕਰੋ, ਇਸ ਤਰ੍ਹਾਂ ਤਾਂ ਜਾਇਆ ਨਹੀਂ ਜਾਣਾ, ਇਕ ਜਣੇ ਨੂੰ ਫੱਟੇ ਉਤੇ ਪਾਉ ਤੇ ਕਹਿ ਦੇਵਾਂਗੇ ਕਿ ਸਿੱਖ ਠੀਕ ਨਹੀਂ ਸੀ ਤੇ ਚਲਾਣਾ ਕਰ ਗਿਆ ਹੈ। ਇਸ ਨੂੰ ਫੱਟੇ ਉਤੇ ਪਾਉ ਤੇ ਉਪਰ ਚਾਦਰ ਪਾ ਕੇ ਸ਼ਬਦ ਪੜ੍ਹਦੇ ਜਾਵਾਂਗੇ –

*ਸੇਵਕ ਕੀ ਓੜਕਿ ਨਿਬਹੀ ਪ੍ਰੀਤ॥*
*ਜੀਵਤ ਸਾਹਿਬੁ ਸੇਵਿਓ ਅਪਨਾ ਚਲਤੇ ਰਾਖਿਓ ਚੀਤਿ॥*
*ਅੰਗ – ੧੦੦੦*

ਇਸ ਦੇ ਬਹਾਨੇ ਸ਼ਹਿਰ ਤੋਂ ਬਾਹਰ ਨਿਕਲ ਜਾਵਾਂਗੇ ਤੇ ਬਾਹਰ ਜਾ ਕੇ ਫੱਟੇ ਨੂੰ ਖੋਲ੍ਹ ਦੇਵਾਂਗੇ। ਉਹਨਾਂ ਫੱਟੇ ਉਤੇ ਇਕ ਸੱਜਣ ਨੂੰ ਪਾਇਆ। ਉਪਰ ਚਿੱਟਾ ਬਸਤਰ ਤੇ ਨਾਲ-ਨਾਲ ਗਾਈ ਜਾਣ। ਸ੍ਰੀ ਗੁਰੂ ਗੋਬਿੰਦ ਸਿੰਘ ਪਾਤਿਸ਼ਾਹ ਸਾਮ੍ਹਣੇ ਆ ਗਏ। ਕਹਿਣ ਲੱਗੇ, ਕੀ ਹੋਇਆ? ਕਹਿਣ ਲੱਗੇ, ਦਾਤਾ! ਤੇਰੇ ਅਨਿੰਨ ਸਿੱਖ ਸੀ। ਰਾਤ ਚਲਾਣਾ ਕਰ ਗਿਆ। ਇਸ਼ਨਾਨ ਕਰਵਾਇਆ ਹੈ ਤੇ ਸਸਕਾਰ ਲਈ ਬਾਹਰ ਚੱਲੇ ਹਾਂ। ਸਾਹਿਬ ਰੁੱਕ ਗਏ, ਕਹਿਣ ਲੱਗੇ, ਇੰਨੀ ਭਾਵਨਾ ਵਾਲਾ ਹੈ, ਫਿਰ ਇਸ ਦੀ ਚਿੱਖਾ ਸਾਡੀਆਂ ਅੱਖਾਂ ਦੇ ਸਾਹਮਣੇ ਬਣਾਉ। ਬਾਹਰ ਕਿਉਂ ਬਣਾਉਂਦੇ ਹੋ? ਹੁਣ ਜਿਹੜਾ ਵਿਚਾਰਾ ਕੱਪੜੇ ਵਿਚ ਲਪੇਟਿਆ ਹੋਇਆ ਸੀ, ਉਸ ਨੇ ਕਿਹਾ ਕਿ ਹੁਣ ਬਣੇਗਾ ਕੀ? ਚਿੱਖਾ ਬਣਾਈ, ਪਰ ਬੋਲਿਆ ਨਹੀਂ। ਜਦੋਂ ਉਸ ਨੂੰ ਉਪਰ ਪਾਉਣ ਲੱਗੇ ਤਾਂ ਇਕ ਦਮ ਉਠ ਪਿਆ। ਕਹਿਣ ਲੱਗਾ, ਮਹਾਰਾਜ! ਤੁਸੀਂ ਜਾਣ ਨਹੀਂ ਸੀ ਦਿੰਦੇ, ਇਸ ਲਈ ਤੁਹਾਨੂੰ ਭੁਲੇਖੇ ਵਿਚ ਪਾ ਕੇ ਨਿਕਲਣ ਲੱਗੇ ਸੀ। ਅੱਗੋਂ ਆਪਣੀ ਗਲਤੀ ਨਾ ਮੰਨੀ। ਕਹਿਣ ਲੱਗੇ, ਮਹਾਰਾਜ! ਜੇ ਅਸੀਂ ਚੱਲੇ ਸੀ ਤਾਂ ਗੁਰੂ ਦਾ ਕੰਮ ਹੈ ਕਿ ਪਰਦੇ ਪਾਉਣਾ, ਪਰ ਤੁਸੀਂ ਤਾਂ ਸਾਡਾ ਪਰਦਾ ਪਾੜ ਦਿਤਾ। ਕਿਉਂ? ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕਹਿੰਦੇ ਹਨ, ਗੁਰੂ ਦਾ ਕੰਮ ਪਰਦੇ ਪਾਉਣਾ ਹੈ, ਪਰ ਜੇ ਅੱਜ ਤੁਸੀਂ ਨਿਕਲ ਜਾਂਦੇ ਤਾਂ ਮਨੁੱਖਾ ਜਨਮ ਤੁਹਾਨੂੰ ਬੜੀ ਮੁਸ਼ਕਿਲ ਨਾਲ ਮਿਲਿਆ ਹੈ। ਤੁਸੀਂ ਘਰ ਜਾ ਕੇ ਕਹਿਣਾ ਸੀ ਕਿ ਜਿਹੋ ਜਿਹਾ ਗੁਰੂ ਉਹੋ ਜਿਹੇ ਅਸੀਂ, ਜਿਹੋ ਜਿਹੇ ਅਸੀਂ, ਉਹੋ ਜਿਹਾ ਗੁਰੂ। ਜੇ ਗੁਰੂ ਸੱਚਾ ਹੁੰਦਾ ਤਾਂ ਸਾਨੂੰ ਰੋਕ ਲੈਂਦਾ। ਹਜ਼ੂਰ ਕਹਿਣ ਲੱਗੇ–

*ਜਿਤੁ ਦਿਨਿ ਦੇਹ ਬਿਨਸਸੀ ਤਿਤੁ ਵੇਲੈ ਕਹਸਨਿ ਪ੍ਰੇਤ॥*

ਸਤਿਗੁਰੂ ਕਹਿੰਦੇ ਹਨ, ਜਿਸ ਦਿਨ ਇਸ ਸਰੀਰ ਨੇ ਬਿਨਸਨਾ ਹੈ ਉਸ ਵੇਲੇ ਤੈਨੂੰ ਮੁਰਦਾ ਕਰਾਰ ਕੀਤਾ ਜਾਵੇਗਾ। ਜਿਹੜੇ ਤੈਨੂੰ ਕੱਲ੍ਹ ਤੱਕ ਜੀਉਂਦਾ ਕਹਿ ਕੇ, ਆਪਣਾ-ਆਪਣਾ ਕਹਿ ਕੇ ਤੇਰੇ ਨੇੜੇ ਲਗਦੇ ਸਨ, ਜਿਸ ਦਿਨ ਮੌਤ ਹੋਈ, ਤਨ ਬਿਨਸਿਆ ਤਾਂ ਸਾਹਿਬ ਕਹਿੰਦੇ ਹਨ, ਇਕ ਗੱਲ ਹੋਰ ਚੇਤੇ ਰੱਖੀਂ, ਗੁਰਮੁਖਾ! ਜਦੋਂ ਤੂੰ ਘਰੋਂ ਜਾਂਦਾ ਹੈਂ ਤੇ ਤੁਰਨ ਲੱਗਿਆਂ ਕਹਿੰਦਾ ਹੈਂ ਕਿ ਮੈਂ ਇੰਨੇ ਸਮੇਂ ਤਕ ਆਪਣੀ ਮੰਜ਼ਿਲ 'ਤੇ ਪਹੁੰਚ ਜਾਵਾਂਗਾ, ਪਰ ਜਿਸ ਦਿਨ ਮੌਤ ਆਈ ਤਾਂ ਦਸ ਕੇ ਜਾਣਾ ਕਿ ਮੈਂ ਚੱਲਿਆ ਹਾਂ ਤੇ ਕਿੱਥੇ ਚੱਲਿਆ ਹਾਂ।

*ਪਕੜਿ ਚਲਾਇਨਿ ਦੂਤ ਜਮ ਕਿਸੈ ਨ ਦੇਨੀ ਭੇਤ॥*

ਉਹਨਾਂ ਨੇ ਕਿਸੇ ਨੂੰ ਇਹ ਭੇਤ ਦੱਸਿਆ ਨਹੀਂ ਕਿ ਅਸੀਂ ਇਸ ਨੂੰ ਕਿੱਥੇ ਲੈ ਕੇ ਚੱਲੇ ਹਾਂ। ਪਿਆਰਿਆ! ਚੇਤੇ ਰੱਖੀਂ –

*ਛਡਿ ਖੜੋਤੇ ਖਿਨੈ ਮਾਹਿ ਜਿਨ ਸਿਉ ਲਗਾ ਹੇਤੁ॥*

ਜਿਸ ਨੂੰ ਤੂੰ ਨੇਹ ਕੀਤਾ ਸੀ, ਇਕ ਖਿਨ ਲੱਗਾ ਤੇ ਸਾਰੇ ਛੱਡ ਕੇ ਪਰ੍ਹੇ ਹੋ ਗਏ। ਜਿਨ੍ਹਾਂ ਨਾਲ ਹੇਤ ਲੱਗਾ, ਉਹਨਾਂ ਨੇ ਇਕ ਕੰਮ ਹੋਰ ਕੀਤਾ। ਜਿਨ੍ਹਾਂ ਨੂੰ ਆਪਣੇ ਕਹਿੰਦਾ ਸੀ, ਉਹੀ ਚੁੱਕ ਕੇ ਲੈ ਗਏ, ਪਰ ਜਦੋਂ ਮੌਤ ਮਨਮੁਖ ਦੀ ਆਵੇ –

*ਹਥ ਮਰੋੜੈ ਤਨੁ ਕਪੇ*

ਮੌਤ ਇੰਨੀ ਖ਼ਤਰਨਾਕ ਹੈ ਕਿ ਹੱਥ ਮੁੜ ਗਏ, ਤਨ ਕੰਬਣ ਲਗ ਗਿਆ –

*ਸਿਆਹਹੁ ਹੋਆ ਸੇਤੁ॥*

ਜਿਨ੍ਹਾਂ ਦਾ ਤਨ ਪਹਿਲਾਂ ਕਾਲਾ ਸੀ ਜਾਂ ਹੋਰ ਰੰਗ ਦਾ ਸੀ, ਮੌਤ ਆਈ ਤਾਂ ਚਿੱਟਾ ਹੋ ਗਿਆ। ਫਿਰ ਜਿਸ ਮਨੁੱਖ ਨੇ ਕਰਮ ਕੀਤੇ, ਉਸ ਦਾ ਅੱਗੇ ਕੀ ਬਣੇਗਾ? ਸਾਹਿਬ ਕਹਿਣ ਲੱਗੇ –

*ਜੇਹਾ ਬੀਜੈ ਸੋ ਲੁਣੈ*

ਜੋ ਕੁਝ ਤੂੰ ਬੀਜਿਆ ਸੀ, ਉਹ ਵੱਢ ਲਿਆ।

*ਕਰਮਾ ਸੰਦੜਾ ਖੇਤੁ॥*

ਇਸ ਸਰੀਰ ਖੇਤ ਵਿਚ ਜਿਹੋ ਜਿਹੇ ਕਰਮਾਂ ਦਾ ਬੀਜ ਪਾਇਆ ਸੀ, ਉਹੀ ਮਿਲਿਆ। ਫਿਰ ਪਿਆਰਿਆ–

*ਕਰਮੀ ਆਪੋ ਆਪਣੀ ਕੈ ਨੇੜੈ ਕੇ ਦੂਰਿ॥*

ਹੁਣ ਅਸੀਂ ਕਹਾਂਗੇ ਕਿ ਇਥੋਂ ਤਕ ਤਾਂ ਸਿਰਫ਼ ਨਿਰਾਸਤਾ ਹੀ ਪੱਲੇ ਪਈ। ਸਤਿਗੁਰੂ ਨੇ ਕਿਹਾ, ਇੰਨਾ ਉਦਾਸ ਨਾ ਹੋਵੀਂ। ਤੇਰੇ ਕੋਲ ਅਜੇ ਚਾਰ ਦਿਨ ਸਮਾਂ ਹੈ। ਇਹ ਕੰਮ ਕਰ ਲੈ –

*ਨਾਨਕ ਪ੍ਰਭ ਸਰਣਾਗਤੀ*

ਜਿਹੜੇ ਮਨੁੱਖ ਪ੍ਰਮਾਤਮਾ ਦੇ ਚਰਨਾਂ ਦੀ ਸ਼ਰਨ ਵਿਚ ਚਲੇ ਜਾਣ –

*ਚਰਣ ਬੋਹਿਥ ਪ੍ਰਭ ਦੇਤੁ॥*

ਲੋਕ ਕਹਿੰਦੇ ਹਨ ਕਿ ਸੰਸਾਰ ਸਮੁੰਦਰ ਡੋਬਦਾ ਹੈ ਤੇ ਜੇ ਅੱਜ ਵੀ ਤੂੰ ਆਪਣੇ ਨੂੰ ਜਹਾਜ਼ ਸਮਝ ਕੇ ਉਸ

*(ਪੰਨਾ 6 ਦੀ ਬਾਕੀ)*

ਦੇ ਚਰਨਾਂ ਨਾਲ ਜੁੜ ਜਾਵੇਂ ਤਾਂ ਉਹ ਤੈਨੂੰ ਡੁੱਬਣ ਨਹੀਂ ਦੇਵੇਗਾ।

*ਸੇ ਭਾਦੁਇ ਨਰਕਿ ਨ ਪਾਈਅਹਿ*

ਭਾਦੋਂ ਦੇ ਮਹੀਨੇ ਵਿਚ ਉਹ ਕਦੀ ਵੀ ਨਰਕ ਵਿਚ ਨਹੀਂ ਡੁੱਬਣਗੇ। ਕੌਣ? ਸਾਹਿਬ ਕਹਿਣ ਲੱਗੇ -

*ਗੁਰੁ ਰਖਣ ਵਾਲਾ ਹੇਤੁ॥*

ਜਿਨ੍ਹਾਂ ਨੂੰ ਰੱਖਣ ਵਾਲਾ ਗੁਰੂ ਹੈ, ਫਿਰ ਉਹਨਾਂ ਨੂੰ ਭਾਦੋਂ ਦੇ ਮਹੀਨੇ ਦੀ ਭਟਕਣਾ ਅਤੇ ਉਸ ਨੂੰ ਗੁਰੂ ਨਰਕ ਵਿਚ ਪੈਣ ਨਹੀਂ ਦਿੰਦਾ, ਪਰ ਇਕ ਗੱਲ ਜ਼ਰੂਰੀ ਹੈ। ਸੁਖਮਨੀ ਸਾਹਿਬ ਜੀ ਦਾ ਪਾਠ ਅਸੀਂ ਕਰਦੇ ਹਾਂ -

*ਸਤਿਗੁਰੁ ਸਿਖ ਕੀ ਕਰੈ ਪ੍ਰਤਿਪਾਲ॥*
*ਸੇਵਕ ਕਉ ਗੁਰੁ ਸਦਾ ਦਇਆਲ॥*
*ਸਿਖ ਕੀ ਗੁਰੁ ਦੁਰਮਤਿ ਮਲੁ ਹਿਰੈ॥*
*ਗੁਰ ਬਚਨੀ ਹਰਿ ਨਾਮੁ ਉਚਰੈ॥*

ਇਸ ਵਿਚ ਕੇਵਲ ਗੁਰੂ ਜੀ ਦੀ ਸਿਫ਼ਤ ਹੈ ਕਿ ਗੁਰੂ ਜੀ ਕੀ ਕਰਦੇ ਹਨ -

*ਸਤਿਗੁਰੁ ਸਿਖ ਕਾ ਹਲਤੁ ਪਲਤੁ ਸਵਾਰੈ॥*
*ਨਾਨਕ ਸਤਿਗੁਰੁ ਸਿਖ ਕਉ ਜੀਅ ਨਾਲਿ ਸਮਾਰੈ॥*
*ਅੰਗ- ੨੮੬*

ਅਗਲਾ ਪਦਾ ਪੜ੍ਹਿਉ, ਕਹਿਣ ਲੱਗੇ ਸਿੱਖ ਕੀ ਕਰਦਾ ਹੈ। ਕਿਸ ਨੂੰ ਗੁਰੂ ਨਾਮ ਦਿੰਦਾ ਹੈ? ਕਿਸ ਦੀ ਗੁਰੂ ਸਹਾਇਤਾ ਕਰਦਾ ਹੈ?

*ਗੁਰ ਕੈ ਗ੍ਰਿਹਿ ਸੇਵਕੁ ਜੋ ਰਹੈ॥*

ਪਿਆਰਿਆ! ਜਿਹੜਾ ਗੁਰੂ ਦੇ ਚਰਨਾਂ ਨਾਲ ਲੱਗਿਆ ਹੈ -

*ਗੁਰ ਕੀ ਆਗਿਆ ਮਨ ਮਹਿ ਸਹੈ ॥*
*ਆਪਸ ਕਉ ਕਰਿ ਕਛੁ ਨ ਜਨਾਵੈ ॥*
*ਹਰਿ ਹਰਿ ਨਾਮੁ ਰਿਦੈ ਸਦ ਧਿਆਵੈ ॥*
*ਮਨੁ ਬੇਚੈ ਸਤਿਗੁਰ ਕੈ ਪਾਸਿ ॥*
*ਤਿਸੁ ਸੇਵਕ ਕੇ ਕਾਰਜ ਰਾਸਿ ॥*
*ਸੇਵਾ ਕਰਤ ਹੋਇ ਨਿਹਕਾਮੀ ॥*
*ਤਿਸ ਕਉ ਹੋਤ ਪਰਾਪਤਿ ਸੁਆਮੀ ॥ ਅੰਗ- ੨੮੬*

ਜੇ ਗੁਰੂ ਜੀ ਕ੍ਰਿਪਾ ਕਰਦੇ ਹਨ ਤਾਂ ਫਿਰ ਜੇ ਸਿੱਖ ਆਪਣਾ ਆਪ ਭੇਟ ਕਰ ਦੇਵੇ ਤਾਂ ਫਿਰ ਗੁਰੂ ਜਹਾਜ਼ ਬਣ ਜਾਂਦਾ ਹੈ। ਇੰਨੀਆਂ ਬੇਨਤੀਆਂ ਪ੍ਰਵਾਨ ਕਰਨੀਆਂ। ਹੋਈਆਂ ਬੇਅੰਤ ਭੁੱਲਾਂ ਦੀ ਖਿਮਾ।

ਵਾਹਿਗੁਰੂ ਜੀ ਕਾ ਖ਼ਾਲਸਾ।

ਵਾਹਿਗੁਰੂ ਜੀ ਕੀ ਫ਼ਤਹਿ।

ਜੀ ਨੇ ਦੇਸ਼ਾਂ ਵਿਦੇਸ਼ਾਂ ਵਿਚ ਸੰਗਤਾਂ ਨੂੰ ਵੰਡਿਆ। ਆਪ ਜੀ ਦਾ ਪ੍ਰਕਾਸ਼ਮਈ ਜੀਵਨ ਸਦਾ ਹੀ ਸੰਗਤਾਂ ਲਈ ਪ੍ਰੇਰਨਾਦਾਇਕ ਬਣਿਆ ਰਹੇਗਾ। 26 ਅਗਸਤ 1975 ਨੂੰ ਆਪ ਜੀ ਨੇ ਇੰਗਲੈਂਡ ਦੀ ਪਾਵਨ ਧਰਤੀ 'ਤੇ ਪੰਜ ਭੌਤਿਕ ਸਰੀਰ ਦਾ ਪਰਿਤਿਆਗ ਕਰਕੇ ***'ਸੂਰਜ ਕਿਰਣਿ ਮਿਲੇ ਜਲ ਕਾ ਜਲੁ ਹੂਆ ਰਾਮ ॥ ਜੋਤੀ ਜੋਤਿ ਰਲੀ ਸੰਪੂਰਨੁ ਥੀਆ ਰਾਮ ॥ (ਅੰਗ-੮੪੬)*** ਦੇ ਮਹਾਂਵਾਕਾਂ ਅਨੁਸਾਰ ਸਦਾ ਦਾ ਅਮਰ ਜੀਵਨ ਪ੍ਰਾਪਤ ਕੀਤਾ। ਉਹਨਾਂ ਦੀ ਹੀ ਸੋਭਤ ਪ੍ਰਾਪਤ ਹੋਈ ਪਿਆਰੇ ਮਹਾਂਪੁਰਸ਼ ਰਤਵਾੜਾ ਸਾਹਿਬ ਵਾਲਿਆਂ ਤੇ ਉਹਨਾਂ ਦੇ ਜੀਵਨ ਸਾਥੀ ਸਤਿਕਾਰਯੋਗ ਮਾਤਾ ਰਣਜੀਤ ਕੌਰ ਜੀ ਨੂੰ, ਐਸੀ ਬਖਸ਼ਿਸ਼ ਹੋਈ ਕਿ ***'ਦਿਨੁ ਦਿਨੁ ਚੜੈ ਸਵਾਇਆ ਨਾਨਕ ਹੋਤ ਨ ਘਾਟਿ।' (ਅੰਗ-੩੦੦) 'ਅਗਾਹਾ ਕੂ ਤ੍ਰਾਘਿ ਪਿਛਾ ਫੇਰਿ ਨ ਮੁਹਡੜਾ।' (੧੦੯੬)***

ਇਸ ਸੁਭਾਗ ਜੋੜੀ ਨੇ ਸੰਤ ਮਹਾਰਾਜ ਰਾੜਾ ਸਾਹਿਬ ਵਾਲਿਆਂ ਨਾਲ ਐਸੀ ਪ੍ਰੇਮ ਦੀ ਡੋਰ ਪਾਈ ਕਿ ਪ੍ਰੇਮ ਦਾ ਰੰਗ ਚੜ੍ਹਦਾ ਹੀ ਗਿਆ। ਐਸਾ ਪ੍ਰੇਮ ਰੰਗ ਚੜ੍ਹਿਆ ਕਿ ਰਤਵਾੜਾ ਸਾਹਿਬ ਵਾਲੇ ਪਿਆਰੇ ਮਹਾਂਪੁਰਸ਼ ਤੇ ਸਤਿਕਾਰਯੋਗ ਬੀਜੀ ਆਪ ਪ੍ਰੇਮ ਵੰਡਣ ਦੇ ਸਮਰੱਥ ਹੋ ਗਏ। ਨਾਮ ਬਾਣੀ ਵਿਚ ਰੰਗੀਆਂ ਇਹ ਪਵਿੱਤਰ ਦੋ ਰੂਹਾਂ ਦੇਖਣ ਨੂੰ ਦੋ ਸਰੀਰ ਸਨ ਪਰ ***'ਏਕ ਜੋਤਿ ਦੁਇ ਮੂਰਤੀ ਧਨ ਪਿਰੁ ਕਹੀਐ ਸੋਇ॥*** *(ਅੰਗ-੭੮੮)* ਵਾਲੀ ਬਖਸ਼ਿਸ਼ ਪ੍ਰਾਪਤ ਕਰ ਚੁਕੇ ਸਨ। ਅੱਜ ਵੀ ਉਹਨਾਂ ਦਾ ਜੀਵਨ ਸਾਨੂੰ ਜੀਵਨ ਰੌਂ ਵੰਡ ਰਿਹਾ ਹੈ।

ਸਤਿਕਾਰਯੋਗ ਬੀਜੀ (ਜੀਵਨ ਸਾਥੀ ਪਿਆਰੇ ਮਹਾਂਪੁਰਸ਼ ਰਤਵਾੜਾ ਸਾਹਿਬ) ਦਾ ਆਗਮਨ ਦਿਵਸ 8 ਅਗਸਤ ਨੂੰ ਰਤਵਾੜਾ ਸਾਹਿਬ ਦੀ ਪਾਵਨ ਧਰਤੀ 'ਤੇ ਗੁਰਮਤਿ ਸਮਾਗਮ ਦੇ ਰੂਪ ਵਿਚ ਮਨਾਇਆ ਜਾਵੇਗਾ। ਸਿੱਖ ਕੌਮ ਦੇ ਸੰਘਰਸ਼ਮਈ ਜੀਵਨ ਵਿਚ ਸਤਿਕਾਰਯੋਗ ਬੀਬੀਆਂ ਦਾ ਵੱਡਮੁੱਲਾ ਯੋਗਦਾਨ ਰਿਹਾ ਹੈ। ਸਮਾਗਮ ਦੌਰਾਨ ਬੀਜੀ ਦੇ ਪਵਿੱਤਰ ਜੀਵਨ ਤੇ ਘਾਲਨਾ ਕਮਾਈਆਂ ਤੇ ਵਿਸਥਾਰ ਨਾਲ ਵਿਚਾਰਾਂ ਹੋਣਗੀਆਂ। ਨਾਮ ਬਾਣੀ ਨਾਲ ਜੁੜ ਕੇ ਸੰਗਤਾਂ ਲਾਹੇ ਪ੍ਰਾਪਤ ਕਰਨਗੀਆਂ। ਐਸੀਆਂ ਰੱਬੀ ਰੂਹਾਂ ਦੇ ਜੀਵਨ ਤੋਂ ਸਾਨੂੰ ਵੀ ਪ੍ਰੇਰਨਾ, ਸੇਧ ਪ੍ਰਾਪਤ ਹੋਵੇ। ਅਸੀਂ ਵੀ ਮੰਜ਼ਿਲੇ ਮਕਸੂਦ ਤਕ ਪਹੁੰਚ ਜਾਈਏ ਤੇ ਆਤਮ ਮਾਰਗ ਦੇ ਪਾਂਧੀ ਬਣ ਕੇ ਆਤਮਿਕ ਮੰਡਲਾਂ ਵਿਚ ਪ੍ਰਵੇਸ਼ ਕਰ ਸਕੀਏ। ਇਹੋ ਸਾਡੀ ਸਭਨਾਂ ਦੀ ਅਰਜ਼ੋਈ ਹੈ, ਲੋਚਾ ਹੈ, ਅਰਦਾਸ ਹੈ ਜੀ।

*ਕਹੁ ਨਾਨਕ ਤਿਸੁ ਸਭੁ ਕਿਛੁ ਨੀਕਾ*
*ਜੋ ਪ੍ਰਭ ਕੀ ਸਰਨਾਗਨਾ॥ ਅੰਗ - ੧੦੧੮*

# ਹੀਰੇ ਜੈਸਾ ਜਨਮੁ ਹੈ ਕਉਡੀ ਬਦਲੇ ਜਾਇ

*ਸੰਤ ਵਰਿਆਮ ਸਿੰਘ ਜੀ,*
*ਬਾਨੀ, ਟਰੱਸਟ ਰਤਵਾੜਾ ਸਾਹਿਬ।*

*(ਲੜੀ ਜੋੜਨ ਲਈ ਦੇਖੋ, ਜੁਲਾਈ ਅੰਕ, ਪੰਨਾ-18)*

ਇਥੇ ਹਿੰਦੋਸਤਾਨ ਦੇ ਅੰਦਰ ਅੱਜ ਤੋਂ ਸਾਢੇ 2300 ਸਾਲ ਪਹਿਲਾਂ ਗਰੀਸ ਦਾ, ਮਕਦੂਨੀਆਂ ਦਾ ਇਕ ਰਾਜਾ ਆਇਆ ਸੀ, ਜਿਹਦਾ ਨਾਂ ਸਿਕੰਦਰ ਸੀ। ਦੋ ਲੱਖ ਫੌਜ ਲੈ ਕੇ ਘਰੋਂ ਤੁਰਿਆ। ਬੜੇ ਰਾਜੇ ਉਹਨੇ ਫਤਿਹ ਕਰੇ। ਈਰਾਨ ਫਤਹਿ ਕਰ ਲਿਆ, ਟਰਕੀ ਫਤਿਹ ਕਰ ਲਈ, ਯੂਨਾਨ ਵਿਚੋਂ ਚੱਲ ਕੇ ਅਰਬ ਦੇਸ਼ ਸਾਰੇ ਫਤਹਿ ਕਰ ਲਏ। ਤਾਸ਼ਕੰਦ ਤੇ ਮਾਸਕੋ ਤਕ ਪਹੁੰਚ ਗਿਆ। ਇਸ ਤਰ੍ਹਾਂ ਜਿੱਤਦਾ-ਜਿੱਤਦਾ, ਅਫ਼ਗਾਨਿਸਤਾਨ ਨੂੰ ਜਿੱਤਣ ਤੋਂ ਬਾਅਦ ਹਿੰਦੁਸਤਾਨ 'ਚ ਆਇਆ। ਸਭ ਤੋਂ ਪਹਿਲਾਂ ਅੰਭੀ ਰਾਜੇ ਨਾਲ ਉਸ ਦਾ ਵਾਹ ਪਿਆ, ਉਹਨੂੰ ਵੀ ਜਿੱਤ ਲਿਆ। ਅੱਗੇ ਪੋਰਸ ਰਾਜਾ ਸੀ। ਉਹਦੇ ਕੋਲ ਸਿਰਫ 30,000 ਫੌਜ ਸੀ ਤੇ ਇਹਦੇ ਕੋਲ ਦੋ ਲੱਖ ਫੌਜ ਸੀ। 30 ਹਜ਼ਾਰ ਵਾਲੇ ਨੇ ਰੋਕ ਲਿਆ, ਦਰਿਆ ਪਾਰ ਹੀ ਨਾ ਕਰਨ ਦੇਵੇ। ਬੜੇ ਸੁਨੇਹੇ ਭੇਜੇ ਕਿ ਤੇਰੀ ਹਸਤੀ ਨਹੀਂ ਹੈ ਕਿ ਤੂੰ ਬਹੁਤ ਥੋੜ੍ਹੀ ਫੌਜ ਵਾਲਾ ਰਾਜਾ ਹੈਂ ਤੇ ਮੇਰੀ ਦੋ ਲੱਖ ਫੌਜ ਹੈ। ਰਸਤਾ ਕਿਉਂ ਰੋਕਦੈਂ, ਮੈਂ ਉਜਾੜ ਦੇਵਾਂਗਾ ਤੈਨੂੰ।

ਉਹ ਕਹਿੰਦਾ, ਦੇਖ, ਮਾਤਰ ਭੂਮੀ ਹੈ ਸਾਡੀ। ਅਸੀਂ ਇਹਦੇ ਉਤੇ ਵਿਦੇਸ਼ੀ ਦਾ ਪੈਰ ਨਹੀਂ ਪੈਣ ਦੇਣਾ। ਜਦੋਂ ਤਕ ਇਕ-ਇਕ ਬੰਦਾ ਮੇਰਾ ਜਿਊਂਦਾ ਹੈ, ਓਨੀਂ ਦੇਰ ਤਕ ਤੂੰ ਦਰਿਆ ਪਾਰ ਨਹੀਂ ਕਰ ਸਕਦਾ। ਤਿੰਨ ਮਹੀਨੇ ਬੈਠਾ ਰਿਹਾ। ਤਿੰਨ ਮਹੀਨੇ ਬਾਅਦ ਜੰਮੂ ਵਲੋਂ ਜਾ ਕੇ ਰਾਵੀ ਨੂੰ ਪਾਰ ਕਰਿਆ। ਇਹਨਾਂ ਦਰਿਆਵਾਂ ਨੂੰ ਪਾਰ ਕਰਿਆ, ਉਤੋਂ ਦੀ ਪਹਾੜ 'ਤੋਂ ਜਾ ਕੇ, ਆ ਕੇ ਬੜਾ ਭਾਰਾ ਘਮਸਾਨ ਦਾ ਯੁੱਧ ਹੋਇਆ। ਇਕ ਵਾਰੀ ਐਸਾ ਸਮਾਂ ਆਇਆ ਕਿ ਸਿਕੰਦਰ ਮਾਰਿਆ ਜਾਣਾ ਸੀ। ਪਰ ਪੋਰਸ ਨੇ ਮਾਰਿਆ ਨਾ। ਪਤਾ ਲਗ ਗਿਆ ਉਹਨੂੰ ਕਿ ਮੈਂ ਮਾਰਿਆ ਜਾਣਾ ਸੀ, ਇਹਨੇ ਜਾਣ ਕੇ ਨਹੀਂ ਮੈਨੂੰ ਮਾਰਿਆ। ਤਰਸ ਕਰ ਗਿਆ ਮੇਰੇ ਉਪਰ। ਉਸ ਤੋਂ ਬਾਅਦ ਪੋਰਸ ਦਾ ਹਾਥੀ ਜਿਹੜਾ ਸੀ, ਉਹ ਜ਼ਖਮੀ ਹੋ ਕੇ ਗਿਰ ਪਿਆ। ਉਧਰਲੇ ਪਾਸੇ ਫੌਜੀਆਂ ਨੇ, ਇਹਨੂੰ ਫੜ ਲਿਆ ਸਾਰਿਆਂ ਨੇ ਇਕੱਠੇ ਹੋ ਕੇ ਤੇ ਬੰਨ੍ਹ ਕੇ ਸੰਗਲਾਂ 'ਚ, ਹਥਕੜੀਆਂ, ਬੇੜੀਆਂ ਲਗਾ ਕੇ, ਸਿਕੰਦਰ ਦੇ ਜਦੋਂ ਪੇਸ਼ ਕਰਿਆ। ਉਹਨੇ ਕਿਹਾ ਕਿ ਐ ਪੋਰਸ! ਮੈਂ ਤੇਰੇ ਨਾਲ ਕੀ ਸਲੂਕ ਕਰਾਂ? ਉਹ ਕਹਿੰਦਾ, ਜਿਵੇਂ ਰਾਜੇ ਰਾਜਿਆਂ ਨਾਲ ਕਰਦੇ ਨੇ। ਅਹਿਸਾਨ ਸਿਰ 'ਤੇ ਸੀ। ਕਹਿਣ ਲੱਗਿਆ, ਖੋਲ੍ਹ ਦਿਓ ਹੱਥਕੜੀਆਂ, ਬੇੜੀਆਂ। ਰਾਜੇ ਰਾਜਿਆਂ ਨਾਲ ਮਿਤਰਤਾ ਕਰਦੇ ਨੇ। ਇਹ ਸਾਡਾ ਅੱਜ ਤੋਂ ਮਿੱਤਰ ਹੋਇਆ। ਰਹਿਣਾ ਸ਼ੁਰੂ ਕਰ ਦਿਤਾ। ਇਕ ਦਿਨ ਕਹਿਣ ਲੱਗਿਆ, ਪੋਰਸ! ਮੈਂ ਸੁਣਿਐ ਹਿੰਦੁਸਤਾਨੀ ਸਾਧੂਆਂ ਬਾਰੇ, ਰਿਸ਼ੀਆਂ-ਮੁਨੀਆਂ ਬਾਰੇ। ਮੈਨੂੰ ਕਿਸੇ ਸੰਤ ਦੇ ਦਰਸ਼ਨ ਕਰਾ ਸਕਦੈਂ? ਉਹ ਕਹਿੰਦਾ, ਹਾਂ ਮਹਾਰਾਜ। ਆਪਣੇ ਨੇੜੇ ਹੀ ਚਾਰ ਕੁ ਮੀਲ 'ਤੇ ਪੂਰਨ ਤੱਤ ਬੇਤੇ ਮਹਾਂਪੁਰਸ਼ ਰਹਿੰਦੇ ਨੇ। ਬ੍ਰਹਮਗਿਆਨ ਅਵਸਥਾ ਦੇ। ਉਹਨਾਂ ਦੇ ਦਰਸ਼ਨ ਕਰ ਲਵਾਂਗੇ। ਕੱਲ੍ਹ ਨੂੰ ਚਲਦੇ ਹਾਂ। ਤਿਆਰ ਹੋ ਕੇ ਚੱਲੇ ਤੇ ਝਾੜੀਆ ਵਿਚੀਂ ਲੰਘੀ ਜਾਂਦੇ ਨੇ। ਸਿਕੰਦਰ ਘਬਰਾ ਗਿਆ। ਕਹਿਣ ਲੱਗਿਆ, ਇਸ ਸੰਤ ਨੇ ਕੋਈ ਰਾਹ ਨਹੀਂ ਬਣਾਇਆ?

ਪੋਰਸ ਕਹਿਣ ਲੱਗਿਆ, ਨਹੀਂ ਮਹਾਰਾਜ! ਸੰਤਾਂ ਨੂੰ ਰਾਹ ਦੀ ਲੋੜ ਨਹੀਂ ਹੁੰਦੀ। ਇਹ ਤਾਂ ਘਣੇ ਜੰਗਲਾਂ 'ਚ ਰਹਿੰਦੇ ਨੇ, ਜਿਥੇ ਕੋਈ ਬੰਦਾ ਪਹੁੰਚ ਹੀ ਨਾ ਸਕੇ। ਕਹਿਣ ਲੱਗਿਆ, ਕਮ-ਸੇ-ਕਮ ਮੈਂ ਆਇਆ ਸੀ, ਇਹਨੂੰ ਚਾਹੀਦਾ ਸੀ, ਰਸਤਾ ਬਣਵਾਉਣਾ।

ਪੋਰਸ ਕਹਿਣ ਲਗਿਆ, ਮਹਾਰਾਜ! ਇਹਨਾਂ ਦੇ ਮੁਕਾਬਲੇ ਦੇ ਉਤੇ, ਰਾਜੇ ਨਹੀਂ ਹੋਇਆ ਕਰਦੇ। ਇਹਨਾਂ ਦੇ ਅੰਦਰ ਨਾਮ ਦੀ ਸ਼ਕਤੀ ਹੁੰਦੀ ਹੈ। ਉਹ ਨਾਮ ਦੀ ਸ਼ਕਤੀ ਜਿਹਦੇ ਹਿਰਦੇ 'ਚ ਹੋਵੇ, ਕਹਿੰਦੇ, ਰਾਜੇ ਤਾਂ ਉਸ ਤੋਂ ਜਾ ਕੇ ਭੀਖ ਮੰਗਦੇ ਨੇ। ਉਹ ਤਾਂ ਵੱਡਾ ਰਾਜਿਆਂ ਦਾ ਰਾਜਾ ਹੁੰਦਾ ਹੈ। ਇਸ ਤਰ੍ਹਾਂ ਪੜ੍ਹ ਲਓ-

*ਧਾਰਨਾ - ਚਿੱਤ ਹਰੀ ਦੇ ਨਾਮ ਨਾਲ ਲੱਗਿਆ,*
*ਰਾਜਾ ਸਾਰੀ ਦੁਨੀਆਂ ਦਾ।*

*ਬਸਤਾ ਤੂਟੀ ਝੁੰਪੜੀ ਚੀਰ ਸਭਿ ਛਿੰਨਾ ॥*
*ਜਾਤਿ ਨ ਪਤਿ ਨ ਆਦਰੋ ਉਦਿਆਨ ਭ੍ਰਮਿੰਨਾ ॥*
*ਮਿਤ੍ਰ ਨ ਇਠ ਧਨ ਰੂਪਹੀਣ ਕਿਛੁ ਸਾਕੁ ਨ ਸਿੰਨਾ ॥*
*ਰਾਜਾ ਸਗਲੀ ਸ੍ਰਿਸਟਿ ਕਾ ਹਰਿ ਨਾਮਿ ਮਨੁ ਭਿੰਨਾ ॥*
*ਤਿਸ ਕੀ ਧੂੜਿ ਮਨੁ ਉਧਰੈ ਪ੍ਰਭੁ ਹੋਇ ਸੁਪ੍ਰਸੰਨਾ ॥ ੨ ॥*
*ਅੰਗ- ੭੦੭*

ਸਾਧੂ ਅਗਰ ਸਾਧੂ ਹੈ, ਉਹਦੇ ਮੁਕਾਬਲੇ 'ਤੇ ਦੁਨੀਆਂ ਦਾ ਕੋਈ ਵੀ ਬੰਦਾ ਬਰਾਬਰੀ ਨਹੀਂ ਕਰ ਸਕਿਆ ਕਰਦਾ -

*ਪੰਡਿਤ ਸੂਰ ਛਤ੍ਰਪਤਿ ਰਾਜਾ*
*ਭਗਤ ਬਰਾਬਰਿ ਅਉਰੁ ਨ ਕੋਇ ॥* *ਅੰਗ- ੮੫੮*

ਦੇਖਣ ਨੂੰ ਤਾਂ ਉਹ ਐਵੇਂ ਹੀ ਲਗਦੈ, ਗਰੀਬ ਜਿਹਾ। ਪਰ ਉਹਦੇ ਕੋਲ ਦੌਲਤ ਕਿੰਨੀ ਹੈ -

*ਨਵ ਨਿਧੀ ਅਠਾਰਹ ਸਿਧੀ ਪਿਛੈ ਲਗੀਆ ਫਿਰਹਿ*
*ਜੋ ਹਰਿ ਹਿਰਦੈ ਸਦਾ ਵਸਾਇ ॥* *ਅੰਗ- ੬੪੯*

ਸ਼ਕਤੀਆਂ ਪਿਛੇ ਲੱਗੀਆਂ ਪਈਆਂ ਨੇ ਸਾਰੀ ਦੁਨੀਆਂ ਦੀਆਂ। ਉਹ ਰਾਜਿਆਂ ਨੂੰ ਦਾਨ ਦਿੰਦੈ। ਦੇਵਤੇ ਵੀ ਨਹੀਂ ਉਹਨਾਂ ਦੇ ਬਰਾਬਰ। ਜਿਹੜੇ ਮੁਖ ਦੇਵਤੇ ਨੇ ਵੱਡੇ, ਜਿਹਨਾਂ ਦੀ ਪੂਜਾ ਹੁੰਦੀ ਹੈ, ਉਹ ਵੀ ਸਾਧੂਆਂ ਦੇ ਦਰਸ਼ਨ ਨੂੰ ਮਾਤ ਲੋਕ 'ਚ ਆ ਕੇ ਢੂੰਡਦੇ ਫਿਰਦੇ ਨੇ ਕਿ ਕਿਸੇ ਥਾਂ ਦੇ ਉਤੇ ਪੂਰਨ ਮਹਾਤਮਾ ਦੇ ਦਰਸ਼ਨ ਹੋ ਜਾਣ -

*ਧਾਰਨਾ - ਸ਼ਿਵ ਜੀ ਖੋਜਦੇ ਫਿਰਦੇ, ਬ੍ਰਹਮ ਗਿਆਨੀ ਨੂੰ।*

*ਬ੍ਰਹਮ ਗਿਆਨੀ ਕਉ ਖੋਜਹਿ ਮਹੇਸੁਰ ॥*
*ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ ॥*
*ਅੰਗ- ੨੭੩*

ਕਿਉਂਕਿ ਉਹ ਤਾਂ ਆਪ ਹੀ ਪ੍ਰਮੇਸ਼ਰ ਹੋਇਆ ਕਰਦੈ, ਉਸ ਸਰੀਰ ਦੇ ਅੰਦਰ ਜਿਹਨੂੰ ਸਾਧੂ ਕਹਿੰਦੇ ਨੇ। ਪਹਿਲਾਂ ਲੋਕ ਜੋ ਜਾਣਦੇ ਨੇ ਉਹ ਖਤਮ ਹੋ ਜਾਂਦੈ, ਅਭੇਦ ਹੋ ਜਾਂਦੈ। ਉਹਦਾ ਪਤਾ ਨਹੀਂ ਲਗਦਾ।

*ਰਾਮ ਕਬੀਰਾ ਏਕ ਭਏ ਹੈ ਕੋਇ ਨ ਸਕੈ ਪਛਾਨੀ ॥*
*ਅੰਗ- ੯੬੯*

ਹੁਣ ਪਛਾਣ ਹੀ ਨਹੀਂ ਆਉਂਦੀ, ਕਬੀਰ ਕਿਹੜਾ ਹੈ ਤੇ ਰਾਮ ਕਿਹੜਾ ਹੈ। ਹੈ ਹੀ ਰਾਮ। ਸੋ ਬਾਤਾਂ ਸਮਝਣ ਵਾਲੀਆਂ ਨੇ। ਐਵੇਂ ਨਹੀਂ ਸਾਧੂ ਹੋਇਆ ਕਰਦੇ। ਜਿਹੜੇ ਅਠਾਹਠ ਤੀਰਥ ਇਥੇ ਦੇ ਨੇ ਉਹ ਬਹੁਤ ਵੱਡੀ ਮਹੱਤਤਾ ਵਾਲੇ, ਸਾਰੀ ਦੁਨੀਆਂ ਨਹਾਉਣ ਜਾਂਦੀ ਹੈ। ਮਹਾਰਾਜ ਕਹਿੰਦੇ, ਪਿਆਰਿਓ! ਤੁਹਾਨੂੰ ਇਸ ਗੱਲ ਦਾ ਗਿਆਨ ਨਹੀਂ ਹੈ। ਇਹ ਜਿਹੜੇ ਤੀਰਥ ਨੇ ਇਹ ਮਹਾਤਮਾ ਨੇ ਹੀ ਥਾਪੇ ਹੋਏ ਨੇ। ਜਿਥੇ ਕਿਸੇ ਨੇ ਤਪ ਕਰਿਐ, ਉਸ ਥਾਂ ਤੀਰਥ ਹੋ ਗਿਆ। ਜਿਥੇ ਕੋਈ ਕਿਸੇ ਦਰਿਆ ਨੂੰ ਲੈ ਆਇਆ, ਉਹ ਤੀਰਥ ਬਣ ਗਿਆ। ਕਹਿੰਦੇ, ਇਹਨਾਂ ਤੀਰਥਾਂ 'ਚ ਸ਼ਕਤੀ ਨਹੀਂ ਹੈ ਕਿ ਆਪਣੀ ਮੈਲ ਦੂਰ ਕਰ ਲੈਣ। ਕੇਵਲ ਜੇ ਸ਼ਕਤੀ ਹੈ ਇਹਨਾਂ ਦੀ ਮੈਲ ਦੂਰ ਕਰਨ ਦੀ ਤਾਂ ਸਾਧੂਆਂ ਵਿਚ ਹੈ। ਜੋ ਬਿਲਕੁਲ ਨਿਰਮਲ ਨੇ -

*ਕਬੀਰ ਮਨੁ ਨਿਰਮਲੁ ਭਇਆ ਜੈਸਾ ਗੰਗਾ ਨੀਰੁ ॥*
*ਪਾਛੈ ਲਾਗੋ ਹਰਿ ਫਿਰੈ ਕਹਤ ਕਬੀਰ ਕਬੀਰ ॥*
*ਅੰਗ- ੧੩੬੭*

ਉਹ ਵੀ ਅਕਾਲ ਪੁਰਖ ਦੇ ਦਰ ਦੇ ਉਤੇ ਬੇਨਤੀਆਂ ਕਰਦੇ ਨੇ, ਪੜ੍ਹੋ ਪਿਆਰ ਨਾਲ -

*ਧਾਰਨਾ - ਤੀਰਥ ਵੀ ਲੋਚਦੇ,*
*ਸੰਤਾਂ ਦੀ ਧੂੜੀ ਤਾਈਂ।*
*ਗੰਗਾ ਜਮੁਨਾ ਗੋਦਾਵਰੀ ਸਰਸੁਤੀ*
*ਤੇ ਕਰਹਿ ਉਦਮੁ ਧੂਰਿ ਸਾਧੂ ਕੀ ਤਾਈ ॥*
*ਅੰਗ- ੧੨੬੩*

ਕਿਉਂ ਕਰਦੇ ਨੇ? ਕਹਿੰਦੇ, ਸਾਡੇ ਵਿਚ ਮੈਲ ਭਰ ਗਈ -

*ਕਿਲਵਿਖ ਮੈਲੁ ਭਰੇ ਪਰੇ ਹਮਰੈ ਵਿਚਿ*
*ਹਮਰੀ ਮੈਲੁ ਸਾਧੂ ਕੀ ਧੂਰਿ ਗਵਾਈ ॥ ੧ ॥*
*ਅੰਗ- ੧੨੬੩*

ਸਭ ਤੋਂ ਸ਼੍ਰੋਮਣੀ ਜੇ ਕੋਈ ਹੈ ਇਸ ਸੰਸਾਰ ਦੇ ਅੰਦਰ ਉਹ ਸਾਧੂ ਹੋਇਆ ਕਰਦੈ। ਪ੍ਰਮੇਸ਼ਰ ਦਾ ਪਿਆਰਾ। ਸਭ ਤੋਂ ਵੱਡਾ ਹੋਇਆ ਕਰਦੈ। ਉਹਦਾ ਕਿਹਾ ਹੋਇਆ ਦਰਗਾਹ 'ਚ ਚਲਦੈ -

*ਜਾ ਕਾ ਕਹਿਆ ਦਰਗਹ ਚਲੈ ॥*
*ਸੋ ਕਿਸ ਕਉ ਨਦਰਿ ਲੈ ਆਵੈ ਤਲੈ ॥* *ਅੰਗ- ੧੮੬*

ਪਉਣ, ਪਾਣੀ, ਬੈਸੰਤਰ 'ਤੇ ਵੀ ਚਲਦੈ। ਜੇ ਮੀਂਹ ਨੂੰ ਕਹਿ ਦੇਵੇ, ਠਹਿਰ ਜਾ, ਠਹਿਰ ਜਾਂਦੈ। ਜੇ ਬਿਨਾਂ ਬੱਦਲਾਂ ਤੋਂ ਕਹਿ ਦੇਵੇ, ਬਰਸ ਜਾਹ। ਬਗੈਰ ਬੱਦਲਾਂ ਤੋਂ ਬੱਦਲ ਵੀ ਆ ਜਾਣਗੇ। ਵਰਸਣਾ ਸ਼ੁਰੂ ਕਰ ਦਏਗਾ।

ਸੰਤ ਮਹਾਰਾਜ ਬਾਬਾ ਅਤਰ ਸਿੰਘ ਜੀ, ਮਸਤੂਆਣੇ ਵਾਲੇ। ਬਨੂੰ ਕੁਹਾਟ 'ਚੋਂ ਲੰਘ ਰਹੇ ਨੇ, ਪਠਾਣੀ ਇਲਾਕਾ ਆ ਗਿਆ। ਸੁੱਕਾ ਪਿਐ, ਮੀਂਹ ਨਹੀਂ ਪਿਆ ਉਥੇ। ਉਹਨਾਂ ਨੇ ਦੇਖਿਆ ਕਿ ਕੋਈ ਬਹੁਤ, ਰੱਬ ਦਾ ਪਿਆਰਾ ਜਾ ਰਿਹੈ, ਰੰਗ ਲੱਗਿਆ ਪਿਐ ਚਿਹਰੇ 'ਤੇ। ਇਹ ਗੱਲ ਜੱਜ ਕਰਕੇ ਉਹਨਾਂ ਨੇ ਘੋੜੇ ਦੀਆਂ ਵਾਗਾਂ ਫੜ ਲਈਆਂ। ਕਹਿਣ ਲੱਗੇ, ਪੀਰ ਜੀ! ਸਾਨੂੰ ਇਸ ਤਰ੍ਹਾਂ ਲਗਦੈ ਕਿ ਤੁਸੀਂ ਪੂਰੇ ਪੀਰ ਹੋਂ। ਕ੍ਰਿਪਾ ਕਰੋ, ਬਾਰਿਸ਼ ਨਹੀਂ ਹੋਈ। ਫਸਲਾਂ ਸੁੱਕ ਰਹੀਆਂ ਨੇ। ਦਰਖ਼ਤਾਂ ਨੂੰ ਲੱਗੇ ਹੋਏ ਫਲ ਝੜ ਰਹੇ ਨੇ, ਕ੍ਰਿਪਾ ਕਰੋ। ਬਾਰਿਸ਼ ਕਰਾ ਦਿਓ। ਪੀਰ ਜਾਣ ਕੇ ਅਸੀਂ ਤੁਹਾਡੀ ਸ਼ਰਨ ਆਏ ਹਾਂ। ਬਾਬੇ ਕਹਿੰਦੇ, ਉਤਰੋ ਭਾਈ। ਉਤਰ ਪਏ। ਕਹਿੰਦੇ, ਵਾਜਾ ਵਜਾਓ। ਸ਼ਬਦ ਪੜ੍ਹ ਦਿਤਾ -

*ਮੇਘੈ ਨੋ ਫੁਰਮਾਨੁ ਹੋਆ ਵਰਸਹੁ ਕਿਰਪਾ ਧਾਰਿ ॥*
*ਅੰਗ- ੧੨੮੫*

ਹੁਕਮ ਦੇ ਦਿਤਾ ਮੇਘ ਨੂੰ ਕਿ ਤੂੰ ਵਰਸ, ਜ਼ੋਰ-ਜ਼ੋਰ ਦੀ ਵਰਸ। ਸ਼ਬਦ ਪੂਰਾ ਨਹੀਂ ਹੋਇਆ, ਐਨਾ ਮੀਂਹ ਪਿਆ। ਵਾਜੇ ਵਗੈਰਾ ਤਾਂ ਭਿੱਜ ਗਏ, ਤਬਲੇ ਵੱਜਣ ਤੋਂ ਰਹਿ ਗਏ। ਲੇਕਿਨ ਆਪ ਸ਼ਬਦ ਪੜ੍ਹੀ ਜਾਂਦੇ ਨੇ। ਐਨੇ ਨੂੰ ਸਿਆਣਾ ਪਠਾਣ ਉਠਿਆ, ਚਰਨਾਂ 'ਤੇ ਸਿੱਜਦਾ

ਕੀਤਾ। ਕਹਿੰਦਾ, ਪੀਰ ਜੀ! ਹੁਣ ਤਾਂ ਹੜ੍ਹ ਆ ਜਾਏਗਾ। ਹੁਣ ਬਸ ਕਰ ਦਿਓ। ਹੁਣ ਨਾ ਬਹੁਤਾ ਪੁਆਓ। ***'ਜਾ ਕਾ ਕਹਿਆ ਦਰਗਹ ਚਲੈ ॥ ਸੋ ਕਿਸ ਕਉ ਨਦਰਿ ਲੈ ਆਵੈ ਤਲੈ ॥ '*** ਜਿਹਦਾ ਕਿਹਾ ਹੋਇਆ, ਦਰਗਾਹ ਮੰਨਦੀ ਹੈ ਉਹ ਨਿਗ੍ਹਾ ਥੱਲੇ ਲਿਆਉਂਦੈ ਕਿਸੇ ਨੂੰ।

ਪੋਰਸ ਦੇ ਨਾਲ ਸਿਕੰਦਰ ਜਾ ਰਿਹੈ। ਕਹਿੰਦਾ, ਕਿਥੇ ਹੈ ਸੰਤ, ਜਿਹਦੇ ਕੋਲ ਲੈ ਕੇ ਚਲਿਐਂ?

ਕਹਿੰਦਾ, ਔਹ ਬੈਠੇ ਨੇ।

ਸੰਤ ਦੇਖਦੇ ਨੇ ਕਿ ਕੌਣ ਆ ਰਿਹੈ। ਦੇਖ ਲਿਆ ਕਿ ਬੜੇ ਜਲੌਅ ਨਾਲ ਕਲਗੀਆਂ ਲੱਗੀਆਂ ਹੋਈਆਂ ਨੇ। ਕੋਈ ਰਾਜੇ ਨੇ। ਸੰਤਾਂ ਨੇ ਕੀ ਲੈਣੈ ਰਾਜੇ ਤੋਂ। ਮਹਾਰਾਜ ਕਹਿੰਦੇ, ਉਹਨਾਂ ਨੂੰ ਪਰਵਾਹ ਨਹੀਂ ਹੋਇਆ ਕਰਦੀ। ਪਿਆਰ ਹੁੰਦੈ ਵਾਹਿਗੁਰੂ ਦਾ -

*ਧਾਰਨਾ - ਰੰਗ ਹਸਦੇ ਤੇ ਰੰਗ ਰੋਂਦੇ,*
*ਪਰਵਾਹ ਨਾ ਕਿਸੇ ਦੀ ਰਖਦੇ।*

*ਰੰਗਿ ਹਸਹਿ ਰੰਗਿ ਰੋਵਹਿ ਚੁਪ ਭੀ ਕਰਿ ਜਾਹਿ ॥*
*ਪਰਵਾਹ ਨਾਹੀ ਕਿਸੈ ਕੇਰੀ ਬਾਝੁ ਸਚੇ ਨਾਹ ॥*

*ਅੰਗ- ੪੭੩*

ਆਪਣੇ ਵਾਹਿਗੁਰੂ ਤੋਂ ਬਗੈਰ ਕਿਸੇ ਦੀ ਮੁਹਤਾਜੀ ਨਹੀਂ ਰਖਿਆ ਕਰਦੇ। ਇਨਸਾਨੀਅਤ ਦੇ ਤੌਰ 'ਤੇ ਹਰ ਗਰੀਬ ਦੀ, ਹਰ ਦੁਖੀ ਦੀ ਅਵਾਜ਼ ਸੁਣਦੇ ਨੇ। ਗੱਲ ਕਰਦੇ ਨੇ, ਜਾਂਦੇ ਨੇ ਆਉਂਦੇ ਨੇ, ਬੰਦਿਆਂ ਵਾਂਗਣ ਨਜ਼ਰ ਆਉਂਦੇ ਨੇ, ਲੇਕਿਨ ਹੁੰਦੇ ਬਹੁਤ ਉਚੇ ਨੇ। ਉਹਨਾਂ ਨੂੰ ਸਮਝਣਾ ਬਹੁਤ ਔਖਾ ਹੋਇਆ ਕਰਦੈ। ਲੇਕਿਨ ਉਹਨਾਂ ਦੀ ਕਿਰਿਆ ਸੰਸਾਰ ਦੇ ਮੁਆਫਿਕ ਨਹੀਂ ਹੋਇਆ ਕਰਦੀ। ਉਹ ਆਪਣੀ ਮੌਜ ਦੇ ਮਾਲਕ ਹੋਇਆ ਕਰਦੇ ਨੇ। ਕਿਉਂਕਿ ਉਹ ਕਿਸੇ ਦੀ ਮੁਹਥਾਜੀ ਨਹੀਂ ਮੰਨਦੇ। ਆਪਣੀ ਮੌਜ ਵਿਚ ਵਰਤਦੇ ਨੇ।

ਬਾਬਾ ਬੀਰ ਸਿੰਘ ਜੀ ਮਹਾਰਾਜ, ਮਹਾਰਾਜਾ ਰਣਜੀਤ ਸਿੰਘ ਨਾਲ ਜਾ ਰਹੇ ਨੇ। ਅਟਕ ਦਰਿਆ 'ਤੇ ਮਹਾਰਾਜਾ ਆਇਆ। ਬਾਬਾ ਜੀ! ਕੀ ਕੀਤਾ ਜਾਵੇ? ਫੌਜ ਜੇ ਅਗਾਂਹਾਂ ਨਾ ਲੰਘੀ ਤਾਂ ਜਮਰੌਦ ਦਾ ਕਿਲ੍ਹਾ ਹਾਰ ਜਾਵਾਂਗੇ। ਉਹਦੇ ਹਾਰਨ ਦਾ ਮਤਲਬ ਹੈ ਕਿ ਦੋ ਲੱਖ ਪਠਾਨ ਇਸ ਵੇਲੇ ਤਿਆਰ ਬਰ ਤਿਆਰ, ਲਾਹੌਰ ਵਲ ਨੂੰ ਝਾਕ ਰਹੇ ਨੇ। ਉਹ ਕਿਲ੍ਹਾ ਫਤਹਿ ਹੁੰਦੇ ਸਾਰ, ਸਿੰਧ ਦਰਿਆ ਲੰਘ ਕੇ ਲਾਹੌਰ ਤੋਂ ਉਰ੍ਹੇ ਨਹੀਂ ਉਹਨਾਂ ਨੇ ਠਹਿਰਣਾ। ਮੁੜ ਕੇ ਓਹੀ ਸੰਤਾਪ ਕੱਟਣਾ ਪਵੇਗਾ। ਕ੍ਰਿਪਾ ਕਰੋ।

ਵੈਸੇ ਤਾਂ ਸੰਤ ਸ਼ਕਤੀਆਂ ਦਿਖਾਲਦੇ ਹੀ ਨਹੀਂ ਹੁੰਦੇ। ਕੁਛ ਹੋ ਜਾਵੇ। ਪਰਉਪਕਾਰ ਵਾਸਤੇ, ਜਦੋਂ ਬਾਬਾ ਜੀ ਨੇ ਦੇਖਿਆ, ਦਰਿਆ ਦੇ ਕੰਢੇ ਆਏ, ਕਹਿਣ ਲੱਗੇ, ਕਿਉਂ ਉਛਲਦਾ ਹੈਂ ਐਨਾ, ਥੋੜ੍ਹਾ ਸਮਾਂ ਸਾਨੂੰ ਦੇ-ਦੇ, ਅਸੀਂ ਸੁਖਮਨੀ ਸਾਹਿਬ ਦਾ ਪਾਠ ਕਰਨੈ, ਵਿਚਾਲੇ ਖੜ੍ਹ ਕੇ। ਉਤਰ ਜਾਹ। ਹੁਣ ਹੁਕਮ ਮੰਨਦੇ ਨੇ -

*ਭੈ ਵਿਚਿ ਪਵਣੁ ਵਹੈ ਸਦਵਾਉ ॥*
*ਭੈ ਵਿਚਿ ਚਲਹਿ ਲਖ ਦਰੀਆਉ ॥* *ਅੰਗ- ੪੬੪*

ਬਾਬਾ ਫਰੀਦ ਖੜ੍ਹੇ ਨੇ ਦਰਿਆ ਦੇ ਕੰਢੇ। ਦਰਿਆ ਫਟਾਫਟ ਸ਼ਹਿਰ ਨੂੰ ਢਾਹੁਣ ਲੱਗਿਆ ਹੋਇਐ। ਤਰਸ ਆ ਗਿਆ। ਕਹਿੰਦੇ -

*ਕੰਧੀ ਵਹਣ ਨ ਢਾਹਿ ਤਉ ਭੀ ਲੇਖਾ ਦੇਵਣਾ॥*

*ਅੰਗ- ੧੩੮੨*

ਦਰਿਆ ਪਰ੍ਹੇ ਨੂੰ ਚਲਿਆ ਗਿਆ, ਲੇਕਿਨ ਆਵਾਜ਼ ਆਈ ਕਿ ਬਾਬਾ ਫਰੀਦ! ਮੈਂ ਵੀ ਕਿਸੇ ਹੁਕਮ 'ਚ ਚਲ ਰਿਹਾ ਸੀ। ਤੇਰਾ ਕਹਿਣਾ ਮੋੜਿਆ ਨਹੀਂ ਜਾਂਦਾ। ਪਰ ਮੈਂ ਹੁਕਮ 'ਚ ਕਾਰ ਕਰ ਰਿਹਾ ਸੀ।

ਕਹਿੰਦੇ, ਅੱਛਾ -

*ਜਿਧਰਿ ਰਬ ਰਜਾਇ ਵਹਣੁ ਤਿਦਾਊ ਗੰਉ ਕਰੇ ॥*

*ਅੰਗ- ੧੩੮੨*

ਚੰਗਾ ਜਿਧਰ ਰੱਬ ਦੀ ਰਜ਼ਾ ਹੈ, ਤੂੰ ਉਥੇ ਹੀ ਵਹਿ। ਫੇਰ ਮੁੜ ਕੇ ਕੰਢੇ 'ਤੇ ਆ ਗਿਆ। ਸੋ ਉਹ ਕਹਿਣਾ ਮੰਨਦੇ ਨੇ। ਮੰਨਣਾ ਪੈਂਦੈ ਉਹਨਾਂ ਨੂੰ -

*ਜੋ ਕਿਛੁ ਕਰੈ ਸੋਈ ਪ੍ਰਭ ਮਾਨਹਿ.......॥ ਅੰਗ- ੨੮੬*

ਬੰਦਗੀ ਕਰਨ ਦੇ ਨਾਲ ਸ਼ਕਤੀ ਆ ਜਾਂਦੀ ਹੈ। ਸਤਿ ਬੋਲੋ, ਸਤਿ ਸੋਚੋ, ਸਤਿ ਦਾ ਜੀਵਨ ਬਤੀਤ ਕਰੋ। ਜ਼ੁਬਾਨ ਦੇ ਉਤੇ ਸਤਿ ਆ ਜਾਏਗਾ। ਪ੍ਰਮੇਸ਼ਰ ਵਸਣਾ ਸ਼ੁਰੂ ਹੋ ਜਾਏਗਾ। ਜਿਹੜਾ ਕੁਛ ਕਹਿ ਦਿੰਦੈ, ਉਹ ਪੂਰਾ ਹੋ ਜਾਂਦੈ। ਮੌਜ ਹੈ ਉਸ ਦੀ। ਕਹਿ ਦੇਵੇ, ਕਹਿ ਦੇਵੇ। ਨਹੀਂ ਕਹਿੰਦਾ, ਨਾ ਕਹੇ। ਮਜ਼ਬੂਰੀ ਨਹੀਂ ਹੋਇਆ ਕਰਦੀ।

ਦਰਿਆ ਰੁਕ ਗਿਆ। ਪਾਠ ਕਰ ਲਿਆ। ਫੌਜਾਂ ਲੰਘ ਗਈਆਂ। ਇਕ ਕੰਪਨੀ ਰਹਿ ਗਈ ਸੀ, ਉਹ ਰੁੜ ਗਈ। ਕਿਉਂਕਿ ਉਹ ਨਾਸਤਕ ਸੀ। ਬਾਬਾ ਜੀ ਲੰਘ ਗਏ, ਫੇਰ ਵੜੀ ਉਹ ਉਹਦੇ ਵਿਚ। ਕਹਿੰਦੀ ਕਿ ਇਸ ਤਰ੍ਹਾਂ ਵੀ ਰੁਕਦੈ ਕਦੇ।

ਸੋ ਸਾਧੂ ਬੇਪਰਵਾਹ ਹੋਇਆ ਕਰਦੇ ਨੇ। ਕੋਈ ਝੁਕਾਉ ਨਹੀਂ ਹੋਇਆ ਕਰਦਾ ਕਿਸੇ ਦਾ ਵੀ। ਸਿਕੰਦਰ ਜਦੋਂ ਨੇੜੇ ਗਿਆ, ਕਹਿੰਦਾ ਇਹ ਕਿਹੋ ਜਿਹਾ ਸਾਧੂ ਹੈ, ਇਹਨੂੰ ਪਤਾ ਨਹੀਂ ਕਿ ਮੇਰੇ ਕਲਗੀ ਲੱਗੀ ਹੋਈ ਹੈ। ਕਿੰਨੀ ਸ਼ਾਨ ਨਾਲ ਮੈਂ ਆਉਂਦਾ ਹਾਂ। ਇਹ ਕੰਗਲਾ ਜਿਹਾ ਉਠ ਕੇ ਕਿਉਂ ਨਹੀਂ ਖੜ੍ਹਾ ਹੁੰਦਾ। ਪੋਰਸ ਕਹਿਣ ਲੱਗਿਆ ਕਿ ਇਹ ਤਾਂ ਬਾਦਸ਼ਾਹਾਂ ਦੇ ਬਾਦਸ਼ਾਹ ਹੁੰਦੇ ਨੇ। ਇਹ

ਦੇਖਣ ਨੂੰ ਇਸ ਤਰ੍ਹਾਂ ਲਗਦੇ ਨੇ। ਇਹਨਾਂ ਦੇ ਵਿਚ ਜਿੰਨੀਆਂ ਬਰਕਤਾਂ ਨੇ ਬਾਦਸ਼ਾਹ ਦੇ ਕੋਲ ਤਾਂ ਇਕ ਵੀ ਨਹੀਂ। ਬਾਦਸ਼ਾਹ ਇਹਨਾਂ ਦੇ ਮੁਕਾਬਲੇ 'ਤੇ ਕੀ ਕਹਾਉਂਦੇ, ਆਪਣੇ ਆਪ ਨੂੰ।

ਭਾਈ ਗੜ੍ਹੀਆ, ਗੁਰੂ ਛੇਵੇਂ ਪਾਤਸ਼ਾਹ ਜੀ ਦੇ ਪਰਵਾਣ ਹੋਏ-ਹੋਏ ਗੁਰਸਿੱਖ ਸੀ। ਕਸ਼ਮੀਰ ਦੀ ਜੋ ਕਾਰ ਭੇਟ ਸੀ, ਦਸਵੰਧ ਦੀ। ਉਹ ਪਹੁੰਚੀ ਨਾ। ਦੋ ਸਾਲ ਹੋ ਗਏ। ਗੁਰੂ ਛੇਵੇਂ ਪਾਤਸ਼ਾਹ ਕਹਿਣ ਲੱਗੇ, ਭਾਈ ਗੜ੍ਹੀਆ। ਕਸ਼ਮੀਰ ਤੁਸੀਂ ਜਾਓ, ਜਾ ਕੇ ਕਾਰ ਭੇਟ ਲੈ ਕੇ ਆਓ। ਤੁਰ ਜਾਂਦੇ ਨੇ ਤੇ ਗੁਜਰਾਤ ਵਿਚ ਜਾ ਕੇ ਦਉਲੇ ਸ਼ਾਹ ਪੀਰ ਹੈ ਬੜਾ ਸ਼ਕਤੀਆਂ ਵਾਲਾ। ਉਹਦਾ ਇਕ ਚੇਲਾ ਹੈ ਜਹਾਂਗੀਰ, ਉਹ ਬਹੁਤ ਸ਼ਕਤੀਆਂ ਵਾਲਾ ਸੀ। ਸ਼ੇਰਾਂ 'ਤੇ ਚੜ੍ਹ ਜਾਣਾ, ਸੱਪਾਂ ਦੇ ਚਾਬੁਕ ਬਣਾ ਲੈਣੇ। ਮਾਮੂਲੀ ਬਾਤਾਂ ਸੀ ਉਹਨਾਂ ਦੀਆਂ। ਉਹਨਾਂ ਦੇ ਕੋਲ ਜਿਸ ਵਕਤ ਗਏ। ਪਤਾ ਲੱਗਿਆ ਤਾਂ ਪੀਰ ਦਉਲੇ ਸ਼ਾਹ ਨੇ ਕਿਹਾ ਕਿ ਭਾਈ ਗੜੀਆ ਮੈਨੂੰ ਬਹੁਤ ਖੁਸ਼ੀ ਹੋਈ ਹੈ ਤੇਰੇ ਦਰਸ਼ਨ ਕਰਕੇ। ਉਸ ਤੋਂ ਵੀ ਜ਼ਿਆਦਾ ਖੁਸ਼ੀ ਹੋਏਗੀ ਜੇ ਤੂੰ ਮੈਨੂੰ ਸੁਖਮਨੀ ਸਾਹਿਬ ਦਾ ਪਾਠ ਸੁਣਾ ਦੇਵੇਂ। ਭਾਈ ਗੜੀਆ ਜੀ ਕਈ ਦਿਨ ਰਹੇ ਤੇ ਹਰ ਰੋਜ਼ ਸੁਖਮਨੀ ਸਾਹਿਬ ਪੜ੍ਹਿਆ ਕਰਨ, ਵਿਚਾਰ ਕਰਿਆ ਕਰਨ ਤੇ ਬਹੁਤ ਪ੍ਰਸੰਨ ਹੋ ਗਿਆ। ਜਦੋਂ ਜਾਣ ਦੀ ਆਗਿਆ ਲਈ ਉਸ ਵੇਲੇ ਪਿੰਡ ਤੋਂ ਬਾਹਰ ਗਏ ਤਾਂ ਇਹਨਾਂ ਦੇ ਛਿੱਤਰ ਪਾਏ ਹੋਏ ਸੀ। ਅੱਡੀਆਂ ਤੋਂ ਬਗੈਰ। ਉਹ ਮਿੱਟੀ ਚੁਕਣ ਉਤੇ ਨੂੰ ਜਾਵੇ, ਧੂੜ ਉਡਦੀ ਜਾਵੇ। ਕੁੜਤੇ ਵਲ ਦੇਖਿਆ, ਉਹ ਵੀ ਮਸਤਾਨਾ ਹੋਇਆ-ਹੋਇਆ। ਉਹਨੇ ਕਿਹਾ ਕਿ ਗਰੀਬ ਸਿੱਖ ਹੈ। ਕੁੜਤਾ ਵੀ ਫਾਟਿਆ ਹੋਇਐ ਤੇ ਨਾਲ ਜੁੱਤੀ ਵੀ ਟੁੱਟੀ ਹੋਈ ਹੈ। ਕਹਿੰਦੇ, ਭਾਈ ਗੜੀਆ ਮਾਇਆ ਤਾਂ ਨਹੀਂ ਮੈਂ ਲਿਆਇਆ ਕੋਈ। ਪਰ ਤੂੰ ਮੇਰੀ ਇਕ ਬੇਨਤੀ ਮੰਨ ਲੈ। ਉਹ ਡਲਾ ਚੁਕ ਲੈ ਵਾਹਣ ਵਿਚੋਂ, ਇਹਨੂੰ ਵੇਚ ਕੇ ਵਧੀਆ ਕੱਪੜੇ ਲੀੜੇ, ਜੋੜੇ ਬਣਾ ਲਈਂ। ਪੈਦਲ ਜਾਂਦੈ ਤੇ ਸਵਾਰੀ ਵਾਸਤੇ ਕੋਈ ਘੋੜਾ ਵਗੈਰਾ ਵੀ ਲੈ ਲਈਂ ਵਧੀਆ ਤੋਂ ਵਧੀਆ। ਭਾਈ ਗੜੀਏ ਦੇ ਮਨ ਵਿਚ ਆਇਆ ਕਿ ਇਸ ਨੂੰ ਗੁਰੂ ਘਰ ਦੇ ਗੁਰਸਿੱਖਾਂ ਦੀ ਮਹਿਮਾ ਦਾ ਪਤਾ ਨਹੀਂ ਹੈ। ਸਭ ਕੁਛ ਹੁੰਦੇ ਹੋਏ ਇਹ ਐਨੇ ਗੁਪਤ ਰਹਿੰਦੇ ਨੇ ਕਿ ਕਿਸੇ ਨੂੰ ਪਤਾ ਹੀ ਨਹੀਂ ਲਗਦਾ। ਚੰਗਾ ਹੈ, ਗੁਰੂ ਘਰ ਦੀ ਮਹਿਮਾ ਦਾ ਇਹਨੂੰ ਪਤਾ ਲਗਣਾ ਚਾਹੀਦੈ।

ਕਹਿੰਦੇ, ਪੀਰ ਜੀ! ਕਿਹੜੇ ਡਲੇ ਦੀ ਗੱਲ ਕਰਦੇ ਹੋਂ? ਜਿਸ ਵਕਤ ਪੀਰ ਨੇ ਖੇਤ ਵਲ ਦੇਖਿਆ। ਵੱਡੀਆਂ-ਵੱਡੀਆਂ ਢੀਮਾਂ ਉਠੀਆਂ ਹੋਈਆਂ ਸੀ, ਡਲੇ ਉਠੇ ਹੋਏ ਸੀ। ਕੀ ਦੇਖਦੈ ਕਿ ਸਾਰਾ ਹੀ ਖੇਤ ਝਿਲਮਿਲ-ਝਿਲਮਿਲ ਕਰ ਰਿਹੈ, ਇਹ ਤਾਂ ਸਾਰਾ ਹੀ ਸੋਨੇ ਦਾ ਬਣਾ ਦਿਤਾ ਇਹਨਾਂ ਨੇ। ਉਸ ਵੇਲੇ ਸਿਜਦਾ ਕੀਤਾ। ਕਹਿੰਦੇ, ਭਾਈ ਗੜੀਆ! ਐਨੀਆਂ ਸ਼ਕਤੀਆਂ ਦਾ ਮਾਲਕ ਹੋ ਕੇ ਆਹ ਹਾਲਤ ਰੱਖੀ ਹੋਈ ਹੈ।

ਕਹਿੰਦੇ, ਪੀਰ ਜੀ! ਛੁਪਣਾ ਹੀ ਅੱਛਾ ਹੈ। ਮੱਖੀਆਂ ਬਹੁਤ ਤੰਗ ਕਰਦੀਆਂ ਨੇ ਪ੍ਰਗਟ ਹੋਣ 'ਤੇ।

ਸੋ ਉਹਦੇ ਮੁਕਾਬਲੇ 'ਤੇ ਰਾਜਾ ਕੀ ਹੁੰਦੈ, ਜਿਹੜਾ ਪਹਾੜ ਨੂੰ ਹੀ ਸੋਨਾ ਬਣਾ ਦੇਵੇ। ਜਿਹੜਾ ਸਾਰੇ ਪੱਥਰਾਂ ਨੂੰ ਪਾਰਸ ਬਣਾ ਦੇਵੇ।

ਭਾਈ ਘਨੱਈਏ ਦੇ ਕੋਲ ਜਦੋਂ ਜਾਂਦੈ ਇਥੇ ਪਾਣੀ ਪਿਲਾ ਕੇ। ਮੂਰਛਾ ਖੋਲ੍ਹੀ ਉਸਦੀ।

ਪੁਛਿਆ, ਤੇਰਾ ਨਾਮ?

ਕਹਿੰਦੇ, ਘਨੱਈਆ।

ਕੌਣ ਹੈ ਤੂੰ?

ਕਹਿੰਦੇ, ਮੈਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਅਦਨਾ ਜਿਹਾ ਸਿੱਖ।

ਤੈਨੂੰ ਵੈਰ ਨਹੀਂ ਹੈ ਸਿੱਖ ਹੋਣ ਦੇ ਨਾਤੇ ਮੇਰੇ ਨਾਲ?

ਕਹਿੰਦਾ, ਨਾ ਮੇਰਾ ਗੁਰੂ ਕਿਸੇ ਨਾਲ ਵੈਰ ਨਹੀਂ ਕਰਦਾ -

*ਬਿਸਰਿ ਗਈ ਸਭ ਤਾਤਿ ਪਰਾਈ ॥*
*ਜਬ ਤੇ ਸਾਧਸੰਗਤਿ ਮੋਹਿ ਪਾਈ ॥ ੧ ॥ ਰਹਾਉ ॥*
*ਨਾ ਕੋ ਬੈਰੀ ਨਹੀ ਬਿਗਾਨਾ*
*ਸਗਲ ਸੰਗਿ ਹਮ ਕਉ ਬਨਿ ਆਈ ॥ ੧ ॥*

*ਅੰਗ- ੧੨੯੯*

ਨਾ ਮੁਗਲ ਖਾਨ! ਸਾਡਾ ਕਿਸੇ ਨਾਲ ਵੈਰ ਨਹੀਂ।

ਕਹਿੰਦਾ, ਗੁਰੂ ਦਾ?

ਕਹਿੰਦੇ, ਗੁਰੂ ਦਾ ਕੀ ਹੋਣੈ, ਜਦ ਸਿੱਖ ਦਾ ਨਹੀਂ ਹੈ।

ਘਰ ਚਲਿਆ ਗਿਆ। ਲੇਕਿਨ ਮਨ 'ਚ ਰਿਹਾ ਕਿ ਮੈਂ ਉਹਦੇ ਕੋਲ ਜਾਣੈ। ਨੌਕਰੀ ਛੱਡ ਦਿਤੀ। ਪਾਣੀ ਨਹੀਂ ਪੀਤਾ, ਆਬ-ਏ-ਹਿਆਤ ਪੀ ਲਿਆ। ਸੁਥਰਾ ਹੋ ਗਿਆ ਅੰਦਰੋਂ। ਉਧਰੋਂ ਮਹਾਰਾਜ ਨੇ ਛੁਟੀ ਦੇ ਦਿਤੀ ਤੇ ਭਾਈ ਘਨੱਈਆ ਕੁਹਾਟ ਚਲਿਆ ਗਿਆ। 200 ਘੜਾ ਸਵੇਰੇ ਭਰ ਕੇ ਪਹਾੜ ਦੇ ਉਤੇ ਰਖ ਦੇਣਾ, ਸਾਰਾ ਦਿਨ ਬੈਠ ਕੇ ਉਥੇ ਪਾਣੀ ਪਿਲਾਉਂਦੇ ਰਹਿਣਾ। ਇਹ ਪੁਛਦਾ ਪੁਛਾਉਂਦਾ ਉਥੇ ਪਹੁੰਚ ਗਿਆ ਤੇ ਉਥੇ ਭਾਈ ਘਨੱਈਆ ਨਦੀ ਦੇ ਕਿਨਾਰੇ ਸਮਾਧੀ ਲਾਈ ਬੈਠੇ ਨੇ। ਇਹਨੇ ਇਕ

ਪਾਰਸ ਘਰੋਂ ਲਿਜਾ ਕੇ ਭੇਟ ਕਰ ਦਿਤਾ। ਭਾਈ ਘਨੱਈਏ ਦੀ ਸਮਾਧੀ ਛੁਟੀ ਤਾਂ ਉਸ ਵੇਲੇ ਕਹਿਣ ਲੱਗੇ ਕਿ ਭਾਈ ਗੁਰਮੁਖਾ! ਆਹ ਕੀ ਲੈ ਕੇ ਆਇਆ ਹੈਂ? ਕਹਿੰਦਾ, ਮਹਾਰਾਜ! ਇਹ ਪਾਰਸ ਹੈ। ਲੋਹੇ ਨੂੰ ਲਾ ਦਿਓ, ਸੋਨਾ ਬਣ ਜਾਂਦੈ। ਚਾਹੇ ਹਜ਼ਾਰ ਕੁਇੰਟਲ ਬਣਾ ਲਓ, ਚਾਹੇ ਲੱਖ ਕੁਇੰਟਲ ਬਣਾ ਲਓ ਇਹ ਘਟਦਾ ਹੀ ਨਹੀਂ। ਕਹਿੰਦੇ, ਸਾਡੇ ਕੀ ਕੰਮ ਹੈ?

ਕਹਿਣ ਲੱਗਿਆ, ਮਹਾਰਾਜ! ਦੇਖੋ, ਉਤੇ ਲੰਗਰ ਵੀ ਤੁਸੀਂ ਚਲਾ ਰਹੇ ਹੋਂ? ਸੇਵਾਦਾਰ ਰਖ ਲਓ, ਪਾਣੀ ਲੈ ਜਾਇਆ ਕਰਨਗੇ। ਕੰਮ ਹੀ ਆਉਣੈ ਇਥੇ ਮਕਾਨ ਬਣਾ ਲਓ ਰਿਹਾਇਸ਼ ਦੇ।

ਕਹਿੰਦੇ, ਸਾਨੂੰ ਤਾਂ ਲੋੜ ਨਹੀਂ ਹੈ। ਤੂੰ ਲੈ-ਲੈ। ਵਾਪਸ ਕਰ ਦਿਤਾ। ਉਹਨੇ ਫੇਰ ਵਾਪਸ ਕਰ ਦਿਤਾ। ਉਹਨਾਂ ਨੇ ਫੇਰ ਕਰ ਦਿਤਾ। ਕਹਿੰਦੇ, ਫੇਰ ਇਹ ਸਾਡਾ ਹੋਇਆ ਨਾ। ਕਹਿੰਦਾ ਹਾਂ।

ਉਹਨਾਂ ਨੇ ਚੁਕਿਆ, ਨਦੀ 'ਚ ਮਾਰਿਆ ਵਗਾਹ ਕੇ। ਜਦੋਂ ਗਿਰਿਆ, ਰੋਣ ਲੱਗ ਗਿਆ, ਪਠਾਣ। ਕਹਿਣ ਲੱਗਿਆ, ਬਾਬਾ ਜੀ! ਇਹ ਤਾਂ ਮਿਲਦਾ ਹੀ ਨਹੀਂ ਕਿਤੇ। ਇਹ ਤਾਂ ਸਾਡੇ ਪੁਸ਼ਤ-ਦਰ-ਪੁਸ਼ਤ ਚਲਿਆ ਆਉਂਦੈ। ਜਿਹਦੇ ਕਰਕੇ ਅਸੀਂ ਰੋਟੀ ਵਧੀਆ ਖਾਂਦੇ ਹਾਂ। ਜਦ ਬਹੁਤ ਵਿਰਲਾਪ ਕਰਿਆ ਤਾਂ ਕਹਿੰਦੇ, ਤੂੰ ਕੀ ਕਰਨੈ।

ਕਹਿੰਦਾ, ਮੈਨੂੰ ਓਹੀ ਚਾਹੀਦੈ।

ਨਦੀ ਨੂੰ ਕਹਿੰਦੇ, ਦੇ-ਦੇ ਇਹਦਾ ਪਾਰਸ।

ਦੋ ਹਿੱਸਿਆਂ 'ਚ ਹੋ ਗਈ ਨਦੀ। ਵਿਚਾਲਿਓਂ ਉਚਾ ਨਿਕਲ ਕੇ, ਪੱਥਰ ਹੀ ਪੱਥਰ ਪਏ। ਕਹਿੰਦੇ, ਜਾਹ, ਥੋੜ੍ਹਾ-ਥੋੜ੍ਹਾ ਪਾਣੀ ਹੈ, ਪਾਰ ਲੰਘ ਕੇ ਉਥੋਂ ਆਪਣਾ ਪਾਰਸ ਟੋਲ੍ਹ ਲਿਆ।

ਉਥੇ ਗਿਆ ਤਾਂ ਨਾਲ ਲੈ ਗਿਆ ਲੋਹੇ ਦੇ ਟੁਕੜੇ। ਟੁਕੜਾ ਚੁਕ ਕੇ ਲਾਇਆ ਕੀ ਦੇਖਦੈ ਸੋਨਾ ਬਣ ਗਿਆ। ਦੂਸਰੇ ਪੱਥਰ ਨੂੰ ਲਾਇਆ ਫੇਰ ਸੋਨਾ ਬਣ ਗਿਆ। ਤੀਸਰੇ ਨੂੰ ਲਾਇਆ ਫੇਰ ਸੋਨਾ ਬਣ ਗਿਆ। ਕਹਿੰਦਾ, ਇਹ ਤਾਂ ਸਾਰੇ ਹੀ ਪਾਰਸ ਪਏ ਨੇ। ਸਮਝ ਆ ਗਈ। ਵਾਪਸ ਆ ਗਿਆ।

ਕਹਿੰਦੇ, ਲਿਆਇਆ ਨਾ ਤੂੰ ਪਾਰਸ?

ਕਹਿਣ ਲੱਗਿਆ, ਮਹਾਰਾਜ! ਮੈਨੂੰ ਹੁਣ ਇਸ ਪੱਥਰ ਦੀ ਲੋੜ ਨਹੀਂ। ਮੈਨੂੰ ਉਹ ਚੀਜ਼ ਦੇ ਦਿਓ, ਜਿਹਦੇ ਨਾਲ ਪਾਰਸ ਬਣਦੇ ਨੇ। ਕਹਿੰਦੇ, ਉਹ ਤਾਂ ਪਿਆਰਿਆ! ਪ੍ਰਮੇਸ਼ਰ ਦਾ ਨਾਮ ਹੈ। ਪ੍ਰਮੇਸ਼ਰ ਦਾ ਨਾਮ ਸਾਰੀ ਦੁਨੀਆਂ ਨੂੰ ਪਾਰਸ ਬਣਾ ਸਕਦੈ।

ਸੋ ਇਸ ਤਰ੍ਹਾਂ ਸਾਧੂ ਜਿਹੜੇ ਨੇ ਉਹਨਾਂ ਦਾ ਦੁਨੀਆਂ ਦਾ ਰਾਜਾ ਕੀ ਮੁਕਾਬਲਾ ਕਰ ਲਏਗਾ। ਸੋ ਕਹਿਣ ਲੱਗੇ, ਮਹਾਰਾਜ! ਸਾਧੂ ਨੇ। ਐਨੀ ਵੱਡੀ ਇਹਨਾਂ ਦੀ ਹਸਤੀ ਹੈ ਕਿ ਇਥੇ ਆ ਕੇ ਤਾਂ ਨਿਵਣਾ ਪੈਂਦੈ। ਕਹਿੰਦਾ, ਮੈਂ ਨਿਵਾਂ, ਨੰਗ ਧੜੰਗੇ ਕੋਲ। ਤਲਵਾਰ ਕੱਢ ਲਈ। ਅੱਗੇ ਵਧਿਆ ਤੇ ਇਰਾਦਾ ਕਰਿਆ ਕਿ ਮਾਰ ਦੇਵਾਂ ਇਹਨੂੰ। ਜਦੋਂ ਨੇੜੇ ਗਿਆ, ਤਲਵਾਰ ਚੁਕੀ ਹੋਈ ਉਥੇ ਹੀ ਰੁਕ ਗਈ। ਬਾਂਹ ਹੀ ਨਹੀਂ ਥੱਲੇ ਹੁੰਦੀ। ਉਥੇ ਹੀ ਜਕੜਿਆ ਗਿਆ। ਘੋੜਾ ਵੀ ਜਕੜਿਆ ਗਿਆ। ਬੋਲਦਾ ਹੀ ਨਹੀਂ, ਝਾਕੀ ਜਾਂਦੈ ਬਿਟ-ਬਿਟ।

ਪੋਰਸ ਨੇ ਜਾ ਕੇ ਨਮਸ਼ਕਾਰ ਕਰੀ, ਬੇਨਤੀ ਕਰੀ ਕਿ ਮਹਾਰਾਜ! ਇਹ ਵਿਦੇਸ਼ੀ ਹੈ ਇਸ ਤੋਂ ਭੁੱਲ ਹੋ ਗਈ। ਕ੍ਰਿਪਾ ਕਰੋ। ਕਹਿਣ ਲੱਗੇ, ਸਿਕੰਦਰ! ਕਿੰਨੀਆਂ ਭੈਣਾਂ ਤੋਂ ਵੀਰ ਖੋਹੇ ਨੇ, ਕਿੰਨੀਆਂ ਇਸਤ੍ਰੀਆਂ ਤੋਂ ਉਹਨਾਂ ਦੇ ਪਤੀ ਖੋਹੇ ਨੇ, ਕਿੰਨੀਆਂ ਮਾਵਾਂ ਤੋਂ ਤੂੰ ਉਹਨਾਂ ਦੇ ਪੁੱਤਰ ਖੋਹੇ ਨੇ। ਤੇਰੀ ਤਲਵਾਰ ਅਜੇ ਖੂਨ ਪੀ-ਪੀ ਕੇ ਰੱਜੀ ਨਹੀਂ। ਕੀ ਚਾਹੁੰਦਾ ਹੈਂ ਤੂੰ ਇਥੇ ਆ ਕੇ? ਕਿਉਂ ਤਲਵਾਰ ਕੱਢੀ ਤੂੰ?

ਕਹਿੰਦਾ, ਮਹਾਰਾਜ! ਮੈਂ ਸਾਰੀ ਦੁਨੀਆਂ ਨੂੰ ਜਿੱਤਣ ਤੋਂ ਬਾਅਦ ਆਇਆ ਹਾਂ। ਕਹਿੰਦੇ, ਕਿੰਨੀ ਕੁ ਹੈ ਤੇਰੀ ਤਾਕਤ। ਹੈ ਤੇਰੇ 'ਚ ਤਾਕਤ ਕੋਈ? ਹਿੱਲ ਨਹੀਂ ਸਕਦਾ, ਹਿੱਲ ਕੇ ਦਿਖਾ ਜੇ ਤੇਰੇ 'ਚ ਤਾਕਤ ਹੈ? ਜੜ੍ਹ ਬਣਿਆ ਖੜ੍ਹੈ। ਬੇਨਤੀਆਂ ਕਰਦੈ, ਮਹਾਰਾਜ! ਕ੍ਰਿਪਾ ਕਰੋ।

ਉਹ ਕਹਿੰਦੇ, ਤੂੰ ਇਸ ਤਰ੍ਹਾਂ ਦਸ, ਜੇ ਤੇਰਾ ਕੋਈ ਗੁਲਾਮ ਆ ਜਾਏ ਤੂੰ ਖੜ੍ਹਾ ਹੁੰਦੈਂ?

ਕਹਿੰਦਾ, ਨਹੀਂ।

ਜੇ ਉਹਦਾ ਵੀ ਗੁਲਾਮ ਆ ਜਾਏ?

ਕਹਿੰਦਾ, ਨਹੀਂ।

ਕਹਿੰਦੇ, ਫੇਰ ਮੈਂ ਕਿਉਂ ਖੜ੍ਹਾ ਹੋਵਾਂ? ਮੈਨੂੰ ਕੀ ਲੋੜ ਹੈ ਤੇਰੇ ਤਕ।

ਕਹਿੰਦਾ, ਮਹਾਰਾਜ! ਮੈਂ ਗੁਲਾਮ ਤਾਂ ਨਹੀਂ।

ਕਹਿੰਦੇ, ਦੇਖ, ਤੂੰ ਹਿਰਸ ਦਾ ਗੁਲਾਮ ਹੈਂ, ਲੋਭ ਦਾ, ਲਾਲਚ ਦਾ। ਲਾਲਚ ਅਸੀਂ ਔਹ ਖੜ੍ਹਾਵਾਂ ਦੇ ਥੱਲੇ ਰਖਿਆ ਹੋਇਐ। ਸਾਡਾ ਮਨ ਸਾਡਾ ਗੁਲਾਮ ਹੈ ਤੇ ਮਨ ਸਰੀਰ ਨੂੰ ਹਿਲਾਉਂਦੈ। ਸਰੀਰ ਦੀਆਂ ਗੁਲਾਮ ਉਹ ਖੜ੍ਹਾਵਾਂ ਨੇ। ਖੜ੍ਹਾਵਾਂ ਦੇ ਥੱਲੇ ਤੇਰਾ ਮਾਸਟਰ ਪਿਐ ਤੇ ਉਹਦੇ ਥੱਲੇ ਤੂੰ ਹੈਂ। ਤੂੰ ਕਹਿੰਦੇ, ਸਾਡੇ ਗੁਲਾਮਾਂ ਦੇ ਗੁਲਾਮਾਂ ਦੇ ਗੁਲਾਮਾਂ ਦਾ ਗੁਲਾਮ ਹੈਂ। ਤੇਰੇ ਅੱਗੇ ਵਲ

ਮੈਂ ਕੀ ਧਿਆਨ ਦੇਵਾਂ?

ਸਮਝ 'ਚ ਆ ਗਈ ਗੱਲ ਕਿ ਸੱਚ ਹੀ ਇਹ ਤਾਂ ਬਹੁਤ ਵੱਡੇ ਨੇ। ਮਹਾਤਮਾ ਨੇ ਦ੍ਰਿਸ਼ਟੀ ਕਰ ਦਿਤੀ। ਤਲਵਾਰ ਪਾ ਲਈ ਮਿਆਨ 'ਚ, ਉਤਰ ਆਇਆ ਘੋੜੇ ਤੋਂ। ਉਸ ਤੋਂ ਬਾਅਦ ਸਾਮ੍ਹਣੇ ਖੜ੍ਹ ਗਿਆ। ਮਹਾਤਮਾ ਧੁੱਪ ਸੇਕਦੇ ਸੀ, ਛਾਂ ਕਰ ਦਿਤੀ ਇਹਨੇ ਅੱਗੇ ਖੜ੍ਹ ਕੇ। ਨਾਲ ਕਹਿਣ ਲੱਗਿਆ ਕਿ ਮਹਾਰਾਜ! ਮੈਨੂੰ ਹੁਕਮ ਕਰੋ, ਮੈਂ ਇਥੇ ਸਾਰੇ ਫੁਹਾਰੇ ਲਵਾ ਦਿੰਦਾ ਹਾਂ। ਪਾਰਕ ਬਣ ਜਾਣਗੇ।

ਕਹਿੰਦੇ, ਲੋੜ ਨਹੀਂ ਮੱਖੀਆਂ ਦੀ ਸਾਨੂੰ। ਕੀ ਕਰਨੇ ਨੇ ਅਸੀਂ ਫੁਹਾਰੇ। ਬੜੇ ਅਨੰਦ ਨਾਲ ਬੈਠੇ ਹਾਂ।

ਕਹਿੰਦਾ, ਮਹਾਰਾਜ! ਮੈਂ ਕਸ਼ੇਤਰ ਚਲਾ ਦਿੰਦਾ ਹਾਂ?

ਕਹਿੰਦੇ, ਉਹਦੀ ਵੀ ਲੋੜ ਨਹੀਂ।

ਸੜਕ ਬਣਾ ਦਿੰਦਾ ਹਾਂ?

ਕਹਿੰਦੇ, ਉਹਦੀ ਵੀ ਲੋੜ ਨਹੀਂ।

ਕਹਿੰਦਾ, ਮੈਂ ਤਾਂ ਕੁਛ ਦੇ ਕੇ ਜਾਣੈ ਅੱਜ। ਮੇਰਾ ਪ੍ਰਣ ਹੈ।

ਕਹਿੰਦੇ, ਜੇ ਦੇ ਕੇ ਜਾਣੈ, ਪਾਸੇ ਹਟ ਜਾ, ਧੁੱਪ ਨਾ ਰੋਕ।

ਸੋ ਬੇਪਰਵਾਹ ਹੋਏ ਨਾ ਸਾਧੂ। ***'ਰੰਗਿ ਹਸਹਿ ਰੰਗਿ ਰੋਵਹਿ ਚੁਪ ਭੀ ਕਰਿ ਜਾਹਿ ॥ ਪਰਵਾਹ ਨਾਹੀ ਕਿਸੈ ਕੇਰੀ ਬਾਝੁ ਸਚੇ ਨਾਹ ॥'***

ਸੋ ਇਸ ਤਰ੍ਹਾਂ ਬਾਲਮੀਕ ਦੇ ਸਾਮ੍ਹਣੇ ਆ ਗਏ ਪੂਰਨ ਸਾਧੂ –

*ਪੂਰਾ ਸਤਿਗੁਰ ਭੇਟਿਆ ਮਨ ਵਿਚ ਹੋਆ ਖਿੰਜੋਤਾੜਾ।*
*ਮਾਰਨ ਨੋ ਲੋਚੈ ਘਣਾ ਕਢਿ ਨ ਹੰਘੈ ਹਥੁ ਉਘਾੜਾ।*
*ਭਾਈ ਗੁਰਦਾਸ ਜੀ*

ਮਾਰਨ ਨੂੰ ਲੋਚਦਾ ਹੈ। ਬਾਂਹ ਉਪਰੋਂ ਥੱਲੇ ਹੀ ਨਹੀਂ ਆਉਂਦੀ –

*ਸਤਿਗੁਰ ਮਨੂਆ ਰਾਖਿਆ ਹੋਇ ਨ ਆਵੈ ਉਛੋਹਾੜਾ।*
*ਭਾਈ ਗੁਰਦਾਸ ਜੀ*

ਮਨ ਨੂੰ ਹੀ ਕਾਬੂ ਕਰ ਲਿਆ, ਫੁਰਨਾ ਰੋਕ ਦਿਤਾ। ਫੁਰਨਾ ਹੀ ਨਹੀਂ ਰਿਹਾ ਕੋਈ, ਉਥੇ ਖੜ੍ਹਾ ਹੈ ਜੜ੍ਹ ਬਣਿਆ। ਅਖੀਰ ਮਹਾਤਮਾ ਕਹਿਣ ਲੱਗੇ, ਇਹ ਕੀ ਕਰਦਾ ਹੈਂ ਤੂੰ।

ਕਹਿਣ ਲੱਗਿਆ, ਮਹਾਰਾਜ! ਮੇਰਾ ਇਹ ਰੁਜ਼ਗਾਰ ਹੈ।

*ਅਉਗੁਣੁ ਸਭ ਪਰਗਾਸਿਅਨੁ ਰੋਜਗਾਰੁ ਹੈ ਏਹੁ ਅਸਾੜਾ।*
*ਭਾਈ ਗੁਰਦਾਸ ਜੀ*

ਕਹਿੰਦੇ, ਰੋਜ਼ਗਾਰ ਤਾਂ ਠੀਕ ਹੈ। ਪਰ ਇਹ ਜਿਹੜੇ ਪਾਪ ਕਰਦੈ, ਇਹਨਾਂ ਦੇ ਫਲ ਦਾ ਤੈਨੂੰ ਪਤੈ? ਇਸ ਤਰ੍ਹਾਂ ਫੁਰਮਾਉਂਦੇ ਨੇ –

*ਧਾਰਨਾ – ਦਰਗਾਹ ਵਿਚ ਓ ਸੰਗਲ ਪੈਣਗੇ,*
*ਉਥੇ ਕੌਣ ਛੁਡਾਊ ਤੇਰਾ ਦਰਦੀ।*
*ਆਪੀਨੈ ਭੋਗ ਭੋਗਿ ਕੈ*
*ਹੋਇ ਭਸਮੜਿ ਭਉਰੁ ਸਿਧਾਇਆ ॥*
*ਵਡਾ ਹੋਆ ਦੁਨੀਦਾਰੁ ਗਲਿ ਸੰਗਲੁ ਘਤਿ ਚਲਾਇਆ ॥*
*ਅਗੈ ਕਰਣੀ ਕੀਰਤਿ ਵਾਚੀਐ*
*ਬਹਿ ਲੇਖਾ ਕਰਿ ਸਮਝਾਇਆ ॥*
*ਥਾਉ ਨ ਹੋਵੀ ਪਉਦੀਈ*
*ਹੁਣਿ ਸੁਣੀਐ ਕਿਆ ਰੂਆਇਆ ॥*
*ਮਨਿ ਅੰਧੈ ਜਨਮੁ ਗਵਾਇਆ ॥ ੩ ॥ ਅੰਗ– ੪੬੪*

*ਲੈ ਫਾਹੇ ਰਾਤੀ ਤੁਰਹਿ ਪ੍ਰਭੁ ਜਾਣੈ ਪ੍ਰਾਣੀ ॥*
*ਤਕਹਿ ਨਾਰਿ ਪਰਾਈਆ ਲੁਕਿ ਅੰਦਰਿ ਠਾਣੀ ॥*
*ਸੰਨ੍ਹੀ ਦੇਨ੍ਹਿ ਵਿਖੰਮ ਥਾਇ ਮਿਠਾ ਮਦੁ ਮਾਣੀ ॥*
*ਕਰਮੀ ਆਪੋ ਆਪਣੀ ਆਪੇ ਪਛੁਤਾਣੀ ॥*
*ਅਜਰਾਈਲੁ ਫਰੇਸਤਾ ਤਿਲ ਪੀੜੇ ਘਾਣੀ ॥ ੨੨ ॥*
*ਅੰਗ– ੩੧੫*

ਬਾਲਮੀਕ! ਆ ਤੈਨੂੰ ਦਰਗਾਹ ਦਾ ਨਕਸ਼ਾ ਦਿਖਾਈਏ। ਸੂਖਸ਼ਮ ਸਰੀਰ ਨਾਲ ਲਿਆ, ਦਰਗਾਹ ਦਿਖਾ ਦਿਤੀ –

*ਪਾਪੀ ਕਰਮ ਕਮਾਵਦੇ ਕਰਦੇ ਹਾਏ ਹਾਇ ॥*
*ਨਾਨਕ ਜਿਉ ਮਥਨਿ ਮਾਧਾਣੀਆ ਤਿਉ ਮਥੇ ਧ੍ਰਮ ਰਾਇ ॥*
*ਅੰਗ– ੧੪੨੫*

ਡਰ ਗਿਆ, ਕੰਬ ਗਿਆ।

ਕਹਿੰਦੇ, ਕਿਉਂ ਬਈ ਪਿਆਰਿਆ! ਇਸ ਤਰ੍ਹਾਂ ਦਸ। ਆਹ ਲੇਖੇ ਕੌਣ ਦਏਗਾ? ਤੇਰੇ ਬੇਲੀ ਦੇਣਗੇ? ਜਾਹ ਪੁਛ ਕੇ ਆ ਘਰ ਵਿਚ –

*ਘਰਿ ਵਿਚਿ ਪੁਛਣ ਘਲਿਆ ਅੰਤਕਾਲ ਹੈ ਕੋਇ ਅਸਾੜਾ।*
*ਭਾਈ ਗੁਰਦਾਸ ਜੀ*

ਇਕੱਲੇ-ਇਕੱਲੇ ਨੂੰ ਪੁਛਦੈ। ਕੋਈ ਨਹੀਂ ਹਾਮੀ ਭਰਦਾ। ਮਾਂ ਕਹਿੰਦੀ, ਮੈਂ ਤੈਨੂੰ ਪਾਲ ਕੇ ਵੱਡਾ ਕਰਿਆ ਹੈ। ਆਪਣੇ ਕਰਮਾਂ ਦਾ ਲੇਖਾ ਤੂੰ ਦੇਣੈ। ਘਰਵਾਲੀ ਕਹਿੰਦੀ, ਮੈਂ ਤਾਂ ਤੇਰੇ ਨਾਲ ਵਿਆਹ ਕਰਾਇਐ, ਤੂੰ ਕਿਤੋਂ ਵੀ ਲਿਆ। ਮੈਂ ਤਾਂ ਰੋਟੀ ਖਾਣੀ ਹੈ। ਬੱਚੇ ਕਹਿੰਦੇ, ਤੇਰਾ ਫਰਜ਼ ਹੈ ਸਾਨੂੰ ਪਾਲਣਾ। ਚਾਹੇ ਪਾਪ ਕਰਕੇ ਪਾਲ, ਚਾਹੇ ਪੁੰਨ ਕਰਕੇ ਪਾਲ। ਅਸੀਂ ਤੇਰੇ ਕਰਮਾਂ ਦੇ ਕਿਵੇਂ

ਜ਼ਿੰਮੇਵਾਰ ਬਣ ਜਾਵਾਂਗੇ? ਉਸ ਵੇਲੇ ਵਾਪਸ ਆ ਗਿਆ, ਨੀਵੀਂ ਪਾਈ ਬੈਠੈ ਕਿਉਂਕਿ ਜਵਾਬ ਮਿਲ ਗਿਆ -

*ਧਾਰਨਾ - ਤੇਰਾ ਕੋਈ ਨਾ ਬੇਲੀ ਹੋਣਾ,*
*ਪਾਪ ਕਮਾਵਦਿਆਂ।*

*ਕੋੜਮੜਾ ਚਉਖੰਨੀਐ ਕੋਇ ਨ ਬੇਲੀ ਕਰਦੇ ਝਾੜਾ।*
*ਭਾਈ ਗੁਰਦਾਸ*

ਕੋਈ ਨਹੀਂ ਬੇਲੀ ਬਣਦਾ। ਪਾਪ ਕਰਦੈ। ਕਹਿੰਦੇ, ਤੈਨੂੰ ਉਸ ਲਈ ਪਛਤਾਉਣਾ ਪੈਣੈ -

*ਪਾਪ ਕਮਾਵਦਿਆ ਤੇਰਾ ਕੋਇ ਨ ਬੇਲੀ ਰਾਮ॥*
*ਕੋਏ ਨ ਬੇਲੀ ਹੋਇ ਤੇਰਾ ਸਦਾ ਪਛੋਤਾਵਹੇ॥ ਅੰਗ - ੫੪੬*

ਕੁਹਾੜਾ ਸੁੱਟ ਦਿਤਾ। ਮਹਾਰਾਜ! ਮੇਰੀਆਂ ਤਾਂ ਤੁਸੀਂ ਅੱਖਾਂ ਖੋਲ੍ਹ ਦਿਤੀਆਂ। ਐਨੇ ਦੁਖਾਂ ਨਾਲ ਮੇਰਾ ਵਾਸਤਾ ਪਵੇਗਾ? ਐਨੀਆਂ ਸਜ਼ਾਵਾਂ ਮੈਨੂੰ ਮਿਲਣਗੀਆਂ? ਉਹ ਤਾਂ ਅੱਗ 'ਚ ਜਲ ਰਹੇ ਨੇ, ਕੱਟੇ ਜਾ ਰਹੇ ਨੇ।

ਕਹਿੰਦੇ, ਹਾਂ। ਇਸੇ ਤਰ੍ਹਾਂ ਤੇਰੇ ਨਾਲ ਹੋਣੀ ਹੈ।

ਕਹਿੰਦਾ, ਕੋਈ ਰਸਤਾ? ਕੋਈ ਪਛਤਾਵੇ ਕਰਨ ਦਾ ਸਾਧਨ?

ਕਹਿੰਦੇ, ਇਕੋ ਹੀ ਹੈ, ਉਹ ਜੇ ਸਾਡਾ ਬਚਨ ਕਮਾ ਲਵੇਂ।

ਮਹਾਰਾਜ! ਮੈਂ ਬਚਨ ਕਮਾਵਾਂਗਾ, ਮੈਂ ਬਚਨ ਦਿੰਦਾ ਹਾਂ। ਇਰਾਦੇ ਦਾ ਮੈਂ ਪੱਕਾ ਹਾਂ। ਜਿਹੜੀ ਗੱਲ ਮੈਂ ਕਰ ਲਵਾਂ, ਮੈਂ ਪਿੱਛੇ ਨਹੀਂ ਹਟਦਾ।

ਕਹਿੰਦੇ, ਚੰਗਾ ਬਹਿ ਜਾ ਫੇਰ।

ਸਾਮ੍ਹਣੇ ਬਿਠਾ ਲਿਆ। ਸਤਿਗੁਰੂ ਪੂਰਾ ਸੀ। ਪੂਰੇ ਸਤਿਗੁਰੂ ਦਾ ਜੋ ਬਚਨ ਹੁੰਦੈ, ਪੂਰਾ ਹੋਇਆ ਕਰਦੈ। ਬਚਨ ਅਸੀਂ ਵੀ ਕਰਦੇ ਹਾਂ। ਬਚਨ ਪੂਰਾ ਵੀ ਕਰਦੈ। ਉਹਦਾ ਬਚਨ ਬਹੁਤ ਸ਼ਕਤੀਸ਼ਾਲ ਹੁੰਦੈ। ਜਿਵੇਂ ਕਿ ਇਸ ਤਰ੍ਹਾਂ ਫੁਰਮਾਨ ਕੀਤਾ ਹੈ, ਪੜ੍ਹੋ ਪਿਆਰ ਨਾਲ -

*ਧਾਰਨਾ - ਗੁਰਾਂ ਨੇ ਮੇਰੇ ਓ ਬਾਣ ਮਾਰਿਆ,*
*ਮੇਰੇ ਪੈ ਗਿਆ ਕਲੇਜੇ ਛੇਕ।*

*ਕਬੀਰ ਸਤਿਗੁਰ ਸੂਰਮੇ ਬਾਹਿਆ ਬਾਨੁ ਜੁ ਏਕੁ ॥*
*ਲਾਗਤ ਹੀ ਭੁਇ ਗਿਰਿ ਪਰਿਆ ਪਰਾ ਕਰੇਜੇ ਛੇਕੁ ॥*
*ਅੰਗ- ੧੩੭੪*

ਬਚਨ 'ਚ ਐਨੀ ਸਤਾ ਹੁੰਦੀ ਹੈ ਕਿ ਜੇ ਇਕੋ ਵਾਰੀ ਕਹਿ ਦੇਵੇ ਕਿ ਤੂੰ ਭਾਈ ਸ਼ਰਾਬ ਨਾ ਪੀਵੀਂ। ਨਹੀਂ ਪੀ ਸਕਦਾ ਉਹ। ਤੂੰ ਆਹ ਕੰਮ ਨਾ ਕਰੀਂ। ਉਹ ਨਹੀਂ ਕਰ ਸਕਦਾ।

ਸੋ ਉਸ ਵੇਲੇ ਸਾਮ੍ਹਣੇ ਬਿਠਾ ਲਿਆ। ਕਹਿਣ ਲੱਗੇ, ਕਹੁ ਰਾਮ। ਰਾਮ ਕਹਾਉਣਾ ਹੀ ਸੀ। ਪੈਰ ਦੇ ਅਗੂੰਠੇ ਤੋਂ ਲੈ ਕੇ ਸਿਰ ਦੀ ਚੋਟੀ ਤਕ ਝਰਨਾਹਟ ਚੱਲ ਪਈ, ਸ਼ਕਤੀ (ਐਨਰਜੀ) ਦੀ। ਸਾਰੇ ਰਾਮ-ਰਾਮ-ਰਾਮ-ਰਾਮ ਹੋਣ ਲਗ ਗਿਆ। ਕਹਿੰਦੇ, ਲੈ ਇਹਨੂੰ ਨਾ ਭੁੱਲੀਂ। ਮਹਾਤਮਾ ਚਲੇ ਗਏ। ਉਸ ਤੋਂ ਬਾਅਦ ਬੜੇ ਸਾਲ ਲੰਘ ਗਏ। 14 ਸਾਲ ਦਸਦੇ ਨੇ। ਇਹ ਉਸੇ ਜੰਗਲ ਦੇ ਵਿਚ ਬਹਿ ਗਿਆ। ਹਰ ਵਕਤ ਰਾਮ-ਰਾਮ-ਰਾਮ-ਰਾਮ ਕਰੀ ਜਾਂਦੈ। 'ਨਾਮ' ਦੀ ਆਪਣੀ ਅਵਸਥਾ ਹੋਇਆ ਕਰਦੀ ਹੈ। ਗੁਰਮੰਤ੍ਰ ਤੋਂ ਸ਼ੁਰੂ ਹੋ ਕੇ ਨਾਮ ਦੇ ਮੰਡਲ 'ਚ ਪ੍ਰਵੇਸ਼ ਕਰਾ ਦਿਆ ਕਰਦੈ। ਮੰਤਰ ਤੋਂ ਬਗੈਰ ਨਾਮ ਦੇ ਮੰਡਲ 'ਚ ਕੋਈ ਨਹੀਂ ਪਹੁੰਚ ਸਕਿਆ ਅੱਜ ਤਕ। ਮੰਤ੍ਰ ਮਿਲਦੈ ਗੁਰੂ ਤੋਂ। ਇਸ ਕਰਕੇ ਤਿੰਨ ਚਾਰ ਚੀਜ਼ਾਂ ਸਮਝਣ ਵਾਲੀਆਂ ਨੇ। ਮੰਤ੍ਰ ਨੇ ਮਿਲਣੈ ਗੁਰੂ ਤੋਂ, ਜੇ ਮੰਤ੍ਰ ਗੁਰੂ ਤੋਂ ਨਹੀਂ ਲਿਆ ਤਾਂ ਕਹਿੰਦੇ -

*ਗੁਰ ਮੰਤ੍ਰ ਹੀਣਸ੍ਯ ਜੋ ਪ੍ਰਾਣੀ ਧ੍ਰਿਗੰਤ ਜਨਮ ਭ੍ਰਸਟਣਹ ॥*
*ਕੂਕਰਹ ਸੂਕਰਹ ਗਰਧਭਹ ਕਾਕਹ*
*ਸਰਪਨਹ ਤੁਲਿ ਖਲਹ ॥ ਅੰਗ- ੧੩੫੬*

ਜੇ ਗੁਰਮੰਤ੍ਰ ਨਹੀਂ ਮਿਲਿਆ ਹੋਇਆ, ਤੇਰਾ ਜਨਮ ਧਿਰਕਾਰਯੋਗ, ਸੌ ਵਾਰੀ ਫਿੱਟੇਮੂੰਹ ਤੇ ਭ੍ਰਿਸਟਿਆ ਹੋਇਆ ਹੈ। ਕੁੱਤੇ, ਬਿੱਲੇ, ਸੂਰ, ਸੱਪ, ਗਧੇ ਤੇ ਕਾਂ ਦੇ ਬਰਾਬਰ ਹੈ। ਕਹਿੰਦੇ ਜੀ, ਅਸੀਂ ਤਾਂ ਜਾਣਦੇ ਹਾਂ ਕਿ ਗੁਰਮੰਤਰ ਵਾਹਿਗੁਰੂ ਹੈ। ਕਹਿੰਦੇ, ਗੁਰੂ ਨੇ ਤਾਂ ਨਹੀਂ ਦਿਤਾ। ਜਦੋਂ ਤਕ ਗੁਰੂ ਦੇ ਮੁਖ ਤੋਂ ਹੋ ਕੇ ਨਹੀਂ ਆਉਂਦਾ, ਓਨੀਂ ਦੇਰ ਤਕ ਮੰਤ੍ਰ ਹੀ ਨਹੀਂ ਹੈ। ਇਹ ਤਾਂ ਅੱਖਰ ਹੈ। ਕੁਛ ਵੀ ਨਹੀਂ ਇਸ ਵਿਚ ਤਾਕਤ -

*ਸੋਈ ਰਾਮੁ ਸਭੈ ਕਰਹਿ ਸੋਈ ਕਉਤਕਹਾਰ॥*
*ਅੰਗ- ੧੩੭੪*

ਲੋਈ ਨੇ ਤਿੰਨ ਵਾਰੀ ਕਹਿ ਕੇ ਰੋਗ ਵੀ ਮਿਟਾ ਦਿਤਾ, ਸਾਰੇ ਪਾਪਾਂ ਦਾ ਵੀ ਖਾਤਮਾ ਕਰ ਦਿਤਾ ਤੇ ਮੰਤਰ ਵੀ ਦੇ ਦਿਤਾ। ਸਿਰਫ ਤਿੰਨ ਵਾਰੀ ਕਹਾਇਆ। ਕਬੀਰ ਸਾਹਿਬ ਨਰਾਜ਼ ਹੋ ਗਏ ਕਿ ਤਿੰਨ ਵਾਰੀ ਕਿਉਂ? ਇਕ ਵਾਰੀ ਕਹਿਣਾ ਸੀ। ਉਹ ਕਹਿੰਦੀ, ਕਹਿਣਾ ਤਾਂ ਸੀ ਪਰ ਇਹਦੇ ਪਾਪ ਸੀਗੇ, ਜਿਹੜੇ ਮੈਂ ਇਕ ਵਾਰੀ ਹੋਰ ਕਹਾ ਕੇ ਕੱਟੇ। ਅੱਗੇ ਇਹਨੇ ਫੇਰ ਵਿਕਾਰਾਂ 'ਚ ਪੈ ਜਾਣਾ ਸੀ, ਮੈਂ ਮੰਤਰ ਦੇ ਕੇ ਅੰਦਰ ਪ੍ਰਵੇਸ਼ ਕਰਾ ਦਿਤਾ। ਸੋ ਸੂਰਮੇ ਸਤਿਗੁਰੂ ਤੋਂ ਬਗੈਰ ਮੰਤਰ ਫਲਿਆ ਨਹੀਂ ਕਰਦਾ। ਆਪੇ ਜਪਿਆ ਹੋਇਆ ਕੋਈ ਮੰਤਰ ਨਹੀਂ ਹੁੰਦਾ। ਮੰਤਰ ਦਿੰਦੈ ਗੁਰੂ ਤਾਂ ਫਲ ਦਿਆ ਕਰਦੈ। ਨਹੀਂ ਤਾਂ ਫਲ ਨਹੀਂ ਦਿਆ ਕਰਦਾ -

*ਰਾਮ ਰਾਮ ਸਭੁ ਕੋ ਕਹੈ ਕਹਿਐ ਰਾਮੁ ਨ ਹੋਇ ॥*

*ਗੁਰ ਪਰਸਾਦੀ ਰਾਮੁ ਮਨਿ ਵਸੈ ਤਾ ਫਲੁ ਪਾਵੈ ਕੋਇ ॥*
*ਅੰਗ- ੪੯੧*

ਸੋ ਪੂਰੇ ਸਤਿਗੁਰੂ ਦਾ ਦਿਤਾ ਹੋਇਆ ਨਾਮ ਰੋਮ-ਰੋਮ ਦੇ ਵਿਚ ਪਹੁੰਚ ਗਿਆ। ਸਵਾਸਾਂ ਦੇ ਵਿਚ ਰਚ ਗਿਆ। ਜਿਧਰ ਸੁਣਦੈ ਰਾਮ ਦੀ ਹੀ ਅਵਾਜ਼ ਸੁਣਦੈ। ਹਵਾ ਆਉਂਦੀ ਹੈ ਤਾਂ ਰਾਮ। ਪਾਣੀ ਚਲਦੈ ਤਾਂ ਰਾਮ-ਰਾਮ ਦੀ ਅਵਾਜ਼। ਦਰਖਤ ਹਿਲਦੇ ਨੇ ਤਾਂ ਰਾਮ-ਰਾਮ ਦੀ ਅਵਾਜ਼। ਪੰਛੀ ਬੋਲਦੇ ਨੇ ਤਾਂ ਰਾਮ-ਰਾਮ ਦੀ ਅਵਾਜ਼ ਸੁਣਦੀ ਹੈ। ਰਾਮ ਹੀ ਰਾਮ ਰਹਿ ਗਿਆ ਸਾਰੇ।

14 ਸਾਲ ਬਾਅਦ ਮਹਾਤਮਾ ਆਉਂਦੇ ਨੇ ਤੇ ਉਸ ਵੇਲੇ ਇਹਦੀ ਅਵਸਥਾ-ਫੁਰਨਾ ਖਤਮ ਹੋ ਗਿਆ। ਮਨੋ ਨਾਸ਼ ਹੋ ਗਿਆ, ਵਾਸ਼ਨਾਵਾਂ ਖ੍ਰੈ ਹੋ ਗਈਆਂ। ਇਕ ਚੀਜ਼ ਦੀ ਲੋੜ ਰਹਿ ਗਈ, ਤੱਤ ਗਿਆਨ ਦੀ। ਬੈਠਾ ਹੈ। ਮਹਾਤਮਾ ਨੇ ਸੁਰਜੀਤ ਕਰਿਆ, ਸੁਰਤ ਲਾਹੀ ਦਸਵੇਂ ਦੁਆਰ ਤੋਂ। ਛੇ ਮਹੀਨੇ ਬੈਠੇ ਨੂੰ ਹੋ ਗਏ ਸੀ। ਪੱਤੇ ਆ ਕੇ ਜਮ੍ਹਾ ਹੋ ਗਏ। ਪੱਤਿਆਂ ਦੇ ਉਤੇ ਮਿੱਟੀ ਆ ਗਈ। ਮਿੱਟੀ ਦੇ ਉਤੇ ਘਾਹ ਜੰਮਣਾ ਸ਼ੁਰੂ ਹੋ ਗਿਆ। ਕੋਈ ਪਰਵਾਹ ਨਹੀਂ, ਕੋਈ ਪਤਾ ਨਹੀਂ ਹੈ। ਸੋ ਉਸ ਵੇਲੇ ਮਹਾਤਮਾ ਨੇ ਜਾਣ ਲਿਆ ਕਿ ਇਹ ਹੁਣ ਉੱਚੀਆਂ ਅਵਸਥਾਵਾਂ 'ਚ ਪਹੁੰਚ ਗਿਆ ਤੇ ਹੁਣ ਇਸ ਨੂੰ ਪ੍ਰਕਾਸ਼ ਦੇ ਦਿਤਾ ਜਾਵੇ। ਚਾਨਣ ਕਰ ਦਿਤਾ ਜਾਵੇ ਇਹਦੇ ਅੰਦਰ।

*ਸਚੇ ਦ੍ਰਿੜਾਇ ਉਧਾਰਿਅਨੁ ਟਪਿ ਨਿਕਥਾ ਉਪਰ ਵਾੜਾ।*
*ਭਾਈ ਗੁਰਦਾਸ ਜੀ*

ਉਸ ਵੇਲੇ ਮਹਾਤਮਾ ਨੇ ਸੁਰਜੀਤ ਕੀਤਾ। ਕਹਿੰਦੇ, ਬਾਲਮੀਕ! ਤੈਨੂੰ ਹੁਣ ਅਸੀਂ ਉਪਦੇਸ਼ ਦਿੰਦੇ ਹਾਂ, ਸਾਵਧਾਨ ਹੋ –

*ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ*
*ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ ॥ ਅੰਗ- ੩੦੬*

ਸਾਨੂੰ ਤਾਂ ਪਤਾ ਹੀ ਨਹੀਂ ਕਿਹੜਾ ਗੁਰ ਉਪਦੇਸ਼ ਸੁਣਾਉਂਦੈ। ਅਸੀਂ ਤਾਂ ਰੌਲੇ 'ਚ ਪੈ ਗਏ। ਸਾਧੂ, ਸੰਤਾਂ ਦੀ ਉਵੇਂ ਨਹੀਂ ਕੋਈ ਗੱਲ ਮੰਨਣੀ। ਇਥੇ ਕਹਿੰਦੇ, ਹੱਥ ਖੜ੍ਹੇ ਕਰਾਉਂਦੇ ਸੀ ਕਿ ਸੰਤਾਂ ਕੋਲ ਨਹੀਂ ਜਾਣਾ। ਉਹ ਹੱਥ ਖੜ੍ਹੇ ਕਰਨ ਵਾਲੇ ਤਾਂ ਪਹਿਲਾਂ ਹੀ ਨਹੀਂ ਆਉਂਦੇ। ਇਹ ਤਾਂ ਜਿਹੜੀ ਦੁਨੀਆਂ ਗੁਰੂਆਂ ਤੋਂ ਬਗੈਰ ਹੈ, ਗੁਰੂ ਪੀਰ ਤੋਂ ਬਗੈਰ ਸਾਧੂਆਂ ਦੇ ਕੋਲ ਓਹੀ ਆਉਂਦੇ ਹੁੰਦੇ ਨੇ। ਉਹਨਾਂ ਨੂੰ ਗੁਰੂ ਵਾਲੇ ਬਣਾ ਦਿੰਦੇ ਨੇ। ਸੋ ਉਸ ਵੇਲੇ ਉਪਦੇਸ਼ ਸੁਣਾ ਕੇ ਮਹਾਂਵਾਕ ਦਾ ਹਿਰਦੇ ਵਿਚ ਪ੍ਰਕਾਸ਼ ਕਰ ਦਿਤਾ। ਜਿਸ ਦਾ ਭਾਵ ਗੁਰਬਾਣੀ 'ਚ ਇਸ ਤਰ੍ਹਾਂ ਨਾਲ ਹੈ –

*ਧਾਰਨਾ – ਆਪੇ ਇਕ ਤੋਂ ਅਨੇਕ ਰੂਪ ਧਾਰ ਕੇ,*
*ਆਪੇ ਖੇਲ੍ਹੇ ਖੇਲ੍ਹ ਆਪਣੀ।*

ਦ੍ਰਿੜ੍ਹ ਕਰਾ ਦਿਤਾ –

*ਏਕ ਮੂਰਤ ਅਨੇਕ ਦਰਸਨ ਕੀਨ ਰੂਪ ਅਨੇਕ।*
*ਖੇਲ ਅਖੇਲ ਅਖੇਲ ਖੇਲਨ ਅੰਤ ਕੋ ਫਿਰ ਏਕ।*

ਜਦੋਂ ਸਾਰੇ ਹੀ ਇਕੋ ਨਜ਼ਰ ਆ ਗਿਆ, ਫੇਰ ਲੋਕਾਂ ਦਾ ਕੀ ਮਤਲਬ। ਕਿਉਂ ਦੁਖ ਮੰਨਦੇ ਨੇ ਕਿ ਸੰਤ ਉਹਦੇ ਨਾਲ ਬੋਲਦੈ, ਉਹਦੇ ਜਾਂਦੈ, ਉਹਦੇ ਨਾਲ ਵਰਤਦੈ। ਉਹਦੇ ਵਾਸਤੇ ਤਾਂ ਗੈਰ ਹੈ ਹੀ ਕੋਈ ਨਹੀਂ-

*ਮਨ ਮੇਰੇ ਜਿਨਿ ਅਪੁਨਾ ਭਰਮੁ ਗਵਾਤਾ ॥*
*ਤਿਸ ਕੈ ਭਾਣੈ ਕੋਇ ਨ ਭੂਲਾ*
*ਜਿਨਿ ਸਗਲੋ ਬ੍ਰਹਮੁ ਪਛਾਤਾ ॥ ਰਹਾਉ ॥*
*ਅੰਗ- ੬੧੦*

ਬ੍ਰਹਮਗਿਆਨ ਦੀ ਦਾਤ ਦੇ ਦਿਤੀ। ਜੀਵ ਤੋਂ ਚੁਕ ਕੇ ਈਸ਼ਵਰ ਬਣਾ ਦਿਤਾ। ਰੱਬ ਦਾ ਰੂਪ ਬਣਾ ਦਿਤਾ। ਕਿੱਡੀ ਵੱਡੀ ਪਦਵੀ ਪ੍ਰਾਪਤ ਕਰੀ।

ਪਾਂਡਵਾਂ ਦਾ ਯੱਗ ਸੰਪੂਰਨ ਨਹੀਂ ਸੀ ਹੋ ਰਿਹਾ। ਸ਼ਰਤ ਇਹ ਰੱਖੀ ਹੋਈ ਸੀ ਕਿ ਬਾਂਸ ਦੇ ਨਾਲ ਸੰਖ ਬੰਨ੍ਹਿਆ ਹੋਇਆ ਸੀ ਕਿ ਜਦੋਂ ਇਹ ਜ਼ੋਰ ਨਾਲ ਵਜੇਗਾ। ਸਮਝ ਲਓ ਕਿ ਯੱਗ ਸੰਪੂਰਨ ਹੋ ਗਿਆ। ਲੇਕਿਨ ਬੋਲਿਆ ਨਹੀਂ।

ਕ੍ਰਿਸ਼ਨ ਮਹਾਰਾਜ ਕੋਲ ਗਏ ਕਿ ਮਹਾਰਾਜ! ਕ੍ਰੋੜਾਂ ਰੁਪਏ ਖਰਚੇ ਗਏ। ਬਹੁਤ ਸਮਾਂ ਲਗ ਗਿਆ। ਸਾਲ-ਦੋ ਸਾਲ ਸਮਾਂ ਲੰਘ ਗਿਆ ਤੇ ਯੱਗ ਤਾਂ ਸੰਪੂਰਨ ਨਾ ਹੋਇਆ।

ਕ੍ਰਿਸ਼ਨ ਮਹਾਰਾਜ ਕਹਿਣ ਲੱਗੇ ਕਿ ਭੁੱਲ ਹੋ ਗਈ ਤੁਹਾਡੇ ਤੋਂ ਕੋਈ। ਕਿਸੇ ਸਾਧੂ, ਬ੍ਰਹਮਗਿਆਨੀ ਨੂੰ ਨਿਉਂਦਾ ਨਹੀਂ ਦਿਤਾ।

ਕਹਿੰਦੇ, ਮਹਾਰਾਜ! ਕੋਈ ਸਾਧੂ ਭਾਰਤ ਵਰਸ਼ ਦਾ ਅਸੀਂ ਛੱਡਿਆ ਨਹੀਂ ਹੈ।

ਕਹਿੰਦੇ, ਬਾਲਮੀਕ ਨੂੰ ਨਿਉਂਦਾ ਦਿਤੈ? ਉਹ ਕਿਰਤੀ ਬੰਦਾ ਹੈ, ਛੱਜ ਬਣਾ ਰਿਹੈ ਹੈ ਬੈਠਾ ਤੇ ਪੂਰਨ ਬ੍ਰਹਮਗਿਆਨੀ ਹੈ ਉਹ। ਕਿਰਤ ਵਲ ਦੇਖ ਕੇ ਤੁਸੀਂ ਉਹਨੂੰ ਨਿਮੰਤਰਣ ਨਹੀਂ ਦਿਤਾ। ਜਾਓ ਜਾ ਕੇ ਉਹਨੂੰ ਲੈ ਕੇ ਆਓ।

ਜਾਂਦੇ ਨੇ ਪੰਜੇ ਪਾਂਡਵ ਵਾਰੀ-ਵਾਰੀ। ਉਹ ਨਹੀਂ ਆਏ। ਦਰੋਪਤੀ ਪੂਰੀ ਸ਼ਰਧਾ ਨਾਲ ਨੰਗੇ ਪੈਰੀਂ ਚੱਲੀ, ਭੇਟਾ ਲੈ ਕੇ ਚੱਲੀ। ਜਾ ਕੇ ਚਰਨਾਂ 'ਤੇ ਨਮਸ਼ਕਾਰ

ਕਰੀ। ਕਹਿੰਦੀ, ਮਹਾਰਾਜ! ਯੱਗ ਵਿਚ ਦਰਸ਼ਨ ਦਿਓ।

ਕਹਿਣ ਲੱਗੇ, ਬੀਬਾ! ਤੁਹਾਡੀ ਨਜ਼ਰ ਵਿਚ ਮੈਂ ਛੋਟੀ ਜਾਤ ਦਾ ਹਾਂ ਤੇ ਮੈਨੂੰ ਦੋਸ਼ ਲੱਗੇਗਾ, ਤੁਹਾਡੇ ਵਿਚ ਜਾ ਕੇ। ਇਕ ਯੱਗ ਉਸ ਦੋਸ਼ ਨੂੰ ਦੂਰ ਕਰਨ ਵਾਸਤੇ ਦਿਓ ਤਾਂ ਮੈਂ ਜਾਵਾਂਗਾ।

ਕਹਿੰਦੀ, ਠੀਕ ਹੈ। ਇਸ ਵੇਲੇ ਮੈਂ ਤੁਹਾਨੂੰ ਪ੍ਰਮੇਸ਼ਰ ਰੂਪ ਜਾਣ ਕੇ, ਤੁਹਾਡੇ ਵਲ ਨੰਗੀਂ ਪੈਰੀਂ, ਪੈਦਲ ਸ਼ਰਧਾ ਦੇ ਨਾਲ ਆਈਂ ਹਾਂ। ਆਪ ਤ੍ਰਿਕਾਲਦਰਸ਼ੀ ਹੋਂ। ਆਪ ਦੇਖ ਲਓ ਕਿਤੇ ਵੀ ਮੇਰੇ ਮਨ 'ਚ ਤਰਕ ਆਈ ਹੋਵੇ। ਸ਼ਾਸਤਰ ਦਾ ਵਿਧਾਨ ਹੈ ਕਿ ਪੂਰਨ ਬ੍ਰਹਮਗਿਆਨੀ ਮਹਾਂਪੁਰਸ਼ ਵਲ ਜੇ ਕੋਈ ਕਦਮ ਪੁੱਟ ਕੇ ਜਾਂਦੈ। ਇਕ-ਇਕ ਕਦਮ ਦਾ ਫਲ ਇਕ-ਇਕ ਯੱਗ ਹੋਇਆ ਕਰਦੈ। ਮਹਾਰਾਜ! ਜਾਂਦੇ ਹੋਏ ਹੁਣ ਕਦਮ ਗਿਣ ਲਿਓ। ਇਕ ਯੱਗ ਆਪ ਰਖ ਲਿਓ ਤੇ ਬਾਕੀ ਮੇਰੀ ਝੋਲੀ ਪਾ ਦਿਓ। ਉਸ ਵੇਲੇ ਤੁਰ ਪੈਂਦੇ ਨੇ। ਅਗਾਂਹਾਂ ਕ੍ਰਿਸ਼ਨ ਮਹਾਰਾਜ ਕਹਿਣ ਲੱਗੇ, ਦੇਖੋ ਪਿਆਰਿਓ! ਮੈਂ ਚਰਨ ਉਹਨਾਂ ਦੇ ਆਪਣੇ ਹੱਥਾਂ ਨਾਲ ਧੋਵਾਂਗਾ। ਕਿਉਂਕਿ ਪ੍ਰਮੇਸ਼ਰ ਜਿਹੜਾ ਹੈ ਉਹ ਭਗਤ ਨੂੰ ਪਿਆਰ ਕਰਦੈ। ਜਿੰਨਾ ਪਿਆਰ ਹੋਵੇ, ਉਹਦਾ ਰਿਸ਼ਤਾ ਹੀ ਪਿਆਰ ਦੇ ਨਾਲ ਹੈ। ਕਹਿੰਦੇ, ਮੈਨੂੰ ਪਿਆਰ ਭਾਉਂਦੈ -

*ਸਾਚੁ ਕਹੂੰ ਸੁਨ ਲੇਹੁ ਸਭੈ*
*ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ। ਪਾਤਸ਼ਾਹੀ ੧੦*

ਉਹ ਮੇਰਾ ਪਿਆਰਾ ਭਗਤ ਹੈ ਤੇ ਮੈਂ ਉਹਦੇ ਚਰਨ ਧੋਵਾਂਗਾ। ਜੂਠੀ ਪੱਤਲ ਮੈਂ ਚੁੱਕਾਂਗਾ। ਸੋ ਇਸ ਤਰ੍ਹਾਂ ਯੱਗ ਸੰਪੂਰਨ ਹੋਇਆ। ਸੰਖ ਵੱਜਿਆ ਪੂਰੇ ਜ਼ੋਰ ਨਾਲ। ਸਾਖੀ ਲੰਮੀ ਹੈ।

ਮਤਲਬ ਇਹ ਹੈ ਕਿ ਮਹਾਰਾਜ ਕਹਿੰਦੇ ਦੇਖੋ! ਬਈ ਕਿਹੜੀ ਜਾਤ ਸੀ ਉਹਦੀ ਕਿੱਥੇ ਪਹੁੰਚ ਗਏ। ਉਸੇ ਕ੍ਰਿਸ਼ਨ ਨੂੰ ਪ੍ਰਮੇਸ਼ਰ ਰੂਪ ਜਾਣ ਕੇ ਪਿਆਰ ਕਰਿਆ ਉਹਨੇ।

*ਰੇ ਚਿਤ ਚੇਤਿ ਚੇਤ ਅਚੇਤ ॥ ਕਾਹੇ ਨ ਬਾਲਮੀਕਹਿ ਦੇਖ ॥*
*ਕਿਸੁ ਜਾਤਿ ਤੇ ਕਿਹ ਪਦਹਿ ਅਮਰਿਓ*
*ਰਾਮ ਭਗਤਿ ਬਿਸੇਖ ॥ ੧ ॥ ਰਹਾਉ ॥*
*ਸੁਆਨ ਸਤ੍ਰੁ ਅਜਾਤੁ ਸਭ ਤੇ ਕ੍ਰਿਸ੍ਨ ਲਾਵੈ ਹੇਤੁ ॥*
*ਅੰਗ - ੧੧੨੪*

ਜਦੋਂ ਉਹਨੇ ਪ੍ਰਮੇਸ਼ਰ ਦੇ ਨਾਲ ਪਿਆਰ ਲਾਇਆ, ਕ੍ਰਿਸ਼ਨ ਰੂਪ ਵਿਚ। ਕਹਿੰਦੇ, ਫੇਰ ਲੋਕਾਂ ਦੀ ਗੱਲ ਤਾਂ ਤੁਸੀਂ ਛੱਡ ਦਿਓ -

*ਲੋਗੁ ਬਪੁਰਾ ਕਿਆ ਸਰਾਹੈ ਤੀਨਿ ਲੋਕ ਪ੍ਰਵੇਸ ॥ ੨ ॥*
*ਅੰਗ- ੧੧੨੪*

ਬ੍ਰਹਮਾ, ਵਿਸ਼ਨੂੰ, ਮਹੇਸ਼ ਉਹ ਵੀ ਉਹਦਾ ਸਤਿਕਾਰ ਤੇ ਜੱਸ ਗਾ ਰਹੇ ਨੇ। ਕਿਉਂਕਿ ਉਹ ਪ੍ਰਮੇਸ਼ਰ ਦਾ ਰੂਪ ਬਣ ਚੁਕਿਐ।

ਸੋ ਇਸ ਕਰਕੇ ਜੋ ਮੈਂ ਬੇਨਤੀ ਕਰੀ ਸੀ ਕਿ ਸਾਡਾ ਸਮਾਂ ਲੰਘਦਾ ਜਾ ਰਿਹੈ। ਸੰਭਾਲੋ ਸਮੇਂ ਨੂੰ। ਲੰਘ ਜਾਂਦੈ-

*ਇਹ ਠਹਿਰਨ ਜਾਂਚ ਨਾ ਜਾਣਦਾ।*
*ਲੰਘ ਗਿਆ ਨਾ ਮੁੜ ਕੇ ਆਂਵਦਾ। (ਭਾਈ ਵੀਰ ਸਿੰਘ)*

ਇਹ ਨਹੀਂ ਆਉਂਦਾ। ਜਿਹੜੇ ਦਿਨ ਲੰਘ ਗਏ, ਲੰਘ ਗਏ। ਛੁਪ ਗਿਆ, ਛੁਪ ਗਿਆ। ਮੁੜ ਕੇ ਗਿਆ ਹੋਇਆ ਕਦੇ ਕੋਈ ਮਿਲਦਾ ਨਹੀਂ। ਸੋ ਇਸ ਕਰਕੇ ਸਾਧਸੰਗਤ ਜੀ! ਤੁਸੀਂ ਆਏ ਹੋਂ ਦੂਰ-ਦਰਾਜ਼ ਤੋਂ। ਇਰਾਦਾ ਕਰੋ। ਬੰਦਗੀ ਕਰਿਆ ਕਰੋ। ਅੰਮ੍ਰਿਤ ਵੇਲੇ ਉਠ ਕੇ, ਆਪ ਨੂੰ ਜੇ ਨਹੀਂ ਆਉਂਦਾ, ਪੁੱਛ ਲਓ ਕਿਸੇ ਪੂਰਨ ਮਹਾਤਮਾ ਨੂੰ ਕਿ ਮੈਂ ਕਿਵੇਂ ਨਾਮ ਜਪਾਂ। ਉਸ ਤੋਂ ਬਗੈਰ ਖਹਿੜਾ ਨਹੀਂ ਛੁਟਣਾ। ਆਪੇ ਜਪਿਆ ਹੋਇਆ ਨਾਮ ਜਿਹੜਾ ਹੈ ਉਹ ਬੜੀ ਦੇਰ ਲਾਉਂਦੈ। ਇਕ ਮਾੜੀ ਜਿਹੜੀ ਗੱਲ 'ਤੇ ਹੀ ਅਟਕਿਆ ਹੋਇਆ, ਅਗਾਂਹਾਂ ਨਹੀਂ ਲੰਘਦਾ।

ਮੈਂ ਤੁਹਾਨੂੰ ਇਕ ਬੇਨਤੀ ਕਰਦਾਂ। ਹੱਡ ਬੀਤੀਆਂ ਹੁੰਦੀਆਂ ਨੇ ਬਹੁਤ ਸਾਰੀਆਂ ਗੱਲਾਂ। ਇਕ ਵਾਰੀ ਮੈਂ ਤਰਕਸ਼ੀਲਾਂ ਦੀ ਗੱਲ ਸੁਣਨ ਲਗ ਗਿਆ। ਕੱਟੜ ਲੋਕਾਂ ਦੀ ਸੰਗਤ ਜਗਿਆਸੂ ਨੂੰ ਬਿਲਕੁਲ ਨਹੀਂ ਕਰਨੀ ਚਾਹੀਦੀ। ਜਿਹਨੇ ਲੰਘਣੈ ਉਹ ਨਾ ਕਰੇ। ਜਿਹਨੇ ਵਿਚ ਫਸਣੈ ਉਹ ਨਿੱਤ ਗੱਲਾਂ ਸੁਣੇ। ਉਹ ਸੁਣਦੇ-ਸੁਣਦੇ ਇਕ ਕਿਤਾਬ ਮੈਨੂੰ ਲਿਆ ਕੇ ਦੇ ਦਿਤੀ। ਉਹ ਕਿਤਾਬ ਵੀ ਇਹੋ ਜਿਹੀ। ਉਹ ਗੱਲ ਇਹ ਸੀ ਕਿ ਮੇਰੇ ਮਨ ਵਿਚ ਸ਼ੰਕਾ ਪੈ ਗਿਆ ਕਿ ਸ੍ਰੀ ਗੁਰੂ ਨਾਨਕ ਸਾਹਿਬ ਦਾ ਧਿਆਨ ਧਰਾਂ, ਇਹ ਹੋਰ ਨੇ ਪ੍ਰਮੇਸ਼ਰ ਹੋਰ ਹੈ। ਸ਼ੰਕਾ ਪੈ ਗਿਆ, ਸਾਲ ਲੰਘ ਗਿਆ, ਦੋ ਸਾਲ ਲੰਘ ਗਏ। ਗੱਲ ਚੱਲੇ ਹੀ ਨਾ ਅਗਾਂਹਾਂ। ਮੈਂ ਕਿਹਾ ਬੜਾ ਬੁਰਾ ਫਸਿਆ। ਸੰਤ ਮਹਾਰਾਜ ਜੀ (ਸ੍ਰੀ ਮਾਨ ਸੰਤ ਈਸ਼ਰ ਸਿੰਘ ਜੀ ਮਹਾਰਾਜ, ਰਾੜਾ ਸਾਹਿਬ ਵਾਲੇ) ਤੋਂ ਮੈਂ ਡਰਦਾ ਮਾਰਾਂ ਨਾ ਪੁੱਛਾਂ ਕਿ ਇਹ ਤੂੰ ਕੀ ਗੱਲਾਂ ਮਨ 'ਚ ਲੈ ਕੇ ਬੈਠਾਂ, ਕੀਹਨੇ ਕਿਹੈ ਤੈਨੂੰ?

ਬਾਬਾ ਨੰਦ ਸਿੰਘ ਜੀ ਆ ਗਏ ਇਥੇ। ਉਹ 138 ਸਾਲ ਦੇ ਹੋਏ ਨੇ। ਭੀੜ ਬਹੁਤੀ ਸੀ, ਮੈਂ ਅੰਦਰ ਹੀ ਅੰਦਰ ਪੁਛ ਲਿਆ। ਮੈਂ ਕਿਹਾ, ਬਾਬਾ ਜੀ! ਮੈਨੂੰ ਵੀ ਦੱਸੋ ਮੈਂ ਤਾਂ ਬੁਰਾ ਫਸਿਆ ਹਾਂ। ਰਾਤ ਨੂੰ ਸੁਪਨੇ 'ਚ ਆ ਗਏ, ਕਹਿੰਦੇ, ਹਾਂ ਹੁਣ ਦਸ ਕੀ ਗੱਲ ਹੈ? ਸੁਪਨਾ

ਹੋਰ ਹੁੰਦੈ, ਦ੍ਰਿਸ਼ਟਮਾਨ ਹੋਰ ਹੁੰਦੈ। ਪ੍ਰਤੱਖ ਹੁੰਦੈ ਉਹ। ਕਹਿੰਦੇ, ਸਾਮ੍ਹਣੇ ਦੇਖ। ਮੈਂ ਕੀ ਦੇਖਿਆ, ਜੋਤ। ਲਾਈਟ (ਰੌਸ਼ਨੀ) ਹੀ ਲਾਈਟ ਹੈ। ਕਹਿੰਦੇ, ਹੁਣ ਦੇਖ। ਮੈਂ ਕਿਹਾ, ਸ੍ਰੀ ਗੁਰੂ ਨਾਨਕ ਸਾਹਿਬ ਬੈਠੇ ਨੇ, ਭਾਈ ਬਾਲਾ ਨੇ ਭਾਈ ਮਰਦਾਨਾ ਨੇ। ਜੋਤ ਚਲ ਕੇ ਏਧਰ ਨੂੰ ਆ ਗਈ ਤੇ ਤਿੰਨੋ ਹੀ ਵਿਚ ਆ ਗਏ। ਦੋ ਸ੍ਰੀ ਗੁਰੂ ਨਾਨਕ ਸਾਹਿਬ ਜੀ 'ਚ ਰਲ ਗਏ, ਇਕੱਲੇ ਹੀ ਸ੍ਰੀ ਗੁਰੂ ਨਾਨਕ ਸਾਹਿਬ ਜੀ ਰਹਿ ਗਏ। ਆਲੇ ਦੁਆਲੇ ਜੋਤ ਹੈ, ਵਿਚ ਸ੍ਰੀ ਗੁਰੂ ਨਾਨਕ ਸਾਹਿਬ ਜੀ ਬੈਠੇ ਨੇ। ਕਹਿੰਦੇ, ਹੁਣ ਦੇਖ ਕੀ ਹੈ? ਮੈਂ ਕਿਹਾ, ਮਹਾਰਾਜ! ਸ੍ਰੀ ਗੁਰੂ ਨਾਨਕ ਸਾਹਿਬ ਜੋਤ 'ਚ ਬੈਠੇ ਨੇ। ਕਹਿੰਦੇ, ਹੁਣ ਦੇਖ? ਮੈਂ ਕਿਹਾ, ਹੁਣ ਜੋਤ ਹੈ ਇਕੱਲੀ। ਕਹਿੰਦੇ, ਹੁਣ? ਮੈਂ ਕਿਹਾ, ਹੁਣ ਫੇਰ ਉਵੇਂ ਜਿਵੇਂ ਹੈ। ਕਹਿੰਦੇ, ਹੁਣ ਦੇਖ? ਮੈਂ ਕਿਹਾ, ਹੁਣ ਇਕੱਲੇ ਹੀ ਸ੍ਰੀ ਗੁਰੂ ਨਾਨਕ ਸਾਹਿਬ ਨੇ। ਕਹਿੰਦੇ, ਆਹੀ ਗੱਲ ਹੈ ਇਹਨੂੰ ਸਮਝ ਲੈ ਚੰਗੀ ਤਰ੍ਹਾਂ।

ਮੈਨੂੰ ਜਾਗ ਆਈ। ਫੇਰ ਸ਼ੰਕਾ ਜਿਹਾ ਹੋ ਗਿਆ ਕਿ ਇਹ ਗੱਲ ਕੀ ਬਣੀ? ਗੱਲ ਤਾਂ ਪੂਰੀ ਦਿਖਾ ਦਿਤੀ। ਰਾਤ ਨੂੰ ਜਦੋਂ ਮੈਂ ਫੇਰ ਪਿਆ, ਬਾਬਾ ਅਜੀਤ ਸਿੰਘ ਜੀ ਦੀ ਅਵਾਜ਼ ਆਈ ਕਿ ਮੇਰੇ ਕੋਲ ਆ ਜਾ ਨਥਲਪੁਰ। ਉਸ ਦਿਨ ਸ਼ੁਕਰਵਾਰ ਸੀ। ਸ਼ੁਕਰਵਾਰ ਨੂੰ ਮੈਂ ਗਿਆ ਨਾ। ਸ਼ਨਿੱਚਰਵਾਰ ਦੀ ਛੁੱਟੀ ਸੀ। ਬੀਬੀ ਤੇ ਮੈਂ ਦੋਵੇਂ ਚੱਲ ਪਏ। ਖਰੜ ਤਕ ਸਾਨੂੰ ਟਿਕਟ ਹੀ ਨਾ ਪੁਛਿਆ, ਕਹਿੰਦੇ, ਹੁਣ ਕਿੱਥੇ ਦਾ ਟਿਕਟ ਲੈਣੈ? ਮੈਂ ਕਿਹਾ, ਜਿਥੇ ਗੱਡੀ ਖੜ੍ਹੇ, ਉਥੇ ਦਾ ਦੇ ਦਿਓ। ਕਹਿੰਦੇ ਹੁਣ ਤਾਂ ਮੋਰਿੰਡੇ ਖੜ੍ਹੇਗੀ। ਮੋਰਿੰਡੇ ਖੜ੍ਹੀ ਤਾਂ ਅਸੀਂ ਕਿਹਾ, ਬਾਬਾ ਜੀ! ਦੇ ਦਰਸ਼ਨ ਕਰ ਆਈਏ। ਉਥੋਂ ਬੇਰ ਲੈ ਲਏ, ਲੈ ਕੇ ਅਸੀਂ ਪੈਦਲ ਹੀ ਚੱਲ ਪਏ। ਅਗਾਂਹਾਂ ਜਾ ਕੇ ਪਤਾ ਲੱਗਿਆ ਕਿ ਬਾਬਾ ਜੀ ਤਾਂ ਹੈ ਨਹੀਂ। ਰਾਹ 'ਚ ਹੀ ਅਸੀਂ ਬੜੀ ਦੇਰ ਲਾ ਦਿਤੀ। ਉਧਰੋਂ ਅਸੀਂ ਚਲ ਪਏ ਕਿ ਚਲੋ ਪਹੁੰਚੀਏ ਨਥਲਪੁਰ। ਉਧਰੋਂ ਬਾਬਾ ਜੀ ਆ ਗਏ। ਆਉਂਦਿਆਂ ਨੇ ਮੋਢੇ 'ਤੇ ਹੱਥ ਧਰ ਕੇ ਕਹਿੰਦੇ ਕੱਲ੍ਹ ਕਿਉਂ ਨਹੀਂ ਆਇਆ? ਮੈਂ ਕਿਹਾ, ਮਹਾਰਾਜ! ਕੱਲ੍ਹ ਛੁੱਟੀ ਨਹੀਂ ਸੀ। ਕਹਿੰਦੇ, ਬੱਸ ਗੱਲ ਤਾਂ ਨਿਬੜੀ ਹੋਈ ਹੀ ਹੈ –

*ਜਾਤਿ ਮਹਿ ਜੋਤਿ ਜੋਤਿ ਮਹਿ ਜਾਤਾ*
*ਅਕਲ ਕਲਾ ਭਰਪੂਰਿ ਰਹਿਆ॥* *ਅੰਗ- ੪੬੯*

ਕਹਿੰਦੇ, ਜੋਤਿ 'ਚ ਹੀ ਜਾਤਿ ਹੈ ਜਾਤਿ 'ਚ ਹੀ ਜੋਤਿ ਹੈ। ਕਹਿੰਦੇ, ਮਤਲਬ ਤੂੰ ਕੱਢ ਲੈ ਹੁਣ ਜਿਹੜਾ ਕੱਢਣੈ।

ਇਹ ਵਾਹਿਗੁਰੂ ਵਲੋਂ ਡਿਊਟੀ ਲੱਗੀ ਹੁੰਦੀ ਹੈ ਮਹਾਂਪੁਰਸ਼ਾਂ ਦੀ –

*ਕਬੀਰ ਸੇਵਾ ਕਉ ਦੁਇ ਭਲੇ ਏਕੁ ਸੰਤੁ ਇਕੁ ਰਾਮੁ ॥ ਰਾਮੁ*
*ਜੁ ਦਾਤਾ ਮੁਕਤਿ ਕੋ ਸੰਤੁ ਜਪਾਵੈ ਨਾਮੁ ॥ ੧੬੪ ॥*
*ਅੰਗ- ੧੩੭੩*

ਸੰਤਾਂ ਨੇ ਉਹ ਬਚਨ ਕਰਨੇ ਨੇ ਜਿਥੇ ਕੋਈ ਅੜਿਆ ਹੋਇਐ। ਪ੍ਰਮੇਸ਼ਰ ਉਹਨਾਂ ਦੇ ਮੂੰਹੋਂ ਕਢਾਉਂਦੈ ਕਿ ਇਥੇ ਅੜਿਆ ਹੋਇਐ ਕੋਈ ਬੰਦਾ। ਉਹਨੂੰ ਪਤਾ ਹੁੰਦੈ।

ਸੋ ਇਸ ਤਰ੍ਹਾਂ ਦੇ ਨਾਲ ਸਾਧਸੰਗਤ ਜੀ! ਸ਼ੱਕ ਪੈ ਜਾਇਆ ਕਰਦੇ ਨੇ। ਜਿਹੜਾ ਗੁਰੂ ਦਾ ਉਪਦੇਸ਼ ਹੈ ਉਹ ਫਲੀਭੂਤ ਤਾਂ ਹੁੰਦੈ ਜੇ ਆਤਮ ਚਿੰਤਨ ਕਰੇ। ਤੱਤ ਬੇਤੇ ਮਹਾਂਪੁਰਸ਼ ਦੀ ਸੰਗਤ ਕਰੇ। ਜੇ ਕੱਟੜ, ਅਗਿਆਨੀਆਂ ਦੀ ਸੰਗਤ ਕਰ ਲਈ, ਫੇਰ ਡੁੱਬ ਜਾਂਦੈ।

*ਅੰਨ੍ਹਾ ਆਗੂ ਜੇ ਥੀਐ ਸਭੁ ਸਾਥੁ ਮੁਹਾਵੈ॥*
*ਭਾਈ ਗੁਰਦਾਸ ਜੀ*

ਸੋ ਇਸ ਤਰ੍ਹਾਂ ਦੇ ਨਾਲ ਮਹਾਰਾਜ ਕਹਿੰਦੇ, ਦੇਖੋ, ਬਾਲਮੀਕ ਦੀ ਕਿੱਡੀ ਵੱਡੀ ਅਵਸਥਾ ਹੋਈ। ਜੇ ਉਹ ਤਰ ਸਕਦੈ ਤਾਂ ਤੁਸੀਂ ਵੀ ਤਰ ਸਕਦੇ ਹੋਂ।

*ਅਜਾਮਲੁ ਪਿੰਗੁਲਾ ਲੁਭਤੁ ਕੁੰਚਰੁ ਗਏ ਹਰਿ ਕੈ ਪਾਸਿ॥*
*ਅੰਗ-੧੧੨੪*

ਇਹਨਾਂ ਚਾਰ ਦਾ ਨਾਉਂ ਲਿਐ। ਲੁਭਤੁ ਇਕ ਸ਼ਿਕਾਰੀ ਸੀ। ਪਿੰਗੁਲਾ ਵੇਸਵਾ ਸੀ। ਅਜਾਮਲ ਪਾਪੀ ਸੀ। ਕੁੰਚਰ ਇਕ ਹਾਥੀ ਸੀ। ਕਹਿੰਦੇ ਜੇ ਇਹ ਤਰ ਗਏ –

*ਐਸੇ ਦੁਰਮਤਿ ਨਿਸਤਰੇ*
*ਤੂ ਕਿਉ ਨ ਤਰਹਿ ਰਵਿਦਾਸ ॥ ੩ ॥ ੧ ॥*
*ਅੰਗ- ੧੧੨੪*

ਤੇਰੇ ਵਿਚ ਕੀ ਸ਼ੱਕ ਰਹਿ ਗਿਆ। ਤੁਸੀਂ ਤਾਂ ਉਹੋ ਜਿਹੇ ਪਾਪੀ ਨਹੀਂ ਹੋ। ਸਿਰਫ ਲਾਪਰਵਾਹੀ ਹੈ। ਗੱਲ ਨੂੰ ਅੰਦਰ ਜਾਣ ਨਹੀਂ ਦੇਣਾ ਅਤੇ ਨਾ ਕਿਸੇ ਗੱਲ ਦੇ ਉਤੇ ਪਹਿਰਾ ਦੇਣੈ। ਮਾਇਆ ਨੇ ਅੰਨ੍ਹੇ ਫੜ ਲਏ ਕਿ ਅੰਨ੍ਹੇ ਖੂਹ 'ਚੋਂ ਨਿਕਲ ਹੀ ਨਹੀਂ ਹੁੰਦਾ। ਕਰੋ ਅਰਦਾਸ ਸਾਰੇ ਪਿਆਰ ਦੇ ਨਾਲ –

*ਧਾਰਨਾ – ਵਾਹਿਗੁਰੂ! ਅੰਨ੍ਹਾ ਖੂਹ ਹੈ ਮਾਇਆ ਦਾ,*
*ਬਾਂਹ ਫੜ ਕੇ ਕੱਢ ਲਓ ਮੈਨੂੰ।*

ਹੇ ਪਾਤਸ਼ਾਹ! ਤੇਰੀ ਸ਼ਰਨ ਆਏ ਹਾਂ। ਪੂਰਨਮਾਸ਼ੀ ਦੇ ਦਿਹਾੜੇ ਆ ਕੇ ਤੈਨੂੰ ਮਸਤਕ ਨਿਵਾਇਆ ਹੈ। ਕੱਢ ਲੈ ਮਾਇਆ ਦੇ ਅੰਨ੍ਹੇ ਖੂਹ ਵਿਚੋਂ। ਜਨਮ ਬੀਤ ਗਏ, ਯੁੱਗ ਬੀਤ ਗਏ।

ਸੋ ਹੁਣ ਸਮਾਂ ਇਜਾਜ਼ਤ ਨਹੀਂ ਦਿੰਦਾ। ਇਥੇ ਹੀ ਸਮਾਪਤੀ ਹੈ। ਅਨੰਦ ਸਾਹਿਬ, ਗੁਰ ਸਤੋਤਰ, ਅਰਦਾਸ, ਹੁਕਮਨਾਮਾ।

# ਅਗੰਮ ਅਗੋਚਰ ਦਾ ਮਾਰਗ

*ਸੰਤ ਵਰਿਆਮ ਸਿੰਘ ਜੀ*
*ਬਾਨੀ ਵਿ. ਗੁ. ਰੂ. ਮਿਸ਼ਨ।*

*(ਲੜੀ ਜੋੜਨ ਲਈ ਦੇਖੋ, ਜੁਲਾਈ ਅੰਕ, ਪੰਨਾ-23)*

ਵਾਹਿਗੁਰੂ ਜੀ ਘਟ-ਘਟ ਵਿਚ ਵਿਆਪਕ ਹਨ ਪਰ ਉਨ੍ਹਾਂ ਦੀ ਲਖਤਾ ਸਮਰੱਥ ਗੁਰੂ ਤੋਂ ਬਗੈਰ ਨਹੀਂ ਹੋਇਆ ਕਰਦੀ। ਸੰਸਾਰ ਵਿਚ ਬਹੁਤ ਵੱਡੀਆਂ-ਵੱਡੀਆਂ ਉਦਾਹਰਣਾਂ ਹਨ ਜਿਨ੍ਹਾਂ ਨੂੰ ਵਾਚਿਆਂ ਪਤਾ ਲਗਦਾ ਹੈ ਕਿ ਮਨ ਹਠ ਕਰਨ ਨਾਲ ਵਾਹਿਗੁਰੂ ਤਕ ਪਹੁੰਚ ਨਹੀਂ ਹੋ ਸਕਦੀ। ਗੁਰਬਾਣੀ ਵਿਚ ਸਪਸ਼ਟ ਰੂਪ ਵਿਚ ਹੀ ਦਸਿਆ ਗਿਆ ਹੈ ਕਿ -

*ਜਿਸ ਕਾ ਗ੍ਰਿਹੁ ਤਿਨਿ ਦੀਆ ਤਾਲਾ*
*ਕੁੰਜੀ ਗੁਰ ਸਉਪਾਈ॥*
*ਅਨਿਕ ਉਪਾਵ ਕਰੇ ਨਹੀ ਪਾਵੈ*
*ਬਿਨੁ ਸਤਿਗੁਰ ਸਰਣਾਈ॥*

*ਅੰਗ - ੨੦੫*

ਇਸ ਹਠ ਬਾਰੇ ਗੁਰਬਾਣੀ ਵਿਚ ਫੁਰਮਾਨ ਆਉਂਦਾ ਹੈ-

*ਮਨਹਠਿ ਕਿਨੈ ਨ ਪਾਇਆ*
*ਕਰਿ ਉਪਾਵ ਥਕੇ ਸਭੁ ਕੋਇ॥*
*ਸਹਸ ਸਿਆਣਪ ਕਰਿ ਰਹੇ*
*ਮਨਿ ਕੋਰੈ ਰੰਗੁ ਨ ਹੋਇ॥ ਅੰਗ - ੪੦*

*ਮਨਹਠਿ ਜੋ ਕਮਾਵੈ ਤਿਲੁ ਨ ਲੇਖੈ ਪਾਵੈ*
*ਬਗੁਲ ਜਿਉ ਧਿਆਨੁ ਲਾਵੈ*
*ਮਾਇਆ ਰੇ ਧਾਰੀ॥ ਅੰਗ - ੬੮੭*

ਸੋ ਇਸ ਤਰ੍ਹਾਂ ਨਾਲ ਮਨ ਹਠ ਕਰਕੇ ਸਰੀਰ ਨੂੰ ਜਪਾਂ ਤਪਾਂ ਵਿਚ ਪਾਉਣਾ, ਲੰਮੇ ਸਾਧਨ ਕਰਨੇ, ਭੁੱਖੇ ਰਹਿਣਾ, ਠੰਢੇ ਪਾਣੀਆਂ ਵਿਚ ਖੜ੍ਹੇ ਰਹਿਣਾ, ਨੰਗੇ ਪੈਰੀਂ ਚੱਲਣਾ, ਬਸਤਰ ਨਾ ਪਹਿਨਣੇ, ਗੂੰਗ ਬਿਰਤੀ ਧਾਰਨ ਕਰਨਾ, ਸਰੀਰ ਉਤੇ ਭਸਮਾਂ ਲਾਉਣੀਆਂ, ਪ੍ਰਸ਼ਾਦੇ ਦੀ ਥਾਂ ਤੇ ਦਰਖਤਾਂ ਦੇ ਪੱਤੇ ਖਾ ਕੇ ਗੁਜ਼ਾਰਾ ਕਰਨਾ; ਇਹ ਚੀਜ਼ਾਂ ਦੇਖਣ, ਸੁਣਨ ਨੂੰ ਬਹੁਤ ਚੰਗੀਆਂ ਲਗਦੀਆਂ ਹਨ ਪਰ ਪ੍ਰਮੇਸ਼ਰ ਦੀ ਪ੍ਰਾਪਤੀ ਨਹੀਂ ਕਰ ਸਕਦੀਆਂ। ਸਿੱਧੀਆਂ ਦੀ ਪ੍ਰਾਪਤੀ ਹੋ ਸਕਦੀ ਹੈ। ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ -

*ਹਠੁ ਕਰਿ ਮਰੈ ਨ ਲੇਖੈ ਪਾਵੈ॥*
*ਵੇਸ ਕਰੈ ਬਹੁ ਭਸਮ ਲਗਾਵੈ॥*
*ਨਾਮੁ ਬਿਸਾਰਿ ਬਹੁਰਿ ਪਛੁਤਾਵੈ॥*

*ਅੰਗ - ੨੨੬*

*ਜਪੁ ਤਪੁ ਕਰਿ ਕਰਿ ਸੰਜਮ ਥਾਕੀ*
*ਹਠਿ ਨਿਗ੍ਰਹਿ ਨਹੀ ਪਾਈਐ॥*
*ਨਾਨਕ ਸਹਜਿ ਮਿਲੇ ਜਗਜੀਵਨ*
*ਸਤਿਗੁਰ ਬੂਝ ਬੁਝਾਈਐ॥*

*ਅੰਗ - ੪੩੬*

ਹੱਠ ਕਰਕੇ ਸਰੀਰ ਨੂੰ ਕਸ਼ਟ ਦੇਣੇ ਇਸ ਨਾਲ ਹਉਮੈ ਦੀ ਮੈਲ ਉਤਰਨ ਦੀ ਥਾਂ ਹੋਰ ਵਧ ਜਾਇਆ ਕਰਦੀ ਹੈ। ਅਧਿਆਤਮਵਾਦ ਵਿਚ ਜਦੋਂ ਤੱਕ ਸਮਰੱਥ ਗੁਰੂ ਹਉਮੈ ਰੋਗ ਨੂੰ ਦੂਰ ਕਰਨ ਦੀ ਔਖਧੀ ਨਹੀਂ ਦਿੰਦਾ ਜੋ ਹਰ ਇਕ ਪ੍ਰਾਣੀ ਮਾਤਰ ਦੇ ਅੰਦਰ ਰੱਖੀ ਗਈ ਹੈ, ਸੰਜਮ ਕਰਕੇ ਅਉਖਧ ਦਾ ਪ੍ਰਯੋਗ ਨਹੀਂ ਦਸਦਾ, ਉਤਨੀ ਦੇਰ ਤੱਕ ਹਉਮੈ ਦੇ ਰੋਗ ਤੋਂ ਛੁਟਕਾਰਾ ਨਹੀਂ ਮਿਲ ਸਕਿਆ ਕਰਦਾ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਦਰ ਮਹਾਨ ਉਚੇ ਸੁੱਚੇ ਗੁਰੂ ਪਦਵੀ ਦੇ ਮਾਲਕ ਮੁਰਸ਼ਦ-ਏ-ਕਾਮਲ ਬਾਬਾ ਫਰੀਦ ਜੀ ਦੀ ਬਾਣੀ ਦਰਜ ਹੈ ਜਿਸਨੂੰ ਅਸੀਂ ਗੁਰੂ ਦੀ ਬਾਣੀ ਦੀ ਤੁਲਨਾ ਦੇ ਕੇ ਸਤਿਕਾਰਦੇ, ਪਿਆਰਦੇ ਅਤੇ ਕਮਾਉਂਦੇ ਹਾਂ। ਭਾਵੇਂ ਉਸ ਵਿਚ ਮਸਜਿਦ ਵਿਚ ਆ ਕੇ ਨਮਾਜ਼ ਨਾ ਪੜ੍ਹਨ ਵਾਲੇ ਨੂੰ 'ਬੇਨਿਵਾਜਾ ਕੁਤਿਆ' ਕਿਹਾ ਗਿਆ ਹੈ ਪਰ ਅਸਾਨੂੰ ਪ੍ਰੇਰਨਾ ਦਿੰਦਾ ਹੈ ਕਿ ਅਸੀਂ ਵੀ ਆਪਣੇ ਧਰਮ ਮੰਦਰ, ਮੱਠ, ਗਿਰਜਾ, ਗੁਰਦੁਆਰਾ ਸਾਹਿਬ ਜਾ ਕੇ ਹਰੀ ਦਾ ਜਸ ਕਰੀਏ ਤੇ ਪ੍ਰਾਥਨਾ ਕਰੀਏ। ਉਨ੍ਹਾਂ ਦੀ ਬਾਣੀ ਕਿਸੇ ਨੂੰ ਚੋਭਾ ਨਹੀਂ ਮਾਰਦੀ, ਉਸ ਵਿਚ ਪਿਆਰ ਹੀ ਪਿਆਰ ਹੈ, ਉਨ੍ਹਾਂ ਦੇ ਜੀਵਨ ਬਾਰੇ ਜੋ ਤੱਥ ਲਿਖੇ ਮਿਲਦੇ ਹਨ ਬਹੁਤ ਹੀ ਰੌਚਕ ਅਤੇ ਪ੍ਰੇਰਨਾ ਦਾ ਸ੍ਰੋਤ ਹਨ। ਆਪ ਦੇ ਬਜ਼ੁਰਗ ਇਰਾਨ ਤੋਂ ਭਾਰਤ ਵਰਸ਼ ਵਿਚ ਆਏ ਸਨ। ਬਾਬਾ ਫਰੀਦ ਜੀ ਨੂੰ ਉਨ੍ਹਾਂ ਦੀ ਮਾਤਾ ਨੇ ਪੰਜ ਸਾਲ ਦੀ ਉਮਰ ਤਕ ਕੁਰਾਨ ਸਰੀਫ ਪੂਰੀ ਤਰ੍ਹਾਂ ਨਾਲ ਯਾਦ ਕਰਾ ਦਿਤਾ ਸੀ। ਉਨ੍ਹਾਂ ਦੀ ਮਾਤਾ ਨੇ ਬਾਬਾ ਫਰੀਦ ਜੀ ਨੂੰ ਕਿਸ਼ੋਰ ਅਵਸਥਾ ਵਿਚ ਹੀ ਇਬਾਦਤ ਕਰਨ ਲਾ ਦਿਤਾ ਸੀ। ਉਹ ਅਲਾਹ-ਹੂ ਦਾ ਜਾਪ-ਏ-ਖਫੀ ਵੀ ਕਰਦੇ ਸਨ ਅਤੇ ਗੁਪਤ ਰੂਪ ਵਿਚ ਵੀ ਜਪਦੇ ਸਨ। ਗੁਰਬਾਣੀ ਵਿਚ ਐਸੀਆਂ ਮਾਤਾਵਾਂ ਨੂੰ ਧੰਨ ਕਿਹਾ ਜਾਂਦਾ ਹੈ ਜੋ ਆਪਣੇ ਬੱਚਿਆਂ ਨੂੰ ਪ੍ਰਮੇਸ਼ਰ ਵੱਲ ਲਾਉਂਦੀਆਂ ਹਨ। ਉਸ ਦੀ ਮਾਤਾ ਦਾ ਨਾਮ ਮਰੀਅਮ ਲਿਖਿਆ ਹੋਇਆ ਮਿਲਦਾ ਹੈ। ਉਸ ਨੇ ਬਾਬੇ ਫਰੀਦ ਨੂੰ ਆਤਮਕ ਖੋਜ ਲਈ ਉਸ ਸਮੇਂ ਦੇ ਪ੍ਰਸਿੱਧ ਸੂਫੀ ਪੀਰਾਂ ਕੋਲ ਭੇਜਿਆ। ਬਾਬਾ ਫਰੀਦ ਜੀ ਨੇ ਆਪਣੇ ਜੀਵਨ

ਕਾਲ ਦੇ ਅੰਦਰ ਸੰਸਾਰ ਦਾ ਬਹੁਤ ਲੰਮਾ ਚੌੜਾ ਭ੍ਰਮਣ ਕੀਤਾ। ਕਈ ਵਾਰੀ ਕਾਹਬਾ ਸਰੀਫ ਗਏ, ਬਗਦਾਦ ਦੇ ਵੱਡੇ-ਵੱਡੇ ਉਲਮਾ (ਵਿਦਵਾਨਾਂ) ਨਾਲ ਮੇਲ ਹੋਇਆ ਅਤੇ ਕਾਫੀ-ਕਾਫੀ ਦੇਰ ਰਹਿ ਕੇ ਉਨ੍ਹਾਂ ਤੋਂ ਧਾਰਮਿਕ ਗਿਆਨ ਦੀਆਂ ਡੂੰਘਿਆਈਆਂ ਦੀ ਟੋਹ ਲਾਈ। ਉਸ ਸਮੇਂ ਦੇ ਦਰਜਨਾਂ ਸੂਫੀ ਪੀਰ ਜੋ ਕਰਨੀ ਕਮਾਈ ਵਿਚ ਬਹੁਤ ਹੀ ਪਹੁੰਚੇ ਹੋਏ ਸਨ, ਜਿਨ੍ਹਾਂ ਦੀਆਂ ਘਾਲ ਕਮਾਈਆਂ ਪੜ੍ਹ ਸੁਣ ਕੇ ਹੈਰਾਨ ਰਹਿ ਜਾਈਦਾ ਹੈ, ਉਨ੍ਹਾਂ ਸਾਰਿਆਂ ਨਾਲ ਮੇਲ ਹੋਇਆ। ਬਾਬੇ ਫਰੀਦ ਜੀ ਨੇ ਘੋਰ ਤਪਸਿਆ ਕੀਤੀ। ਇਸ ਤਪਸਿਆ ਦੀਆਂ ਸੂਹਾਂ (ਖਬਰਾਂ) ਦੂਰ ਦਰਾਜ਼ ਰੂਹਾਨੀ ਜਗਤ ਵਿਚ ਪਹੁੰਚੀਆਂ ਅਤੇ ਇਹ ਰੂਹਾਨੀ ਖੋਜ ਵਿਚ ਭ੍ਰਮਣ ਕਰ ਰਹੇ ਸਨ ਤਾਂ ਉਸ ਵਕਤ ਇਕ ਬਹੁਤ ਵੱਡੇ ਪੀਰ ਨਾਲ ਆਪ ਦਾ ਮੇਲ ਹੋਇਆ ਤਾਂ ਉਨ੍ਹਾਂ ਨੇ ਕਿਹਾ, "ਫਰੀਦ! ਕਿਥੇ ਕੁ ਪਹੁੰਚ ਚੁਕਿਆ ਹੈਂ?" ਤਾਂ ਬਾਬੇ ਫਰੀਦ ਨੇ ਨਿਗ੍ਹਾ ਕੀਤੀ, ਉਸ ਪੀਰ ਦੀ ਕੁਰਸੀ ਜ਼ਮੀਨ ਤੋਂ ਪੰਜ-ਛੇ ਫੁੱਟ ਉਪਰ ਉਠ ਗਈ ਅਤੇ ਹਾਲੇ ਹੋਰ ਉਪਰ ਹੀ ਉਪਰ ਜਾ ਰਹੀ ਸੀ। ਉਨ੍ਹਾਂ ਮਹਾਂਪੁਰਸ਼ਾਂ ਨੇ ਕੁਰਸੀ ਤੇ ਹੱਥ ਮਾਰਿਆ, ਕੁਰਸੀ ਥੱਲੇ ਆ ਗਈ। ਵੇਖ ਲਿਆ ਕਿ ਫਰੀਦ ਵਿਚ ਹਠ, ਤਪ ਕਰਨ ਨਾਲ ਕਰਾਮਾਤ ਸ਼ਕਤੀ ਕਾਫੀ ਆ ਗਈ ਹੈ ਪਰ ਉਸ ਨੇ ਨਾਲ ਦੀ ਨਾਲ ਕਿਹਾ ਕਿ ਫਰੀਦ ਤੇਰੇ ਜਪ ਤਪ (ਜੋਹਦ) ਤਾਂ ਬਹੁਤ ਸ਼ਲਾਘਾਯੋਗ ਹਨ ਪਰ ਅਜੇ ਤੂੰ 'ਆਤਮ ਮਾਰਗ' ਉਪਰ ਪਹਿਲਾ ਕਦਮ ਵੀ ਨਹੀਂ ਰੱਖਿਆ। ਇਸ ਗੱਲ ਨੇ ਬਾਬੇ ਫਰੀਦ ਨੂੰ ਬਹੁਤ ਗਹਿਰੀ ਸੋਚ ਵਿਚ ਪਾ ਦਿਤਾ ਅਤੇ ਇਹ ਮਹਿਸੂਸ ਕਰਾਇਆ ਕਿ ਮੇਰੇ ਵਿਚ ਐਨੀ ਸ਼ਕਤੀ ਆ ਗਈ ਹੈ ਕਿ ਇਸ ਨੂੰ ਇਸ ਪੀਰ ਨੇ ਕੁਝ ਵੀ ਨਹੀਂ ਗਿਣਿਆ। ਉਸ ਨੇ ਫੇਰ ਜੰਗਲਾਂ ਵਿਚ ਜਾ ਕੇ ਘੋਰ ਤਪਸਿਆ ਕਰਨੀ ਸ਼ੁਰੂ ਕਰ ਦਿਤੀ। ਇਕ ਵਾਰੀ ਉਹ ਆਪਣੀ ਮਾਂ ਨੂੰ ਮਿਲਣ ਲਈ 12 ਸਾਲ ਬਾਦ ਘਰ ਨੂੰ ਆ ਰਿਹਾ ਸੀ ਅਤੇ ਰਸਤੇ ਵਿਚ ਇਕ ਦਰੱਖਤ ਥੱਲੇ ਬੈਠ ਕੇ ਥਕੇਵਾਂ ਦੂਰ ਕਰ ਰਿਹਾ ਸੀ, ਉਸ ਦਰੱਖਤ ਦੇ ਟਾਹਣਿਆਂ ਤੇ ਬਹੁਤ ਸਾਰੇ ਪੰਛੀ ਆਪਣੀ ਮੌਜ ਵਿਚ ਗਾ ਰਹੇ ਸਨ। ਜਪਾਂ ਤਪਾਂ ਨਾਲ, ਇਕੱਲਤਾ ਵਿਚ ਰਹਿਣ ਕਰਕੇ ਮਨ ਵਿਚ ਕ੍ਰੋਧ ਉਤਪੰਨ ਹੋ ਜਾਇਆ ਕਰਦਾ ਹੈ। ਸੋ ਬਾਬੇ ਫਰੀਦ ਨੂੰ ਅਕਾਰਨ ਹੀ ਕ੍ਰੋਧ ਆ ਗਿਆ ਤੇ ਉਪਰ ਨੂੰ ਦੇਖ ਕੇ ਕਹਿਣ ਲੱਗਿਆ, "ਚਿੜੀਓ ਮਰ ਵੰਞੋ।" ਸਾਰੇ ਪੰਛੀ ਜ਼ਮੀਨ ਤੇ ਬੇਰਾਂ ਵਾਂਗੂੰ ਗਿਰ ਪਏ। ਫੇਰ ਖਿਆਲ ਆਇਆ ਕਿ ਇਨ੍ਹਾਂ ਨੇ ਮੇਰਾ ਕੀ ਵਿਗਾੜਿਆ ਸੀ ਕਿ ਮੈਂ ਇਨ੍ਹਾਂ ਦੀ ਜ਼ਿੰਦਗੀ ਖਤਮ ਕਰ ਦਿਤੀ। ਅੱਲਾਹ ਤਾਲਾ ਜਦੋਂ ਮੈਨੂੰ ਪੁਛੇਗਾ ਤਾਂ ਮੈਂ ਉਸਨੂੰ ਕੀ ਉਤਰ ਦੇਵਾਂਗਾ। ਇਸ ਪ੍ਰਭਾਵ ਹੇਠਾਂ ਆ ਕੇ ਕਹਿਣ ਲੱਗਿਆ, "ਚਿੜੀਓ ਜੀਅ ਵੰਞੋ।" ਸਭ ਪੰਛੀ ਉਡ ਗਏ ਅਤੇ ਫਰੀਦ ਦੇ ਮਨ ਵਿਚ ਆਇਆ ਕਿ ਮੇਰੇ ਵਿਚ ਮਾਰਨ ਤੇ ਜਿਉਂਦਾ ਕਰਨ ਦੀ ਸ਼ਕਤੀ ਆ ਗਈ ਹੈ। ਇਹ ਖਬਰ ਮੈਂ ਜਾ ਕੇ ਆਪਣੀ ਮਾਂ ਨੂੰ ਦਸਾਂਗਾ।

ਇਸ ਇਰਾਦੇ ਨਾਲ ਜਦੋਂ ਜੰਗਲ ਵਿਚੋਂ ਬਾਹਰ ਨਿਕਲਿਆ, ਇਸ ਨੂੰ ਸਖਤ ਪਿਆਸ ਲੱਗੀ। ਹੋਰ ਅੱਗੇ ਆ ਕੇ ਕੀ ਦੇਖਦਾ ਹੈ ਕਿ 20-22 ਸਾਲ ਦੀ ਜਵਾਨ ਜੋਬਨਵੰਤ ਲੜਕੀ ਖੂਹ ਵਿਚੋਂ ਪਾਣੀ ਕੱਢਦੀ ਹੈ ਤੇ ਡੋਲ੍ਹ ਦਿੰਦੀ ਹੈ। ਇਸ ਨੇ ਅਭਿਮਾਨੀ ਲਹਿਜੇ ਵਿਚ ਕਿਹਾ ਕਿ ਓ ਲੜਕੀ! ਦਰਵੇਸ਼ ਕੋ ਪਾਨੀ ਪਿਲਾਓ। ਉਸ ਲੜਕੀ ਨੇ ਇਸ ਵਲ ਬਹੁਤ ਗੌਰ ਨਾਲ ਦੇਖਿਆ ਅਤੇ ਬਗੈਰ ਕੁਝ ਕਹੇ ਤੇ ਪਾਣੀ ਦਾ ਡੋਲ ਕੱਢਿਆ ਤੇ ਡੋਲ੍ਹ ਦਿਤਾ। ਜਦੋਂ ਦੋ ਤਿੰਨ ਵਾਰੀ ਇਸੇ ਤਰ੍ਹਾਂ ਕੀਤਾ ਤਾਂ ਇਸਨੂੰ ਗੁੱਸਾ ਆ ਗਿਆ। ਕੁਝ ਆਪਣੀ ਕਰਾਮਾਤ ਦਾ ਇਸਨੂੰ ਅਭਿਮਾਨ ਬਹੁਤ ਸੀ। ਪਤਾ ਨਹੀਂ ਉਸ ਵੇਲੇ ਕੀ-ਕੀ ਫੁਰਨੇ ਸ਼ਕਤੀ ਦਿਖਾਉਣ ਦੇ ਮਨ ਵਿਚ ਆ ਰਹੇ ਹੋਣਗੇ। ਉਸ ਵੇਲੇ ਬਹੁਤ ਕੜਕ ਕੇ ਬੋਲਿਆ, "ਓ ਲੜਕੀ! ਸੁਨਾ ਨਹੀਂ, ਦਰਵੇਸ ਕੋ ਬਹੁਤ ਪਿਆਸ ਲਗੀ ਹੈ, ਪਾਨੀ ਪਿਲਾਓ।" ਉਸ ਲੜਕੀ ਨੇ ਸਹਿਜ ਸੁਭਾਅ ਡੋਲ ਕੱਢਦਿਆਂ ਕਿਹਾ ਕਿ ਬਾਬਾ! ਟਿਕ ਕੇ ਬੈਠ ਜਾਹ। ਤੈਨੂੰ ਪਾਣੀ ਜ਼ਰੂਰ ਪਿਲਾਵਾਂਗੀ। ਇਹ ਚਿੜੀਆਂ ਨਹੀਂ ਜਿਨ੍ਹਾਂ ਨੂੰ ਤੂੰ ਮਾਰ ਦੇਵੇਂਗਾ ਤੇ ਜਿਉਂਦੀਆਂ ਕਰ ਦੇਵੇਂਗਾ। ਜੇ ਤੇਰੇ ਵਿਚ ਸ਼ਕਤੀ ਹੈ ਤਾਂ ਦੇਖ ਲੈ ਕਿ ਮੈਂ ਪਾਣੀ ਕਿਉਂ ਡੋਲ੍ਹਦੀ ਹਾਂ। ਉਸ ਭੋਲੀ-ਭਾਲੀ ਯੁਵਤੀ ਦੇ ਮੁੱਖ ਤੋਂ ਦ੍ਰਿੜ੍ਹਤਾਪੂਰਵਕ ਬਚਨ ਸੁਣ ਕੇ ਫਰੀਦ ਨੂੰ ਪਸੀਨਾ ਆ ਗਿਆ। ਸੋਚਿਆ ਕਿ ਮੈਂ ਤਾਂ ਇਥੋਂ ਬਾਰਾਂ ਮੀਲ ਦੀ ਦੂਰੀ ਤੇ ਪੰਛੀ ਮਾਰ ਕੇ ਜਿਉਂਦੇ ਕੀਤੇ ਸਨ। ਇਸ ਲੜਕੀ ਨੂੰ ਕਿਵੇਂ ਪਤਾ ਚਲ ਗਿਆ ਅਤੇ ਇਕ ਤਰ੍ਹਾਂ ਉਸਦੀ ਪਿਆਸ ਹੀ ਬੁਝ ਗਈ ਤੇ ਬਾਰ-ਬਾਰ ਮੱਥੇ ਤੇ ਪਸੀਨਾ ਆਈ ਜਾਂਦਾ ਹੈ। ਉਹ ਲੜਕੀ ਆਪਣਾ ਕਾਰਜ ਸਮਾਪਤ ਕਰ ਚੁੱਕੀ ਤਾਂ ਉਸ ਨੇ ਬਹੁਤ ਪਿਆਰੇ ਸ਼ਬਦਾਂ ਵਿਚ ਕਿਹਾ ਕਿ ਆਓ ਦਰਵੇਸ ਸਾਂਈ! ਹੁਣ ਤੁਸੀਂ ਪਾਣੀ ਵੀ ਪੀਓ, ਹੱਥ ਪੈਰ ਵੀ ਧੋਵੋ, ਘਰ ਵਿਚ ਪ੍ਰਸ਼ਾਦਾ ਤਿਆਰ ਹੈ ਛਕ ਕੇ ਜਾਣਾ। ਜਦੋਂ ਬਾਬੇ ਫਰੀਦ ਨੇ ਪਾਣੀ ਪੀਤਾ ਤੇ ਨਾਲ ਹੀ ਪੁਛਿਆ ਕਿ ਬੀਬਾ! ਮੈਨੂੰ ਨਹੀਂ ਪਤਾ ਲੱਗ ਸਕਿਆ ਕਿ ਤੂੰ ਪਾਣੀ ਕਿਉਂ ਡੋਲ੍ਹ ਰਹੀ ਸੀ ਤੇ ਮੇਰਾ ਪੰਛੀ ਮਾਰਨ ਤੇ ਜਿਉਂਦੇ ਕਰਨ ਦਾ ਤੈਨੂੰ ਕਿਵੇਂ ਪਤਾ ਲੱਗ ਗਿਆ? ਉਸ ਲੜਕੀ ਨੇ ਕਿਹਾ ਕਿ ਫਰੀਦ ਜੀ! ਜੋ ਕਰਾਮਾਤ ਤੂੰ ਪੰਛੀਆਂ ਵਾਲੀ ਵਿਖਾਈ ਸੀ, ਉਸ ਦਾ ਐਨਾ ਪ੍ਰਭਾਵ ਤੇਰੇ ਅੰਦਰ ਦਾਖਲ ਹੋ ਗਿਆ ਕਿ ਤੇਰੇ ਮਸਤਕ ਤੇ ਨੀਝ ਲਗਾਇਆਂ ਹੀ ਦ੍ਰਿਸ਼ਟੀਗੋਚਰੇ ਹੁੰਦਾ ਸੀ। ਤੂੰ ਇਹ ਨਿੱਕੀ ਜਿਹੀ ਸ਼ਕਤੀ ਆਪਣੀ ਮਾਤਾ ਨੂੰ ਦਸਣੀ ਸੀ। ਪਾਣੀ ਡੋਲ੍ਹਣ ਬਾਰੇ ਉਸਨੇ ਜ਼ਿਕਰ ਕਰਦਿਆਂ ਕਿਹਾ ਕਿ ਮੇਰੀ ਭੈਣ ਦਾ ਘਰ ਇਥੋਂ 20 ਮੀਲ ਤੇ ਹੈ। ਅਚਾਨਕ ਉਸ ਦੇ ਘਰ

ਨੂੰ ਅੱਗ ਲੱਗ ਗਈ ਤੇ ਉਹ ਸਤਿਸੰਗ ਤੇ ਗਈ ਹੋਈ ਸੀ। ਸੋ ਭੈਣ ਦਾ ਘਰ ਬਚਾਉਣ ਵਾਸਤੇ ਮੈਂ ਪਾਣੀ ਡੋਲ੍ਹ ਰਹੀ ਸੀ। ਹੁਣ ਅੱਗ ਬੁਝ ਗਈ ਹੈ। ਹੁਣ ਪਾਣੀ ਪੀਓ ਤੇ ਪ੍ਰਸ਼ਾਦਾ ਛਕੋ। ਬਾਬਾ ਫਰੀਦ ਜੀ ਨੇ ਕਿਹਾ, "ਭੈਣਾ! ਤੇਰੀ ਉਮਰ ਅਜੇ ਬਹੁਤ ਛੋਟੀ ਹੈ, ਮੈਨੂੰ ਤਾਂ ਐਉਂ ਲਗਦਾ ਹੈ ਕਿ ਤੇਰੇ ਹੱਥਾਂ ਦੀ ਸੁਹਾਗ ਮਹਿੰਦੀ ਵੀ ਅਜੇ ਲਹੀ ਨਹੀਂ ਹੈ। ਤੂੰ ਐਨੀ ਛੋਟੀ ਉਮਰ ਦੇ ਅੰਦਰ ਕਿਹੜੇ ਜਪ ਤਪ ਕਰ ਲਏ ਜਿਸ ਕਰਕੇ ਤੇਰੇ ਵਿਚ ਐਨੀ ਸ਼ਕਤੀ ਦਾ ਨਿਵਾਸ ਹੋ ਗਿਆ?" ਉਸ ਲੜਕੀ ਨੇ ਕਿਹਾ, "ਫਰੀਦ! ਤੁਸੀਂ ਦਰਵੇਸ਼ ਲੋਕ ਹੋ, ਤੁਸੀਂ ਧੂਣੀਆਂ ਤਾਪ ਸਕਦੇ ਹੋਂ, ਪੁੱਠੇ ਲਟਕ ਸਕਦੇ ਹੋਂ, ਜੰਗਲੀ ਫਲ ਖਾ ਕੇ ਗੁਜ਼ਾਰਾ ਕਰ ਸਕਦੇ ਹੋਂ ਪਰ ਅਸੀਂ ਔਰਤਾਂ ਇਨ੍ਹਾਂ ਕਰਮਾਂ ਵਿਚੋਂ ਕੁਝ ਵੀ ਨਹੀਂ ਕਰ ਸਕਦੀਆਂ। ਅੱਲਾਹ ਤਾਲਾ ਨੇ ਸਾਨੂੰ ਮਰਦਾਂ ਦੀ ਸੇਵਾ ਬਖਸ਼ੀ ਹੈ। ਮੈਂ ਆਪਣੇ ਪਤੀ ਨੂੰ ਅੱਲਾਹ ਦਾ ਰੂਪ ਜਾਣ ਕੇ ਸੇਵਾ ਕਰਦੀ ਹਾਂ, ਮੈਂ ਉਸ ਦੇ ਪਿਆਰ ਵਿਚ ਜਿਉਂਦੀ ਹਾਂ ਉਹ ਭਲਾ ਪੁਰਸ਼ ਦਿਨ ਰਾਤ ਇਬਾਦਤ ਵਿਚ ਰਹਿੰਦਾ ਹੈ, ਉਸ ਦੀ ਨਿਸ਼ਕਾਮ ਸੇਵਾ ਵਿਚੋਂ ਮੈਨੂੰ ਇਹ ਸ਼ਕਤੀਆਂ ਸਹਿਜ ਸੁਭਾਅ ਹੀ ਪ੍ਰਾਪਤ ਹੋ ਗਈਆਂ। ਫਰੀਦ! ਇਕ ਗੱਲ ਮੈਂ ਤੇਰੇ ਤੋਂ ਪੁਛਦੀ ਹਾਂ ਕਿ ਤੂੰ ਘਰੋਂ ਗਿਆ ਤਾਂ ਅੱਲਾਹ ਦੇ ਮਿਲਾਪ ਲਈ ਸੀ ਪਰ ਸ਼ਕਤੀਆਂ ਵਿਚ ਪਰਚ ਗਿਆ। ਮੈਂ ਆਪਣੇ ਪਤੀ ਨਾਲ ਜਾ ਕੇ ਵਲੀ ਅੱਲਾਹ ਦੀ ਸੋਭਤ (ਸੰਗਤ) ਕਰਦੀ ਹਾਂ। ਉਥੇ ਸੁਣਦੀ ਰਹਿੰਦੀ ਹਾਂ ਕਿ ਕਰਾਮਾਤ ਕਰਨਾ ਕੁਫਰ ਹੋਇਆ ਕਰਦਾ ਹੈ, ਸਾਧਕ ਨਾਲ ਅੱਲਾਹ ਨਰਾਜ਼ ਹੋ ਜਾਂਦਾ ਹੈ। ਉਸ ਨੂੰ ਕਰਾਮਾਤਾਂ ਕਰਨ ਦਾ ਫਲ ਦਰਗਾਹ ਵਿਚ ਜਾ ਕੇ ਭੁਗਤਣਾ ਪੈਂਦਾ ਹੈ। ਤੂੰ ਗਿਆ ਤਾਂ ਅੱਲਾਹ ਪ੍ਰਾਪਤੀ ਵਾਸਤੇ ਸੀ, ਤੂੰ ਸ਼ਕਤੀਆਂ ਜ਼ਰੂਰ ਪ੍ਰਾਪਤ ਕਰ ਲਈਆਂ ਪਰ ਤੇਰਾ ਸਮਾਂ ਐਵੇਂ ਹੀ ਬਰਬਾਦ ਹੋ ਗਿਆ। ਫਰੀਦ ਨੇ ਤਰਕ ਖਾਧੀ ਤੇ ਜੰਗਲ ਵਿਚ ਹੋਰ ਘੋਰ ਤਪਸਿਆ ਕਰਨ ਲੱਗ ਗਿਆ। ਅਜਿਹੀ ਤਪਸਿਆ ਕੀਤੀ ਕਿ ਕਈ ਵੱਡੇ ਆਰਫ ਲੋਕ ਉਸਦੀ ਤਪਸਿਆ ਨੂੰ ਦੇਖਣ ਆਏ। ਗੁਰਬਾਣੀ ਵਿਚ ਜ਼ਿਕਰ ਆਉਂਦਾ ਹੈ -

***ਫਰੀਦਾ ਤਨੁ ਸੁਕਾ ਪਿੰਜਰੁ ਥੀਆ***
***ਤਲੀਆਂ ਖੂੰਡਹਿ ਕਾਗ॥***
***ਅਜੈ ਸੁ ਰਬੁ ਨ ਬਾਹੁੜਿਓ***
***ਦੇਖੁ ਬੰਦੇ ਕੇ ਭਾਗ॥ ਅੰਗ-੧੩੮੨***

ਅਤੇ ਨੌਬਤ (ਹਾਲਤ) ਐਥੇ ਤਕ ਪਹੁੰਚ ਗਈ ਕਿ ਫਰੀਦ ਐਨਾ ਸੁਕ ਗਿਆ, ਕਾਵਾਂ ਨੇ ਸਮਝ ਲਿਆ ਕਿ ਇਹ ਮਰ ਚੁਕਿਆ ਹੈ, ਉਨ੍ਹਾਂ ਨੇ ਤਲੀਆਂ ਦਾ ਮਾਸ ਕੱਢਣਾ ਸ਼ੁਰੂ ਕਰ ਦਿਤਾ। ਤਪ ਦੇ ਵੇਗ ਨਾਲ ਉਸ ਦੇ ਹੱਥ ਪੈਰ ਬਿਲਕੁਲ ਸੁੰਨ ਹੋ ਚੁੱਕੇ ਸਨ। ਖੂਨ ਦਾ ਬਹਾਓ ਐਨਾ ਰੁਕ ਗਿਆ ਸੀ ਕਿ ਸਚਮੁੱਚ ਹੀ ਮੁਰਦੇ ਵਰਗਾ ਹੀ ਲਗਦਾ ਸੀ, ਕੇਵਲ ਸ੍ਵਾਸ ਹੀ ਚਲਦਾ ਸੀ। ਉਸ ਵੇਲੇ ਇਕ ਕਾਂ ਉਡਾਰੀ ਮਾਰ ਕੇ ਮੱਥੇ ਤੇ ਬੈਠ ਗਿਆ। ਇਸ ਤੋਂ ਪਹਿਲਾਂ ਕਿ ਉਹ ਅੱਖ ਉਪਰ ਚੁੰਝ ਮਾਰੇ, ਬਾਬੇ ਫਰੀਦ ਨੇ ਆਪਣਾ ਹੱਥ ਹਿਲਾਇਆ ਅਤੇ ਦਿਲ ਵਿਚੋਂ ਦਰਦਾਂ ਭਰੀ ਆਵਾਜ਼ ਉਠੀ ਜਿਸ ਵਿਚ ਹੱਦ ਦਰਜੇ ਦੀ ਨਿਰਾਸਤਾ ਸੀ। ਕਾਂ ਨੂੰ ਬੇਨਤੀ ਕੀਤੀ -

***ਕਾਗਾ ਕਰੰਗ ਢਢੋਲਿਆ***
***ਸਗਲਾ ਖਾਇਆ ਮਾਸੁ॥***
***ਏ ਦੁਇ ਨੈਨਾ ਮਤਿ ਛੁਹਉ***
***ਪਿਰ ਦੇਖਨ ਕੀ ਆਸ॥ ਅੰਗ - ੧੩੮੨***
***ਕਾਗਾ ਚੂੰਡਿ ਨ ਪਿੰਜਰਾ***
***ਬਸੈ ਤ ਉਡਰਿ ਜਾਹਿ॥***
***ਜਿਤੁ ਪਿੰਜਰੈ ਮੇਰਾ ਸਹੁ ਵਸੈ***
***ਮਾਸੁ ਨ ਤਿਦੂ ਖਾਹਿ॥***
***ਅੰਗ - ੧੩੮੨***

ਉਸ ਮੌਕੇ ਇਕ ਪੂਰਨ ਗਿਆਨਵਾਨ ਦਰਵੇਸ਼ ਉਸ ਦੇ ਤਪ ਅਸਥਾਨ ਵਾਲੇ ਜੰਗਲ ਵਿਚ ਪਹੁੰਚਦਾ ਹੈ ਜਿਥੇ ਫਰੀਦ ਇਕ ਕੋਇਲ ਨੂੰ ਵੇਖ ਕੇ ਕਹਿ ਰਿਹਾ ਹੈ ਕਿ ਐ ਕਾਲੀ ਕੋਇਲ! ਮੈਂ ਤਾਂ ਆਪਣੇ ਅੱਲਾਹ ਦੇ ਵਿਯੋਗ ਵਿਚ ਕੰਚਨ ਵਰਗੇ ਰੰਗ ਤੋਂ ਬਦਲ ਕੇ ਕੋਲੇ ਵਰਗਾ ਹੋ ਗਿਆ ਹਾਂ। ਤੈਨੂੰ ਕੀ ਦੋਖ ਲੱਗਿਆ ਹੈ ਕਿ ਤੂੰ ਮੇਰੇ ਤੋਂ ਵੀ ਕਾਲੀ ਹੋ ਚੁੱਕੀ ਹੈਂ ਤੇ ਤੇਰੇ ਬਿਰਹਾ ਦੀ ਆਵਾਜ਼ ਮੇਰੇ ਸਰੀਰ ਵਿਚੋਂ ਸਾਰ ਪਾਰ ਲੰਘ ਰਹੀ ਹੈ ਅਤੇ ਮੇਰੇ ਸਰੀਰ ਵਿਚੋਂ ਬਚਿਆ ਖੁਚਿਆ ਬਿਰਹੁ ਜਲ ਅੱਖਾਂ ਤਾਂਈ ਬਾਹਰ ਕੱਢ ਰਹੀ ਹੈਂ। ਮੈਨੂੰ ਪ੍ਰਤੀਤ ਹੋ ਰਿਹਾ ਹੈ ਕਿ ਤੂੰ ਮੇਰੇ ਤੋਂ ਜ਼ਿਆਦਾ ਵਿਯੋਗਣ ਹੈਂ। ਕੋਇਲ ਨੇ ਕਿਹਾ, "ਫਰੀਦਾ! ਤੇਰਾ ਸਹੁ ਤਾਂ ਤੇਰੇ ਅੰਦਰ ਵਸਦਾ ਹੈ ਪਰ ਮੈਂ ਤਾਂ ਸਦਾ ਹੀ ਆਪਣੇ ਸਹੁ ਤੋਂ ਵਿਯੋਗ ਵਿਚ ਰਹਿੰਦੀ ਹਾਂ। ਸਾਰੇ ਪੰਛੀ ਆਪਣੇ-ਆਪਣੇ ਜੋੜੇ ਬਣਾ ਕੇ, ਚੋਗਾ ਚੁਗ ਕੇ ਦਰੱਖਤਾਂ ਦੀਆਂ ਟਾਹਣੀਆਂ ਤੇ ਬੈਠੇ ਖੁਸ਼ੀ ਦੇ ਗੀਤ ਗਾ ਰਹੇ ਹਨ ਪਰ ਮੈਂ ਵਿਜੋਗਣ ਆਪਣੇ ਪ੍ਰੀਤਮ ਦੇ ਵਿਜੋਗ ਵਿਚ ਜਲ ਚੁਕੀ ਹੋਈ ਅਜੇ ਵੀ ਆਸ ਭਰੀ ਬਿਰਹੁ ਅਵਾਜ਼ ਨਾਲ ਆਪਣੇ ਪਿਰ ਨੂੰ ਬੁਲਾ ਰਹੀ ਹਾਂ ਪਰ ਕਿਸਮਤ ਵਿਚ ਨਹੀਂ। ਫਰੀਦਾ! ਤੈਨੂੰ ਤਾਂ ਤੇਰਾ ਪੀਰ ਕਦੇ ਨਾ ਕਦੇ ਮਿਲ ਹੀ ਜਾਵੇਗਾ ਪਰ ਮੇਰੀ ਤਾਂ ਕਿਸਮਤ ਵਿਚ ਹੀ ਵਿਧਾਤਾ ਨੇ ਲੇਖ ਲਿਖ ਦਿਤਾ ਕਿ ਤੁਸੀਂ ਕਦੇ ਵੀ ਪਿਰ ਧਨ ਇਕੱਠੇ ਹੋ ਕੇ ਨਹੀਂ ਬੈਠ ਸਕੋਗੇ।" ਸੋ ਮੇਰਾ ਦਰਦ ਭਰਿਆ ਫਿਰਾਕ (ਵਿਛੋੜਾ) ਮੈਨੂੰ ਖਾ ਰਿਹਾ ਹੈ ਅਤੇ ਮੈਂ ਕਾਲੀ ਸਿਆਹ ਹੋ ਰਹੀ ਹਾਂ।"

***ਕਾਲੀ ਕੋਇਲ ਤੂ ਕਿਤ ਗੁਨ ਕਾਲੀ॥***
***ਅਪਨੇ ਪ੍ਰੀਤਮ ਕੇ ਹਉ ਬਿਰਹੈ ਜਾਲੀ॥***
***ਅੰਗ - ੭੯੪***

ਇਸੇ ਸਮੇਂ ਇਕ ਕਾਮਲ ਪੁਰਸ਼ ਬਾਬੇ ਫਰੀਦ ਜੀ ਦੇ ਪਾਸ ਪਹੁੰਚਦਾ ਹੈ ਉਸ ਨੇ ਕਿਹਾ, "ਫਰੀਦ! ਤੂੰ ਕਿਹੜੇ ਵਹਿਣਾ ਵਿਚ ਪੈ ਗਿਆ। ਮੈਂ ਸੁਣਿਆ ਹੈ ਕਿ ਤੂੰ ਅੱਲਾਹ ਦੀ ਤਲਾਸ਼ ਵਿਚ ਘੋਰ ਜੋਹਦ (ਤਪ) ਕਰ ਰਿਹਾ ਹੈਂ ਪਰ ਪਿਆਰਿਆ! ਅੱਲਾਹ ਤਾਂ ਤੇਰੇ ਅੰਦਰ ਵਸਦਾ ਹੈ। ਇਹ ਸਰੀਰ ਅੱਲਾਹ ਦੀ ਮਸਜਿਦ ਹੈ। ਇਸ ਸਰੀਰ ਰੂਪੀ ਮਸਜਿਦ ਵਿਚ ਜਿਥੇ ਅੱਲਾਹ ਦਾ ਵਾਸਾ ਹੈ, ਉਹ ਉਹੋ ਹੀ ਵਿਖਾ ਸਕਦਾ ਹੈ ਜੋ ਆਪ ਅੱਲਾਹ ਨੂੰ ਮਿਲਿਆ ਹੋਇਆ ਹੋਵੇ। ਇਹ ਤੇਰੀ ਜੰਗਲਾਂ ਦੀ ਢੂੰਡ ਵਿਅਰਥ ਹੈ, ਜਾਹ! ਮੁਰਸ਼ਦੇ ਕਾਮਲ ਦੀ ਤਲਾਸ਼ ਕਰ। ਉਹ ਤੈਨੂੰ ਮਾਰਗ ਦੱਸੇਗਾ ਜੋ ਅੱਲਾਹ ਦੇ ਦਰ ਤੇ, ਤੇਰੇ ਅੰਦਰ ਹੋ ਕੇ ਹੀ ਜਾਂਦਾ ਹੈ। ਮੈਂ ਤੈਨੂੰ ਦਸ ਦਿੰਦਾ ਹਾਂ ਕਿ ਤੂੰ ਪਹਿਲੀ ਮੰਜ਼ਲ ਤਹਿ ਕਰ ਲਈ ਹੈ ਜਿਸਨੂੰ **'ਵਾਦੀ-ਏ-ਤਲਾਸ਼'** ਕਹਿੰਦੇ ਹਨ। ਹੁਣ ਤੂੰ ਪਿਆਰ ਦੀ ਜਮਾਤ ਵਿਚ ਦਾਖਲਾ ਲੈ, ਮੁਰਸ਼ਦ ਨੂੰ ਪਿਆਰ ਕਰ, ਇਸਨੂੰ ਮੰਜ਼ਲ-ਏ-ਇਸ਼ਕ ਕਹਿੰਦੇ ਹਨ। ਇਸ ਇਸ਼ਕ ਦੇ ਰਾਹੀਂ ਤੇਰੇ ਅੰਦਰ ਵਿਚਾਰ ਜਨਮ ਲਵੇਗੀ ਜਿਸ ਤੋਂ ਤੈਨੂੰ ਅੱਲਾਹ ਦਾ ਭੇਤ ਮੁਰਸ਼ਦ ਰਾਹੀਂ ਮਿਲਦਾ ਰਹੇਗਾ। ਤੇਰੇ ਅੰਦਰ ਵਿਵੇਕ ਦੀ ਬਿਰਤੀ ਜਾਗ੍ਰਤ ਹੋਵੇਗੀ। ਇਸ ਨੂੰ **'ਵਾਦੀ-ਏ-ਮਾਰਫਤ'** ਕਹਿੰਦੇ ਹਨ। ਮੁਰਸ਼ਦ ਦੀ ਸੇਵਾ ਕਰਦਿਆਂ ਇਸ ਮੰਜ਼ਲ ਵਿਚ ਵਿਚਰਦਿਆਂ ਤੇਰੇ ਅੰਦਰ ਲਗਾਤਾਰੀ ਯਾਦ ਤਾਰੀ (ਸ਼ੁਰੂ) ਹੋ ਜਾਵੇਗੀ। ਉਸ ਯਾਦ ਵਿਚ ਰਹਿ ਕੇ ਤੂੰ ਇਬਾਦਤ ਕਰੇਂਗਾ। ਉਸ ਦਾ ਨਾਮ **'ਵਾਦੀ-ਏ-ਮਹਿਵੀਅਤ'** ਹੈ। ਲਿਵ ਵਿਚ ਤੇਰੇ ਸੁਆਸ ਲੰਘਣਗੇ ਅਤੇ ਤੂੰ ਅੱਲਾਹ ਦੇ ਨਾਲ ਜੁੜਿਆ ਰਹੇਂਗਾ। ਰੋਣੇ-ਧੋਣੇ ਤੇਰੇ ਮੁਕ ਜਾਣਗੇ ਤੂੰ ਆਪਣੇ ਆਪ ਨੂੰ ਅੱਲਾਹ ਵਿਚ ਮਿਲਿਆ ਮਹਿਸੂਸ ਕਰੇਂਗਾ। ਉਸ ਮਿਲਾਪ ਦਾ ਅਨੰਦ ਤੇਰੇ ਅੰਦਰ ਝਰਨਾਟਾਂ ਦੇਵੇਗਾ। ਤੈਨੂੰ ਤੇਰਾ ਮੁਰਸ਼ਦ ਅੱਲਾਹ ਹੋ ਕੇ ਨਜ਼ਰ ਆਵੇਗਾ। ਉਹ ਅੱਲਾਹ ਦਾ ਸਰਗੁਣ ਸਰੂਪ ਹੋ ਕੇ ਤੈਨੂੰ ਦਿਸੇਗਾ। ਇਸ ਨੂੰ ਅਭੇਦਤਾ ਦੀ ਵਾਦੀ ਆਖਦੇ ਹਨ ਅਤੇ **'ਵਾਦੀ-ਏ-ਵਹਿਦੀਅਤ'** ਇਸਨੂੰ ਅੱਲਾਹ ਵਾਲੇ ਆਖਦੇ ਹਨ। ਤੇਰੇ ਬਜਰ ਕਪਾਟ ਖੁਲ੍ਹ ਜਾਣਗੇ। ਮੁਰਸ਼ਦ ਦੀ ਸੇਵਾ ਕਰਦਿਆਂ ਅਭੋਲ ਹੀ ਤੈਨੂੰ ਇਹ ਚੀਜ਼ਾਂ ਪ੍ਰਾਪਤ ਹੋ ਜਾਣਗੀਆਂ। ਫਰੀਦਾ! ਬੇਅੰਤ ਸ਼ਕਤੀਆਂ ਤੇਰੇ ਅੱਗੇ ਪਿਛੇ ਹੱਥ ਬੰਨ੍ਹੀ ਫਿਰਨਗੀਆਂ ਕਿ ਅਸਾਥੋਂ ਕੋਈ ਕੰਮ ਲਵੋ। ਵੇਖੀਂ ਜੇ ਤੂੰ ਇਨ੍ਹਾਂ ਗੱਲਾਂ ਵਿਚ ਪੈ ਗਿਆ ਤਾਂ ਜਿਵੇਂ ਕੋਈ ਖਜੂਰ ਤੋਂ ਗਿਰ ਪਵੇ, ਤਾਂ ਉਹ ਚਕਨਾਚੂਰ ਹੋ ਜਾਇਆ ਕਰਦਾ ਹੈ। ਤੇਰੀ ਇਹ ਹਾਲਤ ਹੋ ਜਾਵੇਗੀ, ਅੰਦਰੋਂ ਥੱਕ ਜਾਵੇਂਗਾ, ਰੂਹਾਨੀ ਸ਼ਕਤੀਆਂ ਤੈਨੂੰ ਮੋਹਣੇ ਛਲੀਏ ਜਾਲ ਵਿਚ ਫਸਾ ਲੈਣਗੀਆਂ, ਤੇਰੇ ਦੁਆਲੇ ਖੁਦਗਰਜ਼ਾਂ ਦੀਆਂ ਭੀੜਾਂ ਲਗ ਜਾਣਗੀਆਂ ਜੋ ਪਿਆਰ ਦੀ ਥਾਂ ਆਪਣੀ ਗਰਜ ਪੂਰੀ ਕਰਨ ਵਾਸਤੇ ਤੇਰੇ ਨਾਲ ਵਰਤ ਵਿਹਾਰ ਕਰਨਗੇ ਅਤੇ ਆਪਣਾ ਕੰਮ ਪੂਰਾ ਹੋ ਜਾਣ ਤੇ, "ਨੈਂ ਲੰਘੀ ਖੁਆਜਾ ਵਿਸਰਿਆ" ਵਾਲੀ ਗੱਲ ਹੋਵੇਗੀ। ਤੇਰੀ ਸ਼ਕਤੀ ਕਮਜ਼ੋਰ ਹੋਣ ਤੇ ਤੈਨੂੰ ਕ੍ਰੋਧ ਆਵੇਗਾ, ਤੂੰ ਸਰਾਪ ਦੇਵੇਂਗਾ। ਦੋ ਗੁਨਾਹ (ਪਾਪ) ਸਹਿਜ ਸੁਭਾਅ ਤੂੰ ਅਸੂਝ ਹੀ ਕਰਨ ਲਗ ਜਾਵੇਂਗਾ - ਇਕ ਸ਼ਕਤੀਆਂ ਵਿਖਾਉਣ ਦਾ ਕੁਫਰ, ਦੂਜਾ ਸਰਾਪ ਦੇਣ ਦਾ ਪਾਪ। ਫਰੀਦਾ! ਸੰਭਲ ਕੇ ਚਲ, ਇਹ ਚਿਕਣਾ ਤਿਲ੍ਹਕਣ ਵਾਲਾ ਰਾਹ ਹੈ। ਪਰ ਜੇ ਤੂੰ ਸਭ ਕੁਝ ਜ਼ਬਤ (ਅਜਰ ਜਰਨਾ) ਕਰ ਗਿਆ ਤਾਂ ਤੈਨੂੰ ਅੱਲਾਹ ਦੀ ਹਜ਼ੂਰੀ ਵਿਚੋਂ ਆ ਰਹੇ ਪ੍ਰੇਮ ਅਨੰਦ ਦੀ ਝਲਕ ਵਜੇਗੀ। ਜਿਸਨੂੰ **'ਵਾਦੀ-ਏ-ਨੂਰ'** ਜਾਂ **'ਵਾਦੀ-ਏ-ਹੈਰਾਨ'** (ਵਿਸਮਾਦ) ਕਿਹਾ ਜਾਂਦਾ ਹੈ। ਫਰੀਦਾ! ਇਥੇ ਤਕ ਤਾਂ ਮੈਂ ਤੈਨੂੰ ਦਸ ਚੁਕਿਆ ਹਾਂ। ਮੁਰਸ਼ਦ ਦੀ ਕ੍ਰਿਪਾ ਨਾਲ ਅਤੇ ਆਪਣੇ ਦ੍ਰਿੜ੍ਹ ਇਰਾਦੇ ਨਾਲ ਸੇਵਾ ਕਰਕੇ ਤੂੰ ਪਹੁੰਚ ਸਕਦਾ ਹੈਂ ਪਰ ਇਸ ਤੋਂ ਅੱਗੇ ਮੁਰਸ਼ਦ-ਏ-ਕਾਮਲ ਤੋਂ ਬਿਨਾਂ ਅੱਲਾਹ ਦੇ ਮਹੱਲ ਦੀ ਚਾਬੀ ਨਹੀਂ ਮਿਲ ਸਕਦੀ। ਇਥੇ ਮੁਰਸ਼ਦ ਦੀ ਰਹਿਮਤ ਨਾਲ ਚਾਬੀ ਪ੍ਰਾਪਤ ਹੁੰਦੀ ਹੈ ਅਤੇ ਮੁਰਸ਼ਦ-ਏ-ਕਾਮਲ ਪਰਖ ਕੇ, ਖਰਾ ਕਰਕੇ ਅੱਲਾਹ ਦੇ ਮੰਡਲ ਵਿਚ ਪ੍ਰਵੇਸ਼ ਕਰਾ ਦਿੰਦਾ ਹੈ। ਜਿਥੇ ਜਾ ਕੇ ਆਪਣੇ ਆਪ ਹੀ ਹਮਾ ਓਸਤ ਦੇ ਰੂਪ ਵਿਚ ਪ੍ਰਗਟ ਹੋ ਜਾਂਦਾ ਹੈ ਜਾਂ ਹਮਾ-ਅਜ਼-ਓਸਤ ਦਾ ਜਜ਼ਬਾ ਪ੍ਰਤੱਖ ਰੂਪ ਵਿਚ ਨਜ਼ਰੀ ਆਂਵਦਾ ਹੈ। ਫਰੀਦਾ! ਇਹ ਜੋ ਤੇਰੀ ਜ਼ਾਤ ਹੈ, ਇਹ ਜ਼ਾਤ-ਏ-ਇਲਾਹੀ ਹੈ। ਇਹ ਤੈਨੂੰ ਮੁਰਸ਼ਦ ਵਿਖਾਲ ਦੇਵੇਗੀ। ਇਸ ਆਖਰੀ ਮੰਜ਼ਲ ਨੂੰ 'ਫਿਨਾਹ-ਫਿਲਾਹ' ਆਖਿਆ ਜਾਂਦਾ ਹੈ ਜਿਥੇ ਇਸ ਦੀ ਸੰਸਾਰਕ ਹੋਂਦ ਪੂਰੀ ਤਰ੍ਹਾਂ ਖਤਮ ਹੋ ਜਾਂਦੀ ਹੈ ਅਤੇ ਅੱਲਾਹ ਦੇ ਰੂਪ ਵਿਚੋਂ ਮੁੜ ਕੇ ਸਮੁੱਚਤਾ ਵਿਚ ਜਾਗਦਾ ਹੈ। ਵਿਅਸਟ (ਸਮੁੱਚਤਾ) ਵਿਚ ਏਕਤਵ ਅਨੁਭਵ ਕਰਦਾ ਹੈ। ਗੁਰਬਾਣੀ ਵਿਚ ਇਸਨੂੰ ਇਸ ਤਰ੍ਹਾਂ ਫੁਰਮਾਨ ਕੀਤਾ ਹੈ -

***ਕਬੀਰ ਜਾ ਕਉ ਖੋਜਤੇ***
***ਪਾਇਓ ਸੋਈ ਠਉਰੁ॥***
***ਸੋਈ ਫਿਰਿ ਕੈ ਤੂ ਭਇਆ***
***ਜਾ ਕਉ ਕਹਤਾ ਅਉਰੁ॥***

***ਅੰਗ- ੧੩੬੯***

***ਕਬੀਰ ਤੂੰ ਤੂੰ ਕਰਤਾ ਤੂ ਹੂਆ***
***ਮੁਝ ਮਹਿ ਰਹਾ ਨ ਹੂੰ॥***
***ਜਬ ਆਪਾ ਪਰ ਕਾ ਮਿਟਿ ਗਇਆ***
***ਜਤ ਦੇਖਉ ਤਤ ਤੂ॥ ਅੰਗ - ੧੩੭੫***

ਸੋ ਇਸ ਦੇ ਨਾਲ ਬਾਬਾ ਫਰੀਦ ਜੀ ਮਨ ਹੱਠ ਛੱਡ ਕੇ ਮੁਰਸ਼ਦ-ਏ-ਕਾਮਲ ਦੀ ਸ਼ਰਨ ਵਿਚ ਆਏ, ਉਥੇ ਆ ਕੇ 12 ਸਾਲ ਸੇਵਾ ਕਰਦੇ ਰਹੇ। ਅੱਜ ਮੁਰਸ਼ਦ ਨੇ ਉਸਨੂੰ ਆਖਰੀ ਮੰਜ਼ਲ ਵਿਚ ਪਹੁੰਚਾਉਣ ਦੇ ਵਿਸ਼ੇਸ਼ ਖਿਆਲ ਨਾਲ ਉਸ ਦਾ ਸਖਤ ਇਮਤਿਹਾਨ ਲੈਣਾ ਸ਼ੁਰੂ ਕਰ ਦਿਤਾ ਜਿਸਨੂੰ

ਕਸਵੱਟੀ ਲਾਉਣੀ ਆਖਿਆ ਜਾਂਦਾ ਹੈ, ਜਿਸ ਦੇ ਬਾਰੇ ਫੁਰਮਾਨ ਹੈ-

***ਕਬੀਰ ਕਸਉਟੀ ਰਾਮ ਕੀ***
***ਝੂਠਾ ਟਿਕੈ ਨ ਕੋਇ॥***
***ਰਾਮ ਕਸਉਟੀ ਸੋ ਸਹੈ ਜੋ ਮਰਜੀਵਾ ਹੋਇ॥***
***ਅੰਗ -੯੪੮***

ਫਰੀਦ ਜੀ ਜਿਥੇ ਹੋਰ ਅਨੇਕਾਂ ਸੇਵਾ - ਲੰਗਰ ਤਿਆਰ ਕਰਨ ਦੀ, ਪਾਣੀ ਢੋਣ ਦੀ, ਝਾੜੂ ਦੇਣ ਦੀ, ਬਰਤਨ ਮਾਂਜਣ ਦੀ, ਵਸਤਰ ਧੋਣ ਦੀਆਂ ਅਨੇਕ ਖਿਦਮਤਾਂ (ਸੇਵਾਵਾਂ) ਕਰਦੇ ਸਨ, ਉਥੇ ਆਪ ਜੀ ਨੇ ਆਪਣੇ ਮੁਰਸ਼ਦ-ਏ-ਕਾਮਲ ਹਜ਼ਰਤ ਬੁਖਤਿਆਰ ਕਾਕੀ ਜੀ ਨੂੰ ਗਰਮ ਪਾਣੀ ਨਾਲ ਇਸ਼ਨਾਨ ਕਰਾਉਣ ਦੀ ਸੇਵਾ ਆਪਣੇ ਜਿੰਮੇ ਲਈ ਹੋਈ ਸੀ। ਹਜ਼ਰਤ ਬੁਖਤਿਆਰ ਕਾਕੀ ਜੀ ਮਹਾਨ ਪੀਰ ਹਜ਼ਰਤ ਮੁਅਈਊਦੀਨ ਦੇ ਮੁਰੀਦ ਸਨ ਜੋ ਮਨੁੱਖੀ ਜਾਮੇ ਵਿਚ ਨਿਰਾ ਅੱਲਾਹ ਤਾਲਾ ਦਾ ਹੀ ਨੂਰ ਸਨ। ਉਹ ਫਰੀਦ ਦੀਆਂ ਕੀਤੀਆਂ ਹੋਈਆਂ ਖਿਦਮਤਾਂ ਉਤੇ ਡੂੰਘੀ ਨਜ਼ਰ ਰੱਖ ਰਹੇ ਸਨ ਅਤੇ ਸਮਾਂ ਵਿਚਾਰ ਕੇ ਉਨ੍ਹਾਂ ਨੇ ਅਨੁਭਵ ਕਰ ਲਿਆ ਸੀ ਕਿ ਹੁਣ ਫਰੀਦ ਨੂੰ ਆਖਰੀ ਮੰਜ਼ਲ ਵਿਚ ਚੜ੍ਹਾ ਦਿਤਾ ਜਾਵੇ। ਪਹਿਲਾਂ ਦੀਆਂ ਮੰਜ਼ਲਾਂ ਵਿਚ ਗੁਪਤ ਤਰੀਕੇ ਨਾਲ ਫਰੀਦ ਦੀ ਪੂਰੀ ਤਰ੍ਹਾਂ ਮਦਦ ਕਰਦੇ ਸਨ, ਉਸਨੂੰ ਨਫਸ ਅਤੇ ਵਾਸ਼ਨਾਵਾਂ ਤੋਂ ਪੂਰੀ ਤਰ੍ਹਾਂ ਪਵਿੱਤਰ ਕੀਤਾ ਸੀ। ਇਬਾਦਤ ਵਿਚ ਉਸ ਦੀ ਯਕ ਸੂਈ (ਇਕਾਗਰਤਾ) ਨੂੰ ਅਨੁਭਵ ਕਰ ਚੁੱਕੇ ਸਨ। ਹੁਣ ਆਖਰੀ ਮੰਜ਼ਲ ਤੇ ਪਹੁੰਚਾਉਣ ਲਈ ਤੇ ਫਰੀਦ ਨੂੰ ਚਾਬੀ ਸੌਂਪਣ ਲਈ ਉਨ੍ਹਾਂ ਨੇ ਸਖਤ ਇਮਤਿਹਾਨ ਸ਼ੁਰੂ ਕਰ ਦਿਤਾ।

ਆਪ ਪੂਰੀਆਂ ਸ਼ਕਤੀਆਂ ਦੇ ਮਾਲਕ ਸਨ। ਆਪ ਜੀ ਨੇ ਪੋਹ ਦੀ ਹੱਡ ਭੰਨਵੀਂ ਠੰਢ ਦੇ ਮਹੀਨੇ ਵਿਚ ਝੜੀ ਲਾ ਦਿਤੀ ਅਤੇ ਛਾਛੜੇ ਦਾ ਐਨਾ ਜ਼ੋਰ ਦੀ ਮੀਂਹ ਵਰ੍ਹਾਇਆ ਕਿ ਜਿਸ ਥਾਂ ਦੇ ਉਤੇ ਫਰੀਦ ਮੁਰਸ਼ਦ ਦੇ ਇਸ਼ਨਾਨ ਲਈ ਅੱਗ ਸੁਰਖਸ਼ਤ ਰਖਦਾ ਸੀ ਉਥੇ ਪਾਣੀ ਵੜ ਗਿਆ, ਬਾਲਣ ਭਿੱਜ ਗਿਆ, ਅੱਗ ਬੁਝ ਗਈ। ਫਰੀਦ ਨੂੰ ਜਦੋਂ ਸਮੇਂ ਸਿਰ ਜਾਗ ਆਈ ਤਾਂ ਹੈਰਾਨ ਰਹਿ ਗਿਆ ਕਿ ਮੇਰਾ ਨੇਮ ਟੁੱਟ ਜਾਵੇਗਾ। ਸ਼ਕਤੀਆਂ ਦਿਖਾਉਣੀਆਂ ਵਰਜਿਤ ਸੀ, ਸ਼ਕਤੀਆਂ ਦਿਖਾਉਣ ਨੂੰ ਕੁਫਰ ਆਖਿਆ ਜਾਂਦਾ ਹੈ, ਸ਼ਕਤੀਆਂ ਦਿਖਾਉਣਾ ਵੱਡਾ ਗੁਨਾਹ ਹੁੰਦਾ ਹੈ ਜੋ ਅੱਲਾਹ ਦੇ ਦਰ ਤੇ ਪ੍ਰਵਾਨ ਨਹੀਂ ਅਤੇ ਅੱਜ ਨੇਹੁੰ ਟੁੱਟ ਰਿਹਾ ਹੈ, ਪਾਣੀ ਬਰਸ ਰਿਹਾ ਹੈ, ਕੀ ਕੀਤਾ ਜਾਵੇ? ਫਰੀਦ ਜੀ ਦੇ ਸਲੋਕ ਕੁਝ-ਕੁਝ ਚਾਨਣਾ ਇਸ ਭਾਵ ਤੇ ਪਾ ਰਹੇ ਨੇ -

***ਫਰੀਦਾ ਗਲੀਏ ਚਿਕੜੁ ਦੂਰਿ ਘਰੁ***
***ਨਾਲਿ ਪਿਆਰੇ ਨੇਹੁ॥***
***ਚਲਾ ਤ ਭਿਜੈ ਕੰਬਲੀ ਰਹਾਂ ਤ ਤੁਟੈ ਨੇਹੁ॥***
***ਅੰਗ- ੧੩੭੯***

ਉਸ ਵੇਲੇ ਆਪ ਨੇ ਕੰਬਲ ਦਾ ਝੁੰਬ ਮਾਰਿਆ ਅਤੇ ਵਗਦੇ ਠੱਕੇ (ਠੰਢੀ ਹਵਾ) ਵਿਚ ਅਤੇ ਪੈਂਦੀਆਂ ਕਣੀਆਂ ਵਿਚ ਅਜਮੇਰ ਸ਼ਰੀਫ ਸ਼ਹਿਰ ਵਲ ਨੂੰ ਚੱਲ ਪਏ। ਇਕ ਘਰ ਵਿਚ ਜਾ ਕੇ ਕੀ ਦੇਖਦੇ ਹਨ ਕਿ ਉਥੇ ਅਜੇ ਦੀਵਾ ਬਲ ਰਿਹਾ ਹੈ ਬਾਕੀ ਸਾਰਾ ਸ਼ਹਿਰ ਨੀਂਦ ਦੀ ਗੋਦ ਵਿਚ ਬੇਹੋਸ਼ੀ ਦੀ ਹਾਲਤ ਵਿਚ ਹੈ। ਗਲੀਆਂ ਵਿਚ ਕੁੱਤੇ ਭੌਂਕ ਰਹੇ ਹਨ ਅਤੇ ਬਾਬਾ ਫਰੀਦ ਨੂੰ ਝਈਆਂ ਲੈ-ਲੈ ਕੇ ਪੈ ਰਹੇ ਹਨ। ਉਨ੍ਹਾਂ ਦੇ ਭੌਂਕਣ ਦੀ ਆਵਾਜ਼, ਤੇ ਖਿਝ-ਖਿਝ ਕੇ ਪੈਣ ਦੀ ਅਵਾਜ਼ ਸੁਣ ਕੇ ਜਿਸ ਕਿਸੇ ਦੀ ਅੱਖ ਖੁਲ੍ਹੀ, ਉਹ ਮਹਿਸੂਸ ਕਰ ਰਿਹਾ ਹੈ ਕਿ ਸ਼ਾਇਦ ਕੋਈ ਚੋਰ ਗਲੀਆਂ ਵਿਚੋਂ ਲੰਘ ਰਿਹਾ ਹੈ। ਬਾਬਾ ਫਰੀਦ ਗਲੀਆਂ ਵਿਚ ਠੋਕਰਾਂ ਖਾ-ਖਾ ਕੇ, ਹੱਥ ਪਸਾਰਿਆ ਨਜ਼ਰ ਨਾ ਆਉਣ ਵਾਲੀ ਹਾਲਤ ਵਿਚ ਗਿਰ-ਗਿਰ ਉਠਦਾ ਹੈ। ਉਸ ਮਕਾਨ ਦੇ ਅੱਗੇ ਜਾ ਕੇ ਖੜ੍ਹ ਗਿਆ ਜਿਥੋਂ ਦੀਵੇ ਦੀ ਲੋਅ ਝੀਥਾਂ ਵਿਚੋਂ ਨਜ਼ਰ ਆ ਰਹੀ ਸੀ। ਉਸ ਨੇ ਆਵਾਜ਼ ਦਿਤੀ ਕਿ ਅੱਲਾਹ ਦੇ ਵਾਸਤੇ ਮੇਰੀ ਬਾਤ ਸੁਣੋ? ਮੈਂ ਬਹੁਤ ਸੰਤਾਪ ਵਿਚ ਹਾਂ, ਮੇਰੀ ਮਦਦ ਕਰੋ। ਇਕ ਬੀਬੀ ਅਵਾਜ਼ ਸੁਣ ਕੇ ਦਰਵਾਜ਼ੇ ਪਾਸ ਆਈ ਤੇ ਕਿਹਾ ਕਿ ਤੂੰ ਕੌਣ ਹੈਂ? ਇਸ ਸਮੇਂ ਜਦੋਂ ਕਿ ਕੋਈ ਵੀ ਜਾਗ ਨਹੀਂ ਰਿਹਾ, ਤੂੰ ਕੀ ਕਹਿਣਾ ਚਾਹੁੰਦਾ ਹੈਂ? ਬਾਬਾ ਫਰੀਦ ਜੀ ਨੇ ਕਿਹਾ, "ਬੀਬਾ! ਮੈਨੂੰ ਫਰੀਦ ਕਹਿ ਕੇ ਬੁਲਾਉਂਦੇ ਹਨ। ਮੈਂ ਆਪਣੇ ਮੁਰਸ਼ਦ ਦੀ ਸੇਵਾ ਵਿਚ ਲੱਗਿਆ ਹੋਇਆ ਹਾਂ, ਮੈਂ ਮੁਰਸ਼ਦ ਦਾ ਇਸ਼ਨਾਨ ਕਰਾਉਂਦਾ ਹਾਂ, ਅੱਗ ਬੁਝ ਚੁੱਕੀ ਹੈ। ਮੇਰੇ ਤੇ ਰਹਿਮ ਕਰ, ਤੇਰਾ ਅਹਿਸਾਨ ਮੈਂ ਕਦੇ ਵੀ ਨਹੀਂ ਭੁਲਾਂਗਾ। ਖੁਦਾ ਤੇਰੇ ਉਤੇ ਬਖਸ਼ਿਸ਼ ਕਰੇ, ਦਰਵੇਸ਼ ਨੂੰ ਥੋੜ੍ਹੀ ਅੱਗ ਦੇ-ਦੇ ਤਾਂ ਕਿ ਮੈਂ ਆਪਣੇ ਮੁਰਸ਼ਦ ਦਾ ਸਮੇਂ ਸਿਰ ਇਸ਼ਨਾਨ ਕਰਾ ਸਕਾਂ।" ਅੰਦਰੋਂ ਕੜਕਵੀਂ ਆਵਾਜ਼ ਆਈ ਕਿ ਫਰੀਦਾ! ਇਹ ਘਰ ਪੀਰਾਂ, ਫਕੀਰਾਂ, ਮੁਰੀਦਾਂ ਵਾਸਤੇ ਨਹੀਂ, ਇਥੋਂ ਤਾਂ ਦੋਜਕ ਦੇ ਟਿਕਟ ਮਿਲਦੇ ਹਨ। ਗੁਰੂ ਮਹਾਰਾਜ ਵੀ ਫੁਰਮਾਨ ਕਰਦੇ ਹਨ -

***ਰਾਜ ਲੀਲਾ ਰਾਜਨ ਕੀ ਰਚਨਾ***
***ਕਰਿਆ ਹੁਕਮੁ ਅਫਾਰਾ॥***
***ਸੇਜ ਸੋਹਨੀ ਚੰਦਨੁ ਚੋਆ***
***ਨਰਕ ਘੋਰ ਕਾ ਦੁਆਰਾ।। ਅੰਗ - ੬੪੨***

ਬਾਬਾ ਫਰੀਦ ਜੀ ਨੇ ਫੇਰ ਕਿਹਾ ਕਿ ਮੈਂ ਸਿਰਫ ਅੱਗ ਲੈਣੀ ਹੈ। ਅੰਦਰੋਂ ਫੇਰ ਅਵਾਜ਼ ਆਈ ਕਿ ਫਰੀਦਾ! ਜਿਸ ਘਰ ਅੱਗੇ ਖੜ੍ਹਾ ਹੈਂ ਤੁਸੀਂ ਪੀਰ ਮੁਰੀਦ ਇਸ ਘਰ ਨੂੰ ਘਿਰਣਾ ਨਾਲ ਤਕਦੇ ਹੋਂ, ਅਤਿ ਬੁਰਾ ਮੰਨਦੇ ਹੋਂ; ਇਥੇ ਸਰੀਰ ਵਿਕਦੇ ਹਨ, ਈਮਾਨ ਟੁਟਦੇ ਹਨ। ਇਥੇ ਪਿਆਰ ਨਾਮ ਦੀ ਕੋਈ ਚੀਜ਼ ਨਹੀਂ, ਇਥੇ ਸਭ ਕੁਝ, ਬੋਲਣਾ, ਪਿਆਰ ਕਰਨਾ, ਸਭ ਹਵਸ ਪ੍ਰਸਤੀ ਹੀ ਹੈ। ਇਥੇ ਸਭ ਕੁਝ ਮੁੱਲ ਵਿਕਦਾ ਹੈ, ਤੂੰ ਭੀ ਮੁੱਲ ਤਾਰ ਕੇ ਲੈ ਸਕਦਾ ਹੈਂ; ਅੱਗ ਮੁਫਤ ਨਹੀਂ ਮਿਲਣੀ,

*(ਬਾਕੀ ਪੰਨਾ 44 ਤੇ)*

# ਜਿਸ ਨੋ ਬਖਸੇ ਸਿਫਤਿ ਸਾਲਾਹ
# ਨਾਨਕ ਪਾਤਿਸਾਹੀ ਪਾਤਿਸਾਹੁ

*ਸੰਤ ਵਰਿਆਮ ਸਿੰਘ ਜੀ,*
*ਬਾਨੀ, ਟਰੱਸਟ ਰਤਵਾੜਾ ਸਾਹਿਬ।*

*(ਲੜੀ ਜੋੜਨ ਲਈ ਦੇਖੋ, ਜੁਲਾਈ ਅੰਕ, ਪੰਨਾ-33)*

ਇਕ ਨੇ ਮੈਨੂੰ ਚਿੱਠੀ ਲਿਖੀ। ਕਹਿੰਦਾ, ਜਦੋਂ ਤੁਸੀਂ ਲਿਖਦੇ ਹੋਂ, ਸੰਤਾਂ ਨੂੰ ਮਹਾਰਾਜ ਕਹਿ ਦਿੰਦੇ ਹੋਂ। ਮੈਂ ਕਿਹਾ ਮੈਂ ਤਾਂ ਥੋੜ੍ਹਾ ਹੀ ਕਹਿੰਦਾ ਹਾਂ, ਸੱਚੇ ਪਾਤਸ਼ਾਹ ਨਹੀਂ ਲਿਖਦਾ। ਮੈਂ ਕਿਹਾ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤਾਂ ਮੇਰੇ ਤੋਂ ਜ਼ਿਆਦਾ ਕਹਿੰਦੇ ਨੇ ਕਿ ਸੱਚੇ ਪਾਤਸ਼ਾਹ ਕਹਿੰਦੇ ਨੇ, ਜਿਹੜੇ ਸੱਚੇ ਨਾਲ ਰੱਤੇ ਹੋਏ ਨੇ।

*ਰਾਜਾ ਸਗਲੀ ਸ੍ਰਿਸਟਿ ਕਾ ਹਰਿ ਨਾਮਿ ਮਨੁ ਭਿੰਨਾ॥*
*ਅੰਗ - ੨੦੨*

*ਪੰਡਿਤ ਸੂਰ ਛਤ੍ਰਪਤਿ ਰਾਜਾ*
*ਭਗਤ ਬਰਾਬਰਿ ਅਉਰੁ ਨ ਕੋਇ ॥ ਅੰਗ- ੮੫੮*

*ਛਤ੍ਰਧਾਰ ਬਾਦਿਸਾਹੀਆ ਵਿਚਿ ਸਹਸੇ ਪਰੀਆ ॥*
*ਅੰਗ- ੪੨*

ਸੰਤਾਂ ਦਾ ਮਨ ਤਾਂ ਸ਼ਾਂਤ ਹੁੰਦੈ। ਇਹ ਕਿਹਨੂੰ ਨਿਗ੍ਹਾ ਥੱਲੇ ਲਿਆਉਂਦੇ ਨੇ -

*ਜਾ ਕਾ ਕਹਿਆ ਦਰਗਹ ਚਲੈ ॥*
*ਸੋ ਕਿਸ ਕਉ ਨਦਰਿ ਲੈ ਆਵੈ ਤਲੈ ॥ ਅੰਗ- ੧੮੬*

ਮੇਰੇ ਸਾਮ੍ਹਣੇ ਦੀ ਗੱਲ ਹੈ। ਮੋਹਨ ਸਿੰਘ ਇਕ ਨਾਮ ਸੀ, ਉਹਦੇ ਵਿਚ ਇਕ ਬਦਰੂਹ ਬੋਲਦੀ ਸੀ। ਜਿਹਦਾ ਨਾਮ ਸੁਲੇਮਾਨ ਸੀ। ਪ੍ਰੇਤ ਸੀਗਾ ਉਹ।

ਬੇਨਤੀ ਕਰੀ ਸੰਤ ਮਹਾਰਾਜ ਜੀ ਨੂੰ, ਪਹਿਲਾਂ ਤਾਂ ਮਹਾਰਾਜ ਨੇੜੇ ਨਾ ਆਉਣ ਦੇਣ। ਮੈਂ ਕਿਹਾ ਕਿ ਮਹਾਰਾਜ! ਕੋਈ ਪੜ੍ਹਿਆ ਲਿਖਿਆ ਹੈ। ਮੈਂ ਉਹਦੇ ਨਾਲ ਬਚਨ ਕਰੇ ਨੇ, ਚੰਗਾ ਕੋਈ ਪੀਰ ਲਗਦੈ ਜਾਂ ਕੋਈ ਭਟਕੀ ਹੋਈ ਰੂਹ ਹੈ। ਕ੍ਰਿਪਾ ਕਰੋ।

ਕਹਿੰਦੇ, ਉਹ ਤਾਂ ਹੋ ਜਾਏਗੀ। ਫੇਰ ਲੋਕ ਭੂਤਾਂ ਵਾਲੇ ਇਥੇ ਹੀ ਬੈਠੇ ਰਹਿਣਗੇ, ਤੂੰ ਫੇਰ ਹਟਾ ਦੇਵੇਂਗਾ?

ਮੈਂ ਕਿਹਾ, ਨਹੀਂ ਮਹਾਰਾਜ ਜੀ! ਇਹ ਤਾਂ ਖਾਸ ਕੇਸ ਹੈ। ਬੇਨਤੀਆਂ ਕਰ-ਕਰ ਕੇ ਮੈਂ ਮਨਾ ਲਿਆ ਮਹਾਰਾਜ ਜੀ ਨੂੰ।

ਉਹਨੂੰ ਲਿਆਂਦਾ। ਪਹਿਲੇ ਦਿਨ ਤਾਂ ਰੋਈ ਗਿਆ। ਦੂਜੇ ਦਿਨ ਫੇਰ ਲਿਆਂਦਾ।

ਮਹਾਰਾਜ ਕਹਿੰਦੇ, ਕੀ ਗੱਲ ਹੈ?

ਕਹਿੰਦਾ, ਮੈਂ ਦੁਖੀ ਬਹੁਤ ਹਾਂ। ਮੈਂ ਨਿਜਾਤ ਚਾਹਤਾ ਹੂੰ। ਉਰਦੂ ਬਹੁਤ ਬੋਲਦਾ ਸੀ।

ਮਹਾਰਾਜ ਕਹਿੰਦੇ, ਨਿਜਾਤ ਤਾਂ ਮਨੁੱਖ ਸਰੀਰ ਤੋਂ ਬਿਨਾਂ ਮਿਲਿਆ ਨਹੀਂ ਕਰਦੀ। ਜਿਹਨੂੰ ਮੁਕਤੀ ਕਹਿੰਦੇ ਨੇ, ਉਹ ਤਾਂ ਮਾਨਸ ਸਰੀਰ ਤੋਂ ਬਗੈਰ ਕਿਸੇ ਦਾ ਅਧਿਕਾਰ ਹੀ ਨਹੀਂ ਮੁਕਤੀ ਪ੍ਰਾਪਤ ਕਰਨ ਦਾ। ਮਨੁੱਖਾ ਸਰੀਰ 'ਚ ਆ ਕੇ ਪਹਿਲਾਂ ਕਰਮ ਕਰੋ। ਫੇਰ ਉਪਾਸ਼ਨਾ ਕਰੋ, ਫੇਰ ਗਿਆਨ ਦੇ ਵਿਚ ਆਓ। ਫੇਰ ਗਿਆਨ ਦਾ ਅਭਿਆਸ ਕਰਕੇ ਤੱਤ ਪਦ ਦੀ ਪ੍ਰਾਪਤੀ ਕਰੋ।

ਕਹਿੰਦੇ, ਪ੍ਰੇਮੀਆਂ! ਮੁਕਤੀ ਤਾਂ ਇਸ ਤਰ੍ਹਾਂ ਹੁੰਦੀ ਹੈ।

ਕਹਿੰਦਾ, ਮਹਾਰਾਜ! ਮੈਨੂੰ ਮਨੁੱਖ ਦੇ ਸਰੀਰ 'ਚ ਭੇਜ ਦਿਓ। ਆਦਮ ਜਾਤ ਮੇਂ ਭੇਜ ਦੋ।

ਮਹਾਰਾਜ ਜੀ ਨੇ ਇਕ ਦੋ ਜਣਿਆਂ ਦੇ ਨਾਮ ਲਏ ਕਿ ਉਹਦੇ ਚਲਿਆ ਜਾਹ। ਜਵਾਬ ਦੇ ਦਿਤਾ ਉਹਨੇ। ਗੁਰਦੇਵ ਸਿੰਘ ਲਲਤੋਂ, ਉਹਨੇ ਗਰਦਨ ਜਿਹੀ ਕੱਢੀ ਮਹਾਰਾਜ ਜੀ ਵਲ ਨੂੰ, ਮਹਾਰਾਜ ਜੀ ਨੇ ਦੇਖ ਲਿਆ, ਛੁਪਿਆ ਬੈਠਾ ਸੀ।

ਕਹਿੰਦੇ, ਉਰ੍ਹੇ ਆ। ਕਹਿੰਦੇ, 10-12 ਸਾਲ ਤੋਂ ਤੂੰ ਵੀ ਫੁਰਨਾ ਲਈਂ ਫਿਰਦੈਂ। ਮੇਰੇ ਲੜਕਾ ਹੋ ਜਾਏ-ਲੜਕਾ ਹੋ ਜਾਏ। ਇਹਨੂੰ ਭੇਜ ਦੇਈਏ।

ਕਹਿੰਦਾ, ਭੇਜ ਦਿਓ।

ਕਹਿੰਦੇ, ਲੈ ਬਈ ਇਹਦੇ ਘਰ ਜਾ ਕੇ ਜਨਮ ਲੈ-ਲੈ। ਇਕ ਪਾਸੇ ਹੁਣ ਭੂਤ ਦਾ ਸਰੀਰ ਤੋੜਨੈਂ। ਦੂਜੇ ਪਾਸੇ ਮਨੁੱਖ ਬਣਾਉਣੈ ਉਹਨੂੰ। ਹੈ ਨਾ ਸਾਧੂਆਂ ਦੇ ਅਖਤਿਆਰ। ਦਰਗਾਹ ਦੀ ਗੱਲ ਕਰ ਦਿਤੀ। ਕਈ ਸਿੰਘ ਜਿਹੜੇ ਕਮਜ਼ੋਰ ਭਰੋਸਿਆਂ ਵਾਲੇ ਸੀ, ਦਹਿਲ ਗਏ ਕਿ ਮਹਾਰਾਜ ਜੀ ਨੇ ਤਾਂ ਸਾਰਿਆਂ ਦੇ ਸਾਮ੍ਹਣੇ ਬਚਨ ਕਰ ਦਿਤਾ। ਜੇ ਹੁਣ ਨਾ ਹੋਇਆ ਤਾਂ ਫੇਰ ਕੀ ਹੋਏਗਾ? ਉਹਨੂੰ ਕਹਿਣ ਲੱਗੇ ਕਿ ਤੂੰ ਦੱਸਿਆ ਕਿਉਂ ਨਾ, ਮੇਰੀ ਪਤਨੀ ਦਾ ਤਾਂ ਛੋਟਾ ਆਪਰੇਸ਼ਨ ਹੋ ਕੇ ਡਾਕਟਰਾਂ ਨੇ ਜਵਾਬ ਦਿਤਾ ਹੋਇਆ ਕਿ ਤੇਰੇ ਬੱਚਾ ਨਹੀਂ ਹੋਣਾ। ਮੈਂ ਕਿਹਾ, ਤੁਹਾਡਾ ਭਰੋਸਾ ਐਨਾ ਹੀ ਹੈ? ਕਿਉਂ ਤੁਸੀਂ ਮਾੜੀਆਂ ਗੱਲਾਂ ਕਰਦੇ ਹੋਂ? ਮਹਾਤਮਾ ਦਾ ਬਚਨ, ਸਾਧੂ

ਦਾ ਬਚਨ, ਬਚਨ ਦੀ ਮਹੱਤਤਾ ਨੂੰ ਨਹੀਂ ਤੁਸੀਂ ਜਾਣਦੇ ਕਿ ਕੌਣ ਬੋਲਦਾ ਸੀ। ਗੁਰਬਾਣੀ ਇਸ ਤਰ੍ਹਾਂ ਕਹਿੰਦੀ ਹੈ-

*ਧਾਰਨਾ - ਪ੍ਰਭ ਜੀ ਦਾ ਵਾਸਾ ਹੈ,*
*ਸੰਤਾਂ ਦੀ ਰਸਨਾ ਉਤੇ।*

*ਪ੍ਰਭ ਜੀ ਬਸਹਿ ਸਾਧ ਕੀ ਰਸਨਾ॥ ਅੰਗ- ੨੬੩*

ਮੈਂ ਕਿਹਾ, ਪਿਆਰਿਓ! ਐਨਾ ਚਿਰ ਹੋ ਗਿਆ, ਮਹਾਂਪੁਰਸ਼ਾਂ ਦੇ ਨਾਲ ਰਹਿੰਦਿਆਂ ਨੂੰ, ਅਜੇ ਭਰੋਸਾ ਹੀ ਨਹੀਂ ਆਇਆ? ਉਹ ਕਹਿੰਦੇ, ਭਰੋਸਾ ਤਾਂ ਠੀਕ ਹੈ। ਜੇ ਭਲਾ ਲੜਕੀ ਹੋ ਗਈ? ਮੈਂ ਕਿਹਾ, ਕਮਾਲ ਦੀ ਗੱਲ ਹੈ? ਸਾਧੂ ਦਾ ਬਚਨ ਹੈ ਇਹਨੂੰ ਟਾਲਣ ਨੂੰ ਕੋਈ ਸਮਰੱਥ ਨਹੀਂ ਹੋਇਆ ਕਰਦਾ ਤੇ ਪ੍ਰਮੇਸ਼ਰ ਵੀ ਇਸ ਤਰ੍ਹਾਂ ਨਾਲ ਕਹਿੰਦੈ -

*ਧਾਰਨਾ - ਮੇਰੀ ਬੰਨੀ ਹੋਈ ਭਗਤ ਛੁਡਾਉਂਦੇ ਨੇ,*
*ਭਗਤਾਂ ਦੀ ਬੰਨ੍ਹੀ ਨਾ ਛੁਟਦੀ।*

*ਮੇਰੀ ਬਾਂਧੀ ਭਗਤੁ ਛਡਾਵੈ ਬਾਂਧੈ ਭਗਤੁ ਨ ਛੂਟੈ ਮੋਹਿ ॥*
*ਏਕ ਸਮੈ ਮੋ ਕਉ ਗਹਿ ਬਾਂਧੈ*
*ਤਉ ਫੁਨਿ ਮੋ ਪੈ ਜਬਾਬੁ ਨ ਹੋਇ ॥ ੧ ॥*

*ਅੰਗ- ੧੨੫੩*

ਮੈਂ ਕਿਹਾ, ਇਹ ਤਾਂ ਲੜਕਾ ਹੋਣਾ ਹੀ ਹੋਣਾ ਹੈ। ਅਵਿਅਕਤ ਰੂਹ ਨੂੰ ਕਹਿ ਦੇਣਾ ਕਿ ਜਾਹ ਉਹਦੇ ਘਰ ਜਨਮ ਲੈ-ਲੈ। ਅਰ ਉਹ ਫਿੱਟ ਨਹੀਂ ਹੈ।

ਗੁਰਦੇਵ ਸਿੰਘ ਉਸੇ ਵੇਲੇ ਮੈਨੂੰ ਕਹਿਣ ਲੱਗਿਆ, ਡਾਕਟਰਾਂ ਨੇ ਤਾਂ ਮੈਨੂੰ ਜਵਾਬ ਦੇ ਦਿਤਾ। ਮੈਂ ਕਿਹਾ, ਫੇਰ ਤੂੰ? ਕਹਿੰਦਾ, ਮੈਨੂੰ ਕਹਿੰਦੇ ਨੇ ਨਾਲ ਦੇ ਕਿ ਤੂੰ ਕਿਉਂ ਨਾ ਮਹਾਰਾਜ ਨੂੰ ਦੱਸਿਆ।

ਮੈਂ ਕਿਹਾ, ਤੂੰ ਚੁੱਪ ਰਹਿ। ਇਹ ਚਾਹੇ ਕੁਛ ਵੀ ਨਾ ਹੋਵੇ, ਬੱਚਾ ਹੋ ਜਾਣੈ ਤੇਰੇ, ਲੜਕਾ ਹੀ ਹੋਣੈ। ਇਹਨੇ ਹੀ ਆਉਣੈ।

ਇਹ ਬਾਦਸ਼ਾਹ ਹੋਏ ਕਿ ਨਾ। ***'ਜਾ ਕਾ ਕਹਿਆ ਦਰਗਹ ਚਲੈ ॥'*** ਹੁਕਮ ਹੋ ਗਿਆ ਦਰਗਾਹ 'ਚੋਂ।

ਸੁਲੇਮਾਨ ਮੈਨੂੰ ਦੱਸੇ ਕਿ ਮੈਂ ਅਜ਼ਰਾਈਲ ਦੇ ਪਾਸ ਪਹੁੰਚਿਆ। ਮੈਂ ਕਿਹਾ, ਐ ਫਰਿਸ਼ਤੇ! ਅਬ ਮੇਰਾ ਕਿਆ ਹੋਗਾ? 1000 ਸਾਲ ਸੇ ਮੈਂ ਪ੍ਰੇਤ ਬਨਾ ਹੂਆ ਹੂੰ।

ਕਹਿੰਦਾ, ਸੁਲੇਮਾਨ! ਤੁਮ ਖੁਸ਼ ਕਿਸਮਤ ਹੋ। ਜਿਸ ਦਰਵੇਸ਼ ਕੇ ਪਾਸ ਆਪ ਗਏ। ਉਸ ਦਰਵੇਸ਼ ਨੇ ਜੋ ਹੁਕਮ ਕੀਆ। ਅੱਲਾਹ ਤਾਲਾ ਨੇ ਮੇਰੇ ਕੋ ਹੁਕਮ ਕਰ ਦੀਆ ਕਿ ਉਸ ਕੋ ਆਦਮ ਜਾਤ ਮੇਂ ਡਾਲ ਦੋ। ਕਹਿਨੇ ਲਗੇ ਕਿ ਤੂੰ ਅਬ ਆਦਮ ਜਾਤ ਮੇਂ ਜਾਏਗਾ। ਅਬ ਤੇਰਾ ਯੇ ਪ੍ਰੇਤ ਪਿੰਜਰ ਸੇ ਛੁਟਕਾਰਾ ਹੋ ਜਾਏਗਾ।

ਮੈਂ ਕਿਹਾ, ਤੂੰ ਸਹੀ ਕਹਿੰਦੈ?

ਕਹਿੰਦਾ, ਹਾਂ ਮੈਂ ਬਿਲਕੁਲ ਸਹੀ ਕਹਿੰਦਾ ਹਾਂ।

ਦੇਖੋ ਦਰਗਾਹ ਨੇ ਮੰਨਿਆ ਕਿ ਨਾ ਮੰਨਿਆ। ਉਹ ਫੇਰ ਦੁਨੀਆਂਦਾਰਾਂ ਨੂੰ, ਰਾਜਿਆਂ ਨੂੰ ਨਿਗ੍ਹਾ ਥੱਲੇ ਲਿਆਵੇ? ਕੀ ਨੇ ਉਹਦੇ ਸਾਮ੍ਹਣੇ। ਪਿਛਲੇ ਦੀਵਾਨ 'ਚ ਮੈਂ ਦਸਿਆ ਸੀ ਕਿ ਸਿਕੰਦਰ ਇਕ ਸੰਤ ਦੇ ਕੋਲ ਜਾ ਕੇ ਬਲਹੀਣ ਹੋ ਗਿਆ। ਨਾ ਹੱਥ ਹਿੱਲੇ, ਨਾ ਤਲਵਾਰ ਚੱਲੇ। ਲੱਗਿਆ ਸੀ ਮਾਰਨ।

ਗੁਰੂ ਦੂਸਰੇ ਪਾਤਸ਼ਾਹ ਦੇ ਸਾਮ੍ਹਣੇ ਹਮਾਯੂੰ ਨੇ ਆ ਕੇ ਤਲਵਾਰ ਖਿੱਚ ਲਈ। ਹੱਥ ਹੀ ਨਹੀਂ ਚਲਦਾ, ਨਾਲ ਹੀ ਜੁੜ ਗਿਆ ਤਲਵਾਰ ਦੇ, ਨਾ ਮਿਆਨ 'ਚੋਂ ਨਿਕਲਦੀ ਹੈ। ਜਿਹੜੀ ਚਾਰ ਉਂਗਲ ਨਿਕਲ ਆਈ, ਨਾ ਉਹ ਪਿੱਛੇ ਹਟਦੀ ਹੈ।

ਮਹਾਰਾਜ ਕਹਿੰਦੇ, ਕਿਉਂ? ਉਹ ਸ਼ੇਰਸ਼ਾਹ ਸੂਰੀ ਤੋਂ ਤੂੰ ਹਾਰ ਖਾ ਕੇ ਫ਼ਕੀਰਾਂ ਦੇ ਉਤੇ ਆ ਕੇ ਤਲਵਾਰਾਂ ਕੱਢਦੈਂ? ਉਥੇ ਤੇਰਾ ਮਰਦਾਊਪਣਾ ਕਿੱਥੇ ਗਿਆ ਸੀ। ਸਿਜਦਾ ਕਰਦੈ। ਦਰਵੇਸ਼ ਸਾਈਂ। ਮੇਰੇ ਸੇ ਗੁਸਤਾਖੀ ਹੋ ਗਈ। ਪਹਿਲਾਂ ਕਹਿੰਦਾ ਸੀ ਜੇ ਮੈਂ ਹਾਰ ਗਿਆ ਤਾਂ ਕੀ ਹੋ ਗਿਆ। ਬਾਦਸ਼ਾਹ ਤਾਂ ਮੈਂ ਹਿੰਦੁਸਤਾਨ ਦਾ ਹੈਗਾ ਹੀ। ਕੀ ਪਤਾ ਮੈਂ ਫੇਰ ਜਿੱਤ ਕੇ ਬਾਦਸ਼ਾਹ ਬਣ ਜਾਵਾਂ। ਇਹ ਦਰਵੇਸ਼ ਹਿੰਦੂ, ਨਾ ਮੇਰੇ ਸਤਿਕਾਰ ਵਾਸਤੇ ਖੜ੍ਹਾ ਹੋਇਆ, ਨਾ ਮੈਨੂੰ ਪੁਛਿਆ। ਕਹਿੰਦੇ, ਇਹ ਗੱਲਾਂ ਕਰਦੈਂ? ਇਕ ਮੰਗਤਾ ਬਣ ਕੇ ਤੂੰ ਦਰ 'ਤੇ ਆਉਂਦੈ, ਤੇਰੀ ਤਾਜ਼ੀਮ ਵਾਸਤੇ ਅਸੀਂ ਖੜ੍ਹੇ ਹੋਈਏ?

ਹੋਸ਼ ਆ ਗਈ। ਕਹਿਣ ਲੱਗਿਆ, ਦਰਵੇਸ਼ ਸਾਈਂ! ਗੁਸਤਾਖੀ ਮਾਫ਼।

ਕਹਿੰਦੇ, ਜਾਹ 15 ਮਿੰਟ ਹੋਰ ਰਹਿੰਦੇ ਸੀ ਤੇਰੇ। ਜੇ 15 ਮਿੰਟ ਸਬਰ ਸੰਤੋਖ ਨਾਲ ਕੱਢ ਲੈਂਦਾ। ਤੇਰੇ 14 ਸਾਲ ਬਚਾਉਣੇ ਸੀ ਅਸੀਂ। ਜਾਹ ਹੁਣ 14 ਸਾਲ ਭਟਕਦਾ ਫਿਰ। ਫੇਰ ਫੌਜ ਲੈ ਕੇ ਆਈਂ। ਗੁਰੂ ਬਾਬੇ ਦਾ ਬਚਨ ਹੋਇਆ ਕਰਕੇ ਤੈਨੂੰ ਦੁਬਾਰਾ ਰਾਜ ਦਿਵਾਵਾਂਗੇ।

ਜਿਹੜੇ ਕਿਸਮਤਾਂ ਬਦਲਣ ਵਾਲੇ ਨੇ ਉਹ ਕਿਸੇ ਦੀ ਗੱਲ ਦੇ ਥੱਲੇ ਆਉਂਦੇ ਨੇ?

ਨਾਭੇ ਵਾਲਾ ਰਾਜਾ ਹੀਰਾ ਸਿੰਘ ਬਾਬਾ ਜੱਸਾ ਸਿੰਘ ਜੀ ਨੂੰ ਟੈਸਟ ਕਰਨ ਵਾਸਤੇ ਆਉਂਦੈ ਕਿ ਕਿਹੋ ਜਿਹੇ ਸੰਤ ਨੇ। ਜਦੋਂ ਨੇੜੇ ਆ ਗਿਆ। ਕੋਈ ਰਹਿ ਗਿਆ ਦੋ ਕੁ ਫਰਲਾਂਗ, ਬਾਬਾ ਜੀ ਅੱਠ ਫੁੱਟ ਉਚੇ ਮਨ੍ਹੇ 'ਤੇ ਬੈਠਿਆ ਕਰਦੇ ਸੀ। ਉਤਰੇ, ਉਤਰ ਕੇ ਸੇਵਾਦਾਰ ਨੂੰ ਕਹਿੰਦੇ, ਸਾਡੇ ਪਿੱਛੇ ਕੋਈ ਨਾ ਆਵੇ। ਨਾ ਦੱਸਿਓ। ਫਸਲਾਂ ਹੁੰਦੀਆਂ ਸੀ ਬੇਅੰਤ ਚਾਰੇ ਪਾਸੇ, ਕੋਲ ਮੱਕੀਆਂ

ਖੜ੍ਹੀਆਂ ਸੀ। ਮੱਕੀਆਂ 'ਚ ਜਾ ਵੜੇ। ਰਾਜਾ ਆਇਆ, ਆ ਕੇ ਬੈਠਾ ਰਿਹਾ। ਸ਼ਾਮ ਪੈ ਗਈ। ਉਹ ਮੱਕੀਆਂ ਵਿਚ ਬੈਠੇ ਰਹੇ, ਉਹ ਆਏ ਹੀ ਨਹੀਂ। ਇਹ ਮੁੜ ਗਿਆ। ਦੂਜੀ ਵਾਰੀ ਫੇਰ ਆਇਆ, ਫੇਰ ਮੱਕੀਆਂ ਦੇ ਖੇਤਾਂ 'ਚ ਚਲੇ ਗਏ। ਕਹਿੰਦਾ, ਦੇਖੀਏ, ਥੋੜ੍ਹੀ-ਥੋੜ੍ਹੀ ਦੂਰ ਜਾ ਕੇ ਦੇਖਿਆ। ਬਾਬਾ ਜੱਸਾ ਸਿੰਘ ਜੀ ਦੂਰ ਲੰਘ ਗਏ ਗੰਨੇ ਦੇ ਖੇਤਾਂ 'ਚ। ਅੱਠ ਵਾਰੀ ਆਇਆ, ਲੱਭੇ ਹੀ ਨਾ। ਉਹਦੇ ਅਹਿਲਕਾਰਾਂ ਨੇ ਕਿਹਾ, ਮਹਾਰਾਜ! ਇਹ ਪੂਰਨ ਸਾਧੂ ਨੇ। ਸਹੀ ਇਰਾਦੇ ਦੇ ਨਾਲ ਚੱਲੋ, ਤਾਂ ਇਹਨਾਂ ਦੇ ਦਰਸ਼ਨ ਹੋਣਗੇ।

ਕਹਿੰਦਾ, ਲੈ ਬਈ! ਨੌਵੀਂ ਵਾਰੀ ਹੁਣ ਬਿਲਕੁਲ ਸਹੀ ਇਰਾਦੇ ਨਾਲ ਚੱਲਾਂਗਾ। ਸਹੀ ਇਰਾਦੇ ਨਾਲ ਤੁਰਿਆ। ਬਾਬਾ ਜੀ ਗਏ ਨਹੀਂ ਅੱਜ, ਕਹਿੰਦੇ, ਸਾਨੂੰ 8 ਤਸਲੇ ਭਰ ਕੇ ਗਾਰੇ ਦੇ, ਆਹ ਮਨ੍ਹੇ 'ਤੇ ਰੱਖ ਦਿਓ। ਗਾਰੇ ਵਾਲੇ ਤਸਲੇ ਮਨ੍ਹੇ 'ਤੇ ਜਿਥੇ ਬਹਿੰਦੇ ਸੀ, ਉਥੇ ਰਖਾ ਲਏ।

ਰਾਜਾ ਆਇਆ, ਆ ਕੇ ਦੋਵੇਂ ਹੱਥ ਕਰੇ, ਕਲਗੀ ਲੱਗੀ ਹੋਈ ਹੈ, ਸ਼ਾਹੀ ਵਸਤਰ ਪਹਿਨੇ ਹੋਏ ਨੇ। ਘੋੜੇ ਤੋਂ ਉਤਰਿਆ, ਅਹਿਲਕਾਰ ਵੀ ਨਾਲ ਨੇ, ਅੰਗਰੱਖਿਅਕ ਵੀ ਨਾਲ। ਆ ਕੇ ਉਤੇ ਨੂੰ ਹੱਥ ਕਰਕੇ ਜਦੋਂ ਨਮਸ਼ਕਾਰ ਕਰਨ ਲੱਗਿਆ। ਬਾਬਾ ਜੀ ਨੇ ਗਾਰੇ ਦਾ ਭਰਿਆ ਹੋਇਆ ਤਸਲਾ ਚੁਕਿਆ ਸਿਰ 'ਤੇ ਪਾ ਦਿਤਾ। ਵਿਚੇ ਕਲਗੀ, ਵਿਚੇ ਰੇਸ਼ਮੀ ਕੱਪੜੇ, ਵਿਚੇ ਮਾਲਾ ਵਗੈਰਾ ਸਭ ਲਵੇੜ ਦਿਤੀਆਂ। ਉਹ ਅਜੇ ਸੋਚਦਾ ਹੀ ਹੈ, ਦੂਜਾ ਤਸਲਾ ਪਾ ਦਿਤਾ, ਤੀਜਾ ਪਾ ਦਿਤਾ। ਅੰਗਰਖਿਅਕ ਨੱਠੇ ਫਿਰਦੇ ਨੇ, ਮਹਾਰਾਜ! ਹੁਕਮ?

ਕਹਿੰਦਾ, ਕੋਈ ਹੁਕਮ ਨਹੀਂ, ਪਾਸੇ ਹਟ ਜਾਓ। ਉਹ ਉਵੇਂ ਜਿਵੇਂ ਖੜ੍ਹਾ ਰਿਹਾ, ਅੱਠ ਤਸਲੇ ਗਾਰੇ ਦੇ ਉਤੇ ਪੁਆ ਲਏ।

ਕਹਿਣ ਲੱਗੇ, ਸ਼ਾਂਤੀ ਆਈ ਕਿ ਨਹੀਂ? ਅੱਗ ਲੱਗੀ ਫਿਰਦੀ ਹੈ ਕਹਿੰਦੇ ਇਹਨੂੰ?

ਕਹਿੰਦਾ, ਬਾਬਾ ਜੀ! ਤੁਸੀਂ ਤਾਂ ਮੇਰੇ ਉਤੇ ਕੇਸਰ ਵਰ੍ਹਾ ਦਿਤਾ। ਮੈਨੂੰ ਸ਼ਾਂਤੀ ਆ ਗਈ, ਅੰਮ੍ਰਿਤ ਵਰ੍ਹਿਆ ਹੈ ਮੇਰੇ ਉਤੇ। ਮੇਰੀ ਅੰਦਰਲੀ ਅਗਨ ਦੂਰ ਕਰ ਦਿਤੀ ਤੁਸੀਂ। ਬੜਾ ਅਭਿਮਾਨ ਸੀ ਮੇਰੇ ਅੰਦਰ।

ਸੋ ਸਾਧਸੰਗਤ ਜੀ! ਉਹ ਕਿਸੇ ਦੀ ਪਰਵਾਹ ਕਰਦੇ ਨੇ? -

*ਰੰਗਿ ਹਸਹਿ ਰੰਗਿ ਰੋਵਹਿ ਚੁਪ ਭੀ ਕਰਿ ਜਾਹਿ ॥*
*ਪਰਵਾਹ ਨਾਹੀ ਕਿਸੈ ਕੇਰੀ ਬਾਝੁ ਸਚੇ ਨਾਹ ॥*
*ਅੰਗ- ੪੭੩*

ਜਿਹਨਾਂ ਦੇ ਨਾਲ ਵਾਹਿਗੁਰੂ ਹੈ ਉਹ ਕੀਹਦੀ ਪਰਵਾਹ ਕਰਦੇ ਨੇ। ਸੰਤ ਅੱਜਕੱਲ੍ਹ ਹੈ ਨਹੀਂ, ਬਹੁਤ ਘੱਟ ਹੋ ਗਏ। ਕਹਿੰਦੇ -

*ਸੰਤਾ ਕਉ ਮਤਿ ਕੋਈ ਨਿੰਦਹੁ ਸੰਤ ਰਾਮੁ ਹੈ ਏਕੋੁ ॥*
*ਅੰਗ- ੭੯੩*

ਸ੍ਰੀ ਗੁਰੂ ਨਾਨਕ ਸਾਹਿਬ ਜੀ ਸੰਤ ਪੈਦਾ ਕਰਨ ਆਏ। ਕਿਉਂਕਿ ਧਰਤੀ ਡੋਲ ਰਹੀ ਸੀ -

*ਥੰਮੇ ਕੋਇ ਨ ਸਾਧੁ ਬਿਨੁ*
*ਸਾਧੁ ਨ ਦਿਸੈ ਜਗਿ ਵਿਚਿ ਕੋਆ।   ਭਾਈ ਗੁਰਦਾਸ ਜੀ*

ਸਾਧੂਆਂ ਨੂੰ ਉਬਾਰਨ ਵਾਸਤੇ ਆਏ ਸੀ। ਸ੍ਰੀ ਗੁਰੂ ਦਸ਼ਮੇਸ਼ ਪਿਤਾ ਜੀ ਨੇ ਕਿਹੈ ਕਿ ਪਿਆਰਿਓ! ਮੈਂ ਦੁਸ਼ਟਾਂ ਨੂੰ ਗਾਲ੍ਹਣ ਵਾਸਤੇ ਤੇ ਸੰਤਾਂ ਨੂੰ ਉਬਾਰਨ ਵਾਸਤੇ ਆਇਆ ਹਾਂ।

ਕਹਿ ਦਿੰਦੇ ਨੇ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਹੀ ਸੰਤ ਨੇ। ਹੋਰ ਕੋਈ ਸੰਤ ਨਹੀਂ। ਫੇਰ ਗੁਰੂ ਦਸਵੇਂ ਪਾਤਸ਼ਾਹ ਕਿਹੜੇ ਸੰਤਾਂ ਦੀ ਗੱਲ ਕਰ ਰਹੇ ਨੇ, ਉਹਨਾਂ ਨੂੰ ਉਬਾਰਨ ਵਾਸਤੇ ਆਇਆ ਹਾਂ। ਮੈਂ ਤਾਂ ਸੰਤਾਂ ਦਾ ਰਾਖਾ ਬਣ ਕੇ ਆਇਆ ਹਾਂ। ਗੁਰੂ ਦਸਵੇਂ ਪਾਤਸ਼ਾਹ ਸੰਤਾਂ ਦੇ ਰਾਖੇ ਬਣ ਕੇ ਆਉਂਦੇ ਨੇ, ਉਹਨਾਂ ਨੂੰ ਮੰਨਣ ਵਾਲੇ ਹੱਥ ਖੜ੍ਹੇ ਕਰਾਉਂਦੇ ਨੇ ਕਿ ਸੰਤਾਂ ਕੋਲ ਕੋਈ ਨਾ ਜਾਇਓ। ਉਹ ਗੁਰਸਿੱਖ ਨੇ ਕੌਣ ਨੇ? ਬਿਲਕੁਲ ਮਨ ਦੀ ਮਤ ਚੱਲ ਰਹੀ ਹੈ। ਸਾਧੂਆਂ ਤੋਂ ਬਗ਼ੈਰ ਗੁਜ਼ਾਰਾ ਨਹੀਂ ਚੱਲਿਆ ਕਰਦਾ। ਕਿਉਂਕਿ ਜਿੰਨਾ ਪੱਖ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੇ ਸੰਤਾਂ ਦਾ ਲਿਆ ਹੈ। ਸਾਰੀ ਦੁਨੀਆਂ ਦੇ ਗ੍ਰੰਥ ਇਕੱਠੇ ਕਰ ਲਓ। ਚੌਥਾ ਹਿੱਸਾ ਵੀ ਨਹੀਂ ਬਣਦੇ। ਇਹਨਾਂ ਨੇ ਕਿਹੈ ਕਿ ਸੰਤਾਂ ਦੇ ਨਾਲ ਗੱਲ ਬਣਨੀ ਹੈ-

*ਜਨਮ ਮਰਣ ਦੁਹਹੂ ਮਹਿ ਨਾਹੀ*
*ਜਨ ਪਰਉਪਕਾਰੀ ਆਏ ॥*
*ਜੀਅ ਦਾਨੁ ਦੇ ਭਗਤੀ ਲਾਇਨਿ*
*ਹਰਿ ਸਿਉ ਲੈਨਿ ਮਿਲਾਏ ॥ ੨ ॥   ਅੰਗ- ੭੪੯*

ਉਹਨਾਂ ਦਾ ਕੰਮ ਹੀ ਇਹੀ ਹੁੰਦੈ, ਪ੍ਰਮੇਸ਼ਰ ਨਾਲ ਜੋੜਨਾ।

ਸੋ ਇਸ ਤਰ੍ਹਾਂ ਦੇ ਨਾਲ ਬੇਪਰਵਾਹ ਸ੍ਰੀ ਗੁਰੂ ਨਾਨਕ ਪਾਤਸ਼ਾਹ ਨੂੰ ਹੱਥ ਪਾ ਰਿਹੈ।

ਕਹਿੰਦਾ, ਮੈਂ ਸੁਣਿਐ ਕਿ ਤੂੰ ਖੱਤਰੀ ਹੋ ਕੇ ਸ਼ੂਦਰ ਦੇ ਘਰ ਰੋਟੀ ਖਾ ਰਿਹੈਂ ਤੇ ਤੂੰ ਕੁਰਾਹਪੁਣਾ ਕਰਦੈਂ। ਡਰਦਾ ਨਹੀਂ ਕਿਸੇ ਤੋਂ? ਮਹਾਰਾਜ ਕਹਿੰਦੇ, ਡਰ ਕਿਹੜੀ ਗੱਲ ਦਾ ਆਵੇ? -

*ਸੋ ਡਰੈ ਜਿ ਪਾਪ ਕਮਾਵਦਾ ਧਰਮੀ ਵਿਗਸੇਤੁ॥ ਅੰਗ- ੮੪*

ਡਰਨਾ ਤੈਨੂੰ ਚਾਹੀਦੈ ਮਲਕ? ਤੂੰ ਪਾਪ ਕਰਦੈਂ। ਕੀ ਖਿਲਾਉਂਦੈ ਹੈਂ ਤੂੰ ਸਾਧੂਆਂ ਨੂੰ? ਲਿਆ ਮੈਨੂੰ ਦਿਖਾ

ਕੀ ਹੈ?

ਮਹਾਰਾਜ ਬੈਠ ਗਏ ਚੌਂਕੜਾ ਮਾਰ ਕੇ। ਇਹਨੇ ਕਿਹਾ ਕਿ ਹੁਣ ਖਾਣਗੇ। ਇਕੱਠ ਹੋ ਗਿਆ ਬਹੁਤ ਕਿਉਂਕਿ ਬਚਨ ਹੋ ਰਹੇ ਨੇ।

ਕਹਿੰਦੇ, ਲਿਆ ਕੀ ਲਿਆਉਂਦੈ।

ਵਧੀਆ ਥਾਲ ਲਾ ਕੇ ਲੈ ਆਇਆ। ਕਹਿੰਦੇ, ਜਾਹ ਭਾਈ ਲਾਲੋ, ਟੁੱਕਰ ਵੀ ਲੈ ਕੇ ਆ। ਜਿਹੜਾ ਕਹਿੰਦੇ ਨੇ ਇਹ ਕਿ ਸ਼ੂਦਰ ਦਾ ਟੁੱਕਰ ਹੈ। ਦੋਵੇਂ ਚੀਜ਼ਾਂ ਹੱਥ ਵਿਚ ਲੈ ਲਈਆਂ। ਕਹਿੰਦੇ, ਲਾਲੋ! ਆਹ ਤੇਰਾ ਹੈ ਤੇ ਇਹ ਇਹਦਾ ਹੈ। ਆ ਤੈਨੂੰ ਮੈਂ ਦਿਖਾਵਾਂ ਕਿ ਤੂੰ ਕੀ ਸਾਧੂਆਂ ਨੂੰ ਖਿਲਾਉਂਦਾ ਹੈਂ। ਜਦੋਂ ਦੱਬਿਆ, ਸਾਰੇ ਹੈਰਾਨ ਹੋ ਗਏ, ਖ਼ੂਨ ਦੇ ਕਤਰੇ ਵਹਿ ਤੁਰੇ ਮਲਕ ਦੇ ਅੰਨ 'ਚੋਂ, ਧਾਰ ਬਣ ਗਈ। ਭਾਈ ਲਾਲੋ ਦੇ ਅੰਨ੍ਹ ਵਿਚੋਂ ਸੁਗੰਧੀ ਵਾਲਾ ਦੁੱਧ ਨਿਕਲ ਰਿਹੈ। ਸਾਰਿਆਂ ਨੂੰ ਮੁਖਾਤਬ ਕਰਕੇ ਕਹਿੰਦੇ ਸੰਤੋ, ਬ੍ਰਾਹਮਣੋ! ਆਹ ਖ਼ੂਨ ਖਾ ਕੇ ਇਹਦੀਆਂ ਅਰਦਾਸਾਂ ਕਰਦੇ ਹੋਂ। ਇਹ ਆਪ ਵੀ ਡੁੱਬੇਗਾ ਤੇ ਤੁਹਾਨੂੰ ਵੀ ਡੋਬ ਦੇਵੇਗਾ।

ਕਹਿਣ ਲੱਗੇ, ਕਿਉਂ ਮਲਕ ਜੀ! ਆਹ ਗਰੀਬਾਂ ਦਾ ਖ਼ੂਨ ਨੁਚੜ ਰਿਹੈ, ਤੇਰੀ ਰੋਟੀ ਵਿਚੋਂ। ਤੇ ਦੂਜੇ ਪਾਸੇ ਭਾਈ ਲਾਲੋ ਦੀ ਰੋਟੀ, ਆਹ ਕਿਰਤ ਹੈ ਸੁੱਚੀ ਕਿਰਤ। ਸੁੱਚੀ ਕਿਰਤ ਦਾ ਦੁੱਧ ਹੈ। ਜਿਹੜਾ ਸੁੱਚੀ ਕਿਰਤ ਦਾ ਅੰਨ੍ਹ ਮੂੰਹ ਵਿਚ ਪਾਏਗਾ। ਉਸ ਸਾਧੂ ਦੀ ਸਮਾਧੀ ਲਗ ਜਾਏਗੀ। ਤੇਰੇ ਜਿਹੜੇ ਮਾਲ੍ਹ ਪੂੜੇ ਨੇ ਇਹ ਜਿਹੜਾ ਖਾਏਗਾ ਉਹਦੀ ਬਿਰਤੀ ਉਖੜ ਜਾਏਗੀ ਤੇ ਪਾਪਾਂ ਦਾ ਭਾਗੀ ਹੋ ਜਾਏਗਾ। ਤੈਨੂੰ ਪਤਾ ਨਹੀਂ ਹੈ ਕਿ ਤੇਰੇ ਨਾਲ ਕੀ ਵਰਤਣੀ ਹੈ? ਜਦੋਂ ਇਥੋਂ ਦੁਨੀਆਂ ਛੱਡ ਕੇ ਤੂੰ ਜਾਵੇਂਗਾ, ਉਸ ਵੇਲੇ ਤੇਰੀ ਜਿੰਦ ਨੂੰ ਰੋਣਾ ਪੈਣੈ, ਪਛਤਾਵੇਂਗਾ ਤੂੰ। ਉਸ ਵੇਲੇ ਕੋਈ ਵੀ ਤੇਰਾ ਸਾਥੀ ਨਹੀਂ ਬਣਨਾ। ਇਸ ਤਰ੍ਹਾਂ ਮਹਾਰਾਜ ਕਹਿੰਦੇ ਨੇ -

*ਧਾਰਨਾ - ਰੋਵੇਂਗੀ ਜਿੰਦੇ ਜਦੋਂ ਲੇਖਾ ਦੇਣਾ ਪੈ ਗਿਆ।*

*ਆਪੀਨ੍ਹੈ ਭੋਗ ਭੋਗਿ ਕੈ*
*ਹੋਇ ਭਸਮੜਿ ਭਉਰੁ ਸਿਧਾਇਆ ॥*
*ਵਡਾ ਹੋਆ ਦੁਨੀਦਾਰੁ ਗਲਿ ਸੰਗਲੁ ਘਤਿ ਚਲਾਇਆ ॥*
*ਅਗੈ ਕਰਣੀ ਕੀਰਤਿ ਵਾਚੀਐ*
*ਬਹਿ ਲੇਖਾ ਕਰਿ ਸਮਝਾਇਆ ॥*
*ਥਾਉ ਨ ਹੋਵੀ ਪਉਦੀਈ*
*ਹੁਣਿ ਸੁਣੀਐ ਕਿਆ ਰੁਆਇਆ ॥*
*ਮਨਿ ਅੰਧੈ ਜਨਮੁ ਗਵਾਇਆ ॥ ੩ ॥* *ਅੰਗ- ੪੬੪*

ਮਲਕ ਜੀ! ਸੰਸਾਰ ਦੇ ਅੰਦਰ ਆ ਕੇ ਆਦਮੀ ਕਰਮ ਕਰਦੈ। ਉਸ ਵੇਲੇ ਇਹਨੂੰ ਪਤਾ ਨਹੀਂ ਹੈ ਕਿ ਮੈਂ ਜਿਹੜੇ ਕਰਮ ਕਰਦਾਂ, ਇਹਦਾ ਅੰਤ ਕੀ ਹੋਵੇਗਾ। ਚੰਗੇ ਕਰ ਲੈ, ਉਹਦਾ ਸਨਮਾਨ ਮਿਲਦੈ, ਮਾੜੇ ਕਰ ਲੈ ਫੇਰ ਨਰਕਾਂ 'ਚ ਜਾਣਾ ਪੈਣੈ। ਬਹੁਤ ਔਖਾ ਹੁੰਦੈ। ਬਹੁਤ ਮੁਸ਼ਕਲ ਹੋਇਆ ਕਰਦੀ ਹੈ ਉਸੇ ਜੀਵ ਆਤਮਾ ਨੂੰ, ਸੂਖਸ਼ਮ ਸਰੀਰ ਨਾਲ ਜਾਂਦੈ -

*ਨਾਨਕੁ ਆਖੈ ਰੇ ਮਨਾ ਸੁਣੀਐ ਸਿਖ ਸਹੀ ॥*
*ਲੇਖਾ ਰਬੁ ਮੰਗੇਸੀਆ ਬੈਠਾ ਕਢਿ ਵਹੀ ॥*
*ਤਲਬਾ ਪਉਸਨਿ ਆਕੀਆ ਬਾਕੀ ਜਿਨਾ ਰਹੀ ॥*
*ਅਜਰਾਈਲੁ ਫਰੇਸਤਾ ਹੋਸੀ ਆਇ ਤਈ ॥*
*ਆਵਣੁ ਜਾਣੁ ਨ ਸੁਝਈ ਭੀੜੀ ਗਲੀ ਫਹੀ ॥*
*ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ ॥ ੨ ॥*
*ਅੰਗ- ੯੫੩*

ਉਹ ਵਹੀ ਵਾਲਾ ਲੇਖਾ ਮੁਕਦਾ ਨਹੀਂ ਜਦੋਂ ਤਕ ਭਜਨ ਨਾ ਕਰੇ। ਇਸ ਤਰ੍ਹਾਂ ਕਹਿੰਦੇ ਨੇ ਮਹਾਰਾਜ -

*ਧਾਰਨਾ - ਰੱਬ ਲੇਖਾ ਮੰਗਦਾ ਓ,*
*ਜਿੰਦੇ ਕਰ ਭਜਨ ਹਿਸਾਬ ਮੁਕਾਈਏ।*

ਕਹਿੰਦੇ ਮਲਕ ਜੀ! ਜਦੋਂ ਲੇਖਾ ਦੇਣੈ, ਇਹਨਾਂ ਪਾਪਾਂ ਦਾ, ਇਹ ਤੇਰੇ ਨਾਲ ਨਹੀਂ ਮਾਇਆ ਜਾਣੀ -

*ਕਬੀਰ ਇਹੁ ਤਨੁ ਜਾਇਗਾ ਸਕਹੁ ਤ ਲੇਹੁ ਬਹੋਰਿ ॥*
*ਨਾਂਗੇ ਪਾਵਹੁ ਤੇ ਗਏ ਜਿਨ ਕੇ ਲਾਖ ਕਰੋਰਿ ॥ ੨੨ ॥*
*ਅੰਗ- ੧੩੬੫*

ਇਥੇ ਹੀ ਪਈ ਰਹਿ ਜਾਣੀ ਹੈ। ਤੇਰੇ ਨਾਲ ਤੇਰੇ ਕਰਮਾਂ ਨੇ ਜਾਣਾ ਹੈ। ਤੇਰੇ ਕਰਮ ਨੇ ਖ਼ੂਨ ਦੇ। ਤੇਰੇ ਸਾਮ੍ਹਣੇ ਖ਼ੂਨ ਚੋਅ ਰਿਹੈ। ਇਹਨਾਂ ਪਾਪਾਂ ਦੇ ਜਦੋਂ ਲੇਖੇ ਤੈਨੂੰ ਦੇਣੇ ਪੈਣੇ ਨੇ ਫੇਰ ਤੂੰ ਰੋਵੇਂਗਾ, ਬਹੁਤ ਔਖਾ ਹੋਵੇਂਗਾ। ਘਾਣੀ 'ਚ ਪੀੜਨਗੇ ਤੇਰੀ ਜਿੰਦੜੀ। ਇਸ ਤਰ੍ਹਾਂ ਦੇ ਉਪਦੇਸ਼ ਮਹਾਰਾਜ ਨੇ ਦਿਤੇ।

ਕਹਿਣ ਲੱਗੇ, ਮਲਕ ਭਾਗੋ! ਇਹ ਮਾੜਾ ਅੰਨ੍ਹ ਹੈ। ਜਿਹੜੇ ਸਾਧੂਆਂ ਨੂੰ ਤੂੰ ਖਲਾਉਂਦੈ, ਸਾਧੂਆਂ ਨੂੰ ਤਾਂ ਦੋਸ਼ ਲਗਣਾ ਹੀ ਲਗਣਾ ਹੈ, ਉਹਨਾਂ ਨੇ ਤਾਂ ਫਲ ਭੋਗਣਾ ਹੀ ਭੋਗਣਾ ਹੈਂ। ਤੈਨੂੰ ਵੀ ਦੋਸ਼ ਲਗਣੈ ਕਿਉਂਕਿ ਤੂੰ ਭਜਨ ਬੰਦਗੀ ਕਰਨ ਵਾਲਿਆਂ ਦਾ ਤਪ ਤੋੜ ਦਿਤਾ -

*ਤਪੀਅਨ ਤਪੁ ਛੀਜੈ ਇਹ ਖਾਇ।*
*ਧਿਆਨੀ ਧਿਆਨੁ ਨ ਲਗਹਿ ਲਗਾਇ।*
*ਖਾਵਤ ਮਨ ਕਉ ਕਰਤ ਮਲੀਨ।*
*ਹਰਿ ਜਸ ਰੰਗ ਨ ਚੜਹਿ ਨਵੀਨ।*

ਕਹਿੰਦੇ, ਹਰੀ ਦੇ ਰੰਗ ਦਾ ਜਿਹੜਾ ਰਸ ਹੈ, ਪਿਆਰ ਹੈ, ਉਹ ਨਹੀਂ ਚੜ੍ਹਿਆ ਕਰਦਾ -

*ਜਾ ਕੀ ਰਹਿਤ ਨ ਜਾਣੀਐ*
*ਗੁਰਬਾਣੀ ਨਹੀ ਰੀਤ।*
*ਤਿਸ ਦੇ ਹਥਹੁ ਖਾਧੀਐ*
*ਵਿਸਰੇ ਹਰਿ ਕੀ ਪ੍ਰੀਤ।*

ਜਿਹਦਾ ਗੁਰਬਾਣੀ ਨਾਲ ਪਿਆਰ ਨਹੀਂ, ਰੀਤ ਨਹੀਂ ਹੈ। ਕੀ ਪਤਾ ਨਿੰਦਿਆ ਕਰਨ ਵਾਲਾ ਹੈ, ਚੁਗਲੀਆਂ ਕਰਨ ਵਾਲਾ ਹੈ, ਬੇਈਮਾਨੀਆਂ, ਠੱਗੀਆਂ ਕਰਨ ਵਾਲਾ ਹੈ, ਉਹਦੀ ਰਹਿਤ ਦਾ ਤਾਂ ਸਾਨੂੰ ਪਤਾ ਨਹੀਂ। ਜੀਵਨ ਦੇ ਵਿਚ ਕੀ ਰਹਿਤ ਉਹਨੇ ਧਾਰਨ ਕਰੀ ਹੋਈ ਹੈ। ਦੂਸਰਾ ਬਾਣੀ ਨਾਲ ਉਹਦਾ ਪਿਆਰ ਨਹੀਂ। ਨਾਮ ਨਹੀਂ ਜਪਦਾ, ਬੰਦਗੀ ਨਹੀਂ ਕਰਦਾ, ਹਰ ਵਕਤ ਕਲਪਨਾ ਕਰਦੈ। ਆਦਮੀ ਦੇ ਅੰਦਰ ਖਿਆਲਾਂ ਦੀ ਐਨਰਜੀ ਫੈਲਦੀ ਹੈ, ਇਹ ਸਾਇੰਟੇਫਿਕ ਚੀਜ਼ ਦਸਦਾ ਹਾਂ ਮੈਂ ਤੁਹਾਨੂੰ। ਉਹ ਖਿਆਲ ਐਨਰਜੀ ਜਿਹੜੀ ਹੈ, ਜਿਸ ਘਰ 'ਚ ਰਹਿੰਦਾ ਹੋਏਗਾ, ਸਾਰੇ ਘਰ ਦੇ ਵਾਤਾਵਰਣ ਨੂੰ ਉਹ ਕਾਬੂ ਕਰ ਲੈਂਦੀ ਹੈ। ਜੇ ਤਾਂ ਮਾੜੀ ਹੈ ਤਾਂ ਕੱਪੜਿਆਂ ਵਿਚ ਵੀ ਉਹਦਾ ਅਸਰ। ਦਾਣੇ ਵਿਚ ਵੀ ਅਸਰ, ਜਿੰਨੀਆਂ ਚੀਜ਼ਾਂ ਪਈਆਂ ਨੇ ਸਾਰਿਆਂ ਵਿਚ ਅਸਰ। ਇਹ ਤਾਂ ਬੰਦੇ ਦੀ ਗੱਲ ਮੈਂ ਕਰਦਾਂ। ਪੁਸਤਕਾਂ ਦੀ ਗੱਲ ਮੈਂ ਸੁਣਾਉਂਦਾ ਤੁਹਾਨੂੰ। ਇਕ ਡਾਕਟਰ ਜੇ ਸੀ ਟਰੱਸਟ, ਕੈਲੀਫੋਰਨੀਆਂ ਦੀ ਯੂਨੀਵਰਸਿਟੀ ਵਿਚ ਪ੍ਰਮਾਣੂ ਸਾਇੰਸ ਦੀ ਪ੍ਰਫੈਸਰ ਹੋਈ ਹੈ। ਕੁਦਰਤ ਨੇ ਉਹਨੂੰ ਗਿਆਨ ਦੇ ਦਿਤਾ, ਉਹਨੂੰ ਲਾਈਟ ਦਿਸਣ ਲਗ ਗਈ ਬੰਦੇ ਦੀ। ਕਿ ਆਹ ਬੰਦੇ ਦੇ ਅੰਦਰ ਕਾਲਾ ਓਰਾ ਹੈ। ਇਹਦੇ ਲਾਲ ਹੈ, ਇਹਦੇ ਪੀਲਾ ਹੈ, ਇਹਦੇ ਕਾਲਾ ਹੈ। ਡੀ-ਕੋਡ ਕਰ ਲਿਆ ਉਹਨੇ। ਕਿਤਾਬਾਂ ਦਾ ਵੀ ਕਰ ਲਿਆ। ਰਸ਼ੀਅਨ ਲਾਇਬ੍ਰੇਰੀ 'ਚ ਚਲੀ ਗਈ ਮਾਸਕੋ। ਆਪਣਾ ਤਜਰਬਾ ਕਰਨ ਵਾਸਤੇ ਉਹਨਾਂ ਨੇ ਕਿਤਾਬਾਂ ਰੱਖੀਆਂ ਹੋਈਆਂ ਸੀ। ਉਹ ਕਹਿਣ ਲੱਗੇ ਕਿ ਉਹ ਜਿਹੜੀਆਂ ਕਿਤਾਬਾਂ ਨੇ, ਉਹਨਾਂ ਦਾ ਕੀ ਅਸਰ ਹੈ। ਉਹ ਥੋੜ੍ਹੀ ਦੇਰ ਬੈਠਣ ਤੋਂ ਬਾਅਦ ਕਹਿਣ ਲੱਗੀ ਕਿ ਕਾਲੇ ਪ੍ਰਮਾਣੂ ਕੱਢ ਰਹੀਆਂ ਨੇ। ਕਹਿੰਦੇ, ਖੋਲ੍ਹ ਕੇ ਦੇਖੋ। ਜਦੋਂ ਖੋਲ੍ਹਿਆ, ਨਾਸਤਕ ਕਿਤਾਬਾਂ। ਪ੍ਰਮੇਸ਼ਰ ਤੋਂ ਬੇਮੁਖ ਸਾਰੀਆਂ ਹੀ। ਉਹ ਕਿਤਾਬਾਂ ਦੇ ਵਿਚੋਂ ਵੀ ਕਾਲੇ ਪ੍ਰਮਾਣੂ ਨਿਕਲ ਰਹੇ ਨੇ।

ਹੁਣ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਵਿਚੋਂ ਕੀ ਨਿਕਲ ਰਿਹੈ, ਨਿਰਾ ਹੀ ਪ੍ਰਕਾਸ਼, ਨਿਰਾ ਹੀ ਪ੍ਰਕਾਸ਼। ਫੇਰ ਉਹ ਦੂਜੇ ਕਮਰੇ 'ਚ ਲੈ ਗਏ ਉਸ ਨੂੰ। ਉਥੇ ਬਾਈਬਲ ਤੇ ਧਰਮ ਗ੍ਰੰਥ ਰਖੇ ਹੋਏ ਸੀ। ਕਿਉਂਕਿ ਜਦ ਤਜਰਬਾ ਕਰਨੈ ਫੇਰ ਤਾਂ ਪੂਰਾ ਹੀ ਕਰਕੇ ਹਟਦੇ ਨੇ। ਕਹਿਣ ਲੱਗੇ ਉਹ ਕਿਹੜਾ ਕੋਨਾ ਹੈ ਜਿਥੇ ਚਿੱਟੀ ਲਾਈਟ ਆ ਰਹੀ ਹੈ? ਉਹ ਕਹਿਣ ਲੱਗੀ, ਜਿਥੇ ਓਹ ਪੁਸਤਕਾਂ ਪਈਆਂ ਨੇ ਉਹਨਾਂ ਦੇ ਵਿਚੋਂ ਚਿੱਟੀਆਂ ਲਹਿਰਾਂ ਨਿਕਲ ਰਹੀਆਂ ਨੇ ਲਾਈਟ ਦੀਆਂ। ਖਿਆਲ ਮਰਦਾ ਨਹੀਂ, ਲਿਖਿਆ ਹੋਇਆ ਵੀ ਨਹੀਂ ਮਰਦਾ। ਚਿੱਠੀ ਆ ਜਾਵੇ ਮਾੜੀ, ਉਹ ਪੰਜ ਸਾਲ ਬਾਅਦ ਪੜ੍ਹ ਲਓ, ਅੱਗ ਲਾ ਦਿੰਦੀ ਹੈ। ਕਿਉਂਕਿ ਖਿਆਲ ਢਕਿਆ ਪਿਐ ਅੱਖਰਾਂ ਦੇ ਵਿਚ, ਮਰਿਆ ਨਹੀਂ ਹੈ। ਨਾ ਸ਼ਬਦ ਮਰਦੈ, ਨਾ ਖਿਆਲ ਮਰਦੈ। ਚਾਹੇ ਲਿਖਿਆ ਪਿਐ, ਚਾਹੇ ਉਹ ਬੋਲਿਆ ਹੋਇਆ ਹੈ, ਚਾਹੇ ਕੋਈ ਖਿਆਲ ਪੈਦਾ ਕਰਕੇ ਚਲਿਆ ਗਿਆ।

ਇਕ ਡਾਕਟਰ ਜੋਜ਼ਫ ਹੋਏ ਨੇ ਜਰਮਨੀ ਦੇ, ਉਹ ਇਕ ਤਜਰਬਾ ਕਰਿਆ ਕਰਦੇ ਸੀ। ਉਹ ਇਹ ਕਰਿਆ ਕਰਦੇ ਸੀ। ਉਹਨਾਂ ਤੋਂ ਪੁਛਦੇ ਸੀ ਕਿ ਆਹ ਜਿਹੜਾ ਕਮਰਾ ਹੈ, ਇਹਦੇ ਵਿਚ ਕੌਣ ਰਿਹਾ ਹੋਇਆ ਹੈ?

ਇਕ ਵਾਰੀ ਉਹ ਕਹਿਣ ਲੱਗੇ ਕਿ ਆਹ ਜਿਹੜਾ ਕਮਰਾ ਹੈ ਇਥੇ ਕਤਲ (murder) ਹੋਇਆ ਹੋਇਐ।

ਕਹਿੰਦੇ, ਕਿਹੋ ਜਿਹਾ ਹੈ?

ਕਹਿੰਦੇ, ਮੈਨੂੰ ਜੋ ਨਜ਼ਰ ਆ ਰਿਹੈ, ਐਨਕਾਂ ਵਾਲਾ ਬੰਦਾ ਹੈ। ਬੇਅੰਤ ਐਨਕਾਂ ਹਵਾਲੇ ਕਰ ਦਿਤੀਆਂ। ਉਹਨੇ ਓਹੀ ਐਨਕ ਕੱਢ ਲਈ, ਕਹਿੰਦਾ, ਆਹ ਹੈ ਜਿਹਨੇ ਕਤਲ ਕਰਿਐ। ਕੀਤਾ ਹੋਇਆ ਕੰਮ ਜਿਹੜਾ ਹੈ ਨਾ ਸਾਧਸੰਗਤ ਜੀ! ਉਹ ਨਸ਼ਟ ਨਹੀਂ ਹੋਇਆ ਕਰਦਾ, ਖਿਆਲ ਖੜ੍ਹਾ ਰਹਿੰਦੈ। ਆਦਮੀ ਦਾ ਵਜੂਦ ਖੜ੍ਹਾ ਰਹਿੰਦੈ। ਜਿਥੇ ਬਹਿ ਜਾਵੇ। ਜਿਥੇ ਸਾਧੂ ਬਹਿ ਜਾਵੇ ਉਹ ਥਾਨ ਸੁਹਾਵਾ ਹੋ ਜਾਂਦੈ। ਜਿਥੇ ਵਿਪਰੀਤ ਬੰਦਾ ਬਹਿ ਜਾਵੇ, ਨਿੰਦਕ ਬਹਿ ਜਾਵੇ, ਮਾੜਾ ਬੰਦਾ ਬਹਿ ਜਾਵੇ ਉਹ ਥਾਂ ਭ੍ਰਿਸ਼ਟ ਹੋ ਜਾਇਆ ਕਰਦੀ ਹੈ। ਸਾਡੇ ਨਾਲੋਂ ਕੁੱਤੇ ਨੂੰ ਜ਼ਿਆਦਾ ਅਕਲ ਹੈ ਇਸ ਮਾਮਲੇ 'ਚ। ਇਕ ਬੰਦਾ ਕਿਤੇ ਬੈਠਾ ਹੈ। ਕੁੱਤੇ ਨੂੰ ਸੁੰਘਾ ਦਿਓ, ਜਗ੍ਹਾ ਨੂੰ ਸੁੰਘ ਲਏਗਾ, ਹਜ਼ਾਰ ਬੰਦੇ 'ਚ ਜਾ ਕੇ ਉਹਨੂੰ ਫੜ ਲਏਗਾ ਕਿ ਆਹ ਬੰਦਾ ਸੀ। ਤੁਰਿਆ ਹੀ ਚਲਿਆ ਜਾਏਗਾ ਓਸ ਪਾਸੇ ਨੂੰ। ਇਹਦਾ ਮਤਲਬ ਹੈ ਸਾਡੀ ਹੋਂਦ ਜਿਹੜੀ ਹੈ ਨਾ, ਜਿਥੋਂ ਦੀ ਅਸੀਂ ਲੰਘਦੇ ਹਾਂ, ਜਿਥੋਂ ਗੱਲਾਂ ਕਰਦੇ ਹਾਂ। ਉਥੇ ਅਸਰ ਪਾ ਰਹੀ ਹੈ ਸਾਰੇ ਹੀ। ਜੇ ਕੋਈ ਮਾੜਾ ਬੰਦਾ ਹੈ, ਉਹਦੇ ਖਿਆਲਾਂ ਦਾ ਅਸਰ ਅੰਨ 'ਚ ਜਾ ਪੈਂਦੈ। ਇਸ ਕਰਕੇ ਰਹਿਤਨਾਮੇ 'ਚ ਆਉਂਦੈ। ਸਾਇੰਟੇਫਿਕ ਚੀਜ਼ ਹੈ -

*ਜਾ ਕੀ ਰਹਿਤ ਨ ਜਾਣੀਐ*
*ਗੁਰਬਾਣੀ ਨਹੀਂ ਰੀਤ।*
*ਤਿਸ ਦੇ ਹਥਹੁੰ ਖਾਧਿਆਂ*
*ਵਿਸਰੇ ਹਰਿ ਕੀ ਪ੍ਰੀਤ।*

ਕਹਿੰਦੇ ਨੇ ਮੇਰਾ ਅੱਜ ਭਜਨ 'ਚ ਚਿੱਤ ਨਹੀਂ ਲਗਦਾ। ਸੋਚ ਕੇ ਦੇਖ ਕੌਣ ਸੀਗਾ, ਜਿਥੋਂ ਤੂੰ ਖਾਧੈ। ਕਿਹੋ ਜਿਹੀ ਰਹਿਤ ਵਾਲਾ ਸੀ ਜਿਹਦੇ ਘਰੋਂ ਤੂੰ ਪਾਣੀ ਪੀਤੈ। ਨਾਮ ਟੁੱਟ ਜਾਂਦੈ।

ਸੋ ਮਹਾਰਾਜ ਕਹਿਣ ਲੱਗੇ, ਮਲਕ ਭਾਗੋ! ਇਹ ਤੂੰ ਪਾਪ ਕਰ ਰਿਹੈ। ਤਪੀਆਂ ਦਾ ਤਪ ਖਤਮ ਕਰ ਰਿਹੈ। ਉਸ ਵੇਲੇ ਮਹਾਰਾਜ ਜੀ ਨੇ ਫੁਰਮਾਨ ਕੀਤਾ,

ਪਿਆਰਿਆ! ਪੁੰਨ ਲੱਗਿਆ ਕਰਦੈ, ਹੱਕ ਦੀ ਕਮਾਈ, ਦਸਾਂ ਨਹੁੰਆਂ ਦੀ ਕਮਾਈ ਨੂੰ। ਰਿਸ਼ਵਤ ਦੀ ਕਮਾਈ ਨੂੰ ਪੁੰਨ ਨਹੀਂ ਲੱਗਿਆ ਕਰਦਾ, ਉਹ ਤਾਂ ਤੂੰ ਉਹਨੂੰ ਵੀ ਪਾਪੀ ਬਣਾ ਦਿਤਾ। ਉਹਦਾ ਵੀ ਭਜਨ ਬੰਦਗੀ ਜਾਂਦਾ ਰਹਿਣੈ।

ਬਾਬਾ ਕਰਮ ਸਿੰਘ ਜੀ ਹੋਤੀ ਮਰਦਾਨ ਵਾਲੇ (ਹਜ਼ਾਰ ਰੁਪਿਆ ਉਹਨਾਂ ਦਿਨਾਂ 'ਚ ਬਹੁਤ ਵੱਡੀ ਰਕਮ ਹੁੰਦੀ) ਹਜ਼ਾਰ ਰੁਪਿਆ ਇਕ ਪ੍ਰੇਮੀ ਮੇਜਿਸਟਰੇਟ ਸੀ ਉਹਨੇ ਆ ਕੇ ਮੱਥਾ ਟੇਕਿਆ।

ਬਾਬਾ ਜੀ ਜੋੜਾ ਪਹਿਨੀਂ ਬੈਠੇ ਸੀ, ਜੋੜੇ ਦੀ ਨੋਕ ਨਾਲ ਆਪ ਨੇ ਪਰ੍ਹੇ ਨੂੰ ਕਰ ਦਿਤਾ। ਥੋੜ੍ਹੀ ਦੇਰ ਬਾਅਦ ਦੂਜੇ ਆਉਂਦੇ ਨੇ, ਉਹ ਭੇਟਾ ਕਰੀ ਜਾਂਦੇ ਨੇ। ਆਪ ਉਵੇਂ ਹੀ ਅਡੋਲ ਬੈਠੇ ਨੇ। ਉਹਨੇ ਹੌਲੀ ਜਿਹੇ ਨਿਗ੍ਹਾ ਬਚਾ ਕੇ ਫੇਰ ਨੇੜੇ ਕਰ ਦਿਤਾ। ਬਾਬਾ ਜੀ ਨੇ ਫੇਰ ਠੇਡਾ ਮਾਰਿਆ। ਐਨੇ ਨੂੰ ਇਕ ਮਾਈ ਆ ਗਈ। ਉਹ ਮਾਈ ਗੰਢਾਂ ਖੋਲ੍ਹੀ ਜਾਂਦੀ ਹੈ।

ਬਾਬਾ ਜੀ ਕਹਿੰਦੇ, ਮਾਤਾ ਉਰ੍ਹੇ ਆ ਸਾਡੇ ਕੋਲ, ਨੇੜੇ ਆ। ਮੈਲੇ ਕੱਪੜੇ ਉਸ ਦੇ, ਬਦਬੂ ਮਾਰਦੀ। ਬੁੱਢੀ ਮਾਈ ਹੈ ਕੋਈ 80 ਸਾਲ ਦੇ ਕਰੀਬ। ਪੰਜ ਪੈਸੇ ਕੱਢੇ ਉਹਨੇ। ਬਾਬਾ ਜੀ ਅੱਗੇ ਹੱਥ ਕਰੇ, ਪੰਜ ਪੈਸੇ ਹੱਥ 'ਚ ਲੈ ਲਏ। ਉਹਦੇ ਮਨ 'ਚ ਖਿਆਲ ਹੋਇਆ ਕਿ ਮੈਂ ਹਜ਼ਾਰ ਰੁਪਿਆ ਰੱਖਿਆ ਹੋਇਐ ਤੇ ਇਹ ਪੰਜ ਪੈਸੇ ਹੱਥ 'ਚ ਚੁਕੀਂ ਫਿਰਦੇ ਨੇ, ਮੇਰੇ ਵਾਲਾ ਨਹੀਂ ਫੜਦੇ। ਜਿਸ ਵਕਤ ਉਹ ਹਟਿਆ ਹੀ ਨਾ, ਬਾਬਾ ਜੀ ਕਹਿੰਦੇ, ਕੀ ਗੱਲ ਪ੍ਰੇਮੀਆਂ! ਤੈਨੂੰ ਕੀ ਕਲਪਨਾ ਜਾਗ ਪਈ? ਆਹ ਹਜ਼ਾਰ ਰੁਪਈਏ ਦੀ? ਸਾਨੂੰ ਪਤੈ ਕਿ ਇਹ ਹਜ਼ਾਰ ਰੁਪਿਆ ਤੂੰ ਕਿਵੇਂ ਲੈ ਕੇ ਆਇਆ ਹੈਂ? 9 ਹਜ਼ਾਰ ਤੂੰ ਰਖਿਐ, ਦਸਵਾਂ ਸਾਨੂੰ ਦੇ ਦਿਤਾ। ਦਸ ਸੰਗਤ ਦੇ ਅੰਦਰ। ਨੀਵੀਂ ਪਾ ਲਈ।

ਕਹਿੰਦੇ, ਸਾਧਸੰਗਤ ਜੀ! ਇਸ ਬੰਦੇ ਨੇ ਰਿਸ਼ਵਤ ਲਈ ਹੈ, ਦਸ ਹਜ਼ਾਰ ਰੁਪਿਆ। ਇਹ ਹਜ਼ਾਰ ਸਾਨੂੰ ਲੈ ਆਇਆ। ਹੁਣ ਜਿਹੜੇ ਸਾਧਾਂ ਦੇ ਅੰਨ ਪਾਵਾਂਗੇ ਅਸੀਂ ਇਹਦਾ ਮੁੱਲ ਲੈ ਕੇ। ਉਹਨਾਂ ਅੰਦਰ ਤਾਂ ਇਹ ਲੋਹੇ ਦੇ ਚਣੇ ਜਾਣਗੇ। ਹਜ਼ਮ ਹੋ ਜਾਊ ਇਹ? ਕਦੋਂ ਦਾ ਕਰੀ ਜਾਂਦੈ ਕਿ ਮੇਰੇ ਪੈਸੇ ਵਲ ਨਹੀਂ ਦੇਖਦੇ। ਸ਼ੁਕਰ ਕਰ ਅਸੀਂ ਇਥੇ ਰੱਖ ਛੱਡਿਐ। ਆਹ ਮਾਈ ਦੇ ਪੰਜ ਪੈਸਿਆਂ ਦੀ ਗੱਲ ਕਰਦੈਂ। ਸਰਬੰਸ ਦਾਨ ਕਰ ਰਹੀ ਹੈ। ਮਾਤਾ! ਦਸ ਕਿਸ ਤਰ੍ਹਾਂ ਨਾਲ ਆਈ ਹੈਂ? ਪੰਜ ਪੈਸੇ ਕਿਵੇਂ ਜੋੜੇ ਨੇ?

ਕਹਿੰਦੀ, ਬਾਬਾ ਜੀ! ਮੇਰਾ ਨਾ ਕੋਈ ਪੁੱਤਰ, ਨਾ ਕੋਈ ਧੀ, ਘਰਵਾਲਾ ਵੀ ਮਰ ਗਿਆ। ਪੁੱਤਰ ਵੀ ਮੇਰੇ ਜਿਉਂਦੇ-ਜਿਉਂਦੇ ਚੜ੍ਹਾਈ ਕਰ ਗਏ। ਮੈਂ ਇਕੱਲੀ ਰਹਿ ਗਈ। ਸਿਹਤ ਮੇਰੀ ਬੁਢਾਪੇ ਦੇ ਕਰਕੇ ਬਹੁਤ ਘਟ ਗਈ। ਤਰਸ ਕਰਕੇ ਮਾਈਆਂ ਮੈਨੂੰ ਰਖ ਲੈਂਦੀਆਂ ਨੇ। ਕਿਸੇ ਦੇ ਮੈਂ ਘਰ ਲਿਪਦੀ ਹਾਂ, ਕਿਸੇ ਦੇ ਮੈਂ ਦਾਣਾ ਪੀਂਹਦੀ ਹਾਂ, ਕਿਸੇ ਦੇ ਬਰਤਨ ਮਾਂਜਦੀ ਹਾਂ। ਮੈਨੂੰ ਪ੍ਰਸ਼ਾਦਾ ਮਿਲ ਜਾਂਦੈ। ਛੇ ਮਹੀਨੇ ਬਾਅਦ ਵਸਤਰ ਦੇ ਦਿੰਦੀਆਂ ਨੇ। ਕਦੇ ਦੀਵਾਲੀ ਹੋਈ, ਦੁਸਹਿਰਾ ਹੋਇਆ, ਵਿਸਾਖੀ ਹੋਈ ਮੈਨੂੰ ਇਕ ਪੈਸਾ ਇਨਾਮ ਵੀ ਮਿਲ ਜਾਂਦੈ। ਕਹਿੰਦੀ, ਸੱਚੇ ਪਾਤਸ਼ਾਹ! ਇਕ ਸਾਲ ਦੇ ਵਿਚ ਮੈਂ ਪੰਜ ਪੈਸੇ ਜੋੜੇ ਨੇ। 30 ਮੀਲ ਤੋਂ ਮੈਂ ਆ ਰਹੀ ਹਾਂ। ਕਿਉਂਕਿ ਮੇਰੇ ਕੋਲ ਕਿਰਾਇਆ ਨਹੀਂ ਸੀ ਤਾਂਗੇ ਵਾਲੇ ਨੂੰ ਦੇਣ ਵਾਸਤੇ, ਸੋ ਮੈਂ ਪੈਦਲ 10 ਮੀਲ ਰੋਜ਼ ਸਫਰ ਕਟਦੀ ਸੀ ਤੇ ਅੱਜ ਤੀਸਰੇ ਦਿਨ ਤੁਹਾਡੇ ਚਰਨਾਂ ਦੇ ਵਿਚ ਪਹੁੰਚੀ ਹਾਂ।

ਕਹਿੰਦੇ, ਕਿਉਂ ਬਈ ਪ੍ਰੇਮੀਆਂ! ਤੇਰੇ ਪੈਸੇ ਦਾ ਤੇ ਇਹਦੇ ਪੈਸੇ ਦਾ ਕੀ ਮੁਕਾਬਲਾ ਹੈ। ਇਹਦਾ ਇਕ ਪੈਸਾ ਅਸੀਂ ਲੰਗਰ 'ਚ ਪਾ ਦੇਈਏ। ਸਭ ਦੀ ਬਿਰਤੀ ਲਗ ਜਾਣੀ ਹੈ। ਤੇਰਾ ਪਾ ਦੇਈਏ ਰੁਪਈਆ ਸਾਰਿਆਂ ਦੀ ਬਿਰਤੀ ਲੱਗੀ ਹੋਈ ਟੁੱਟਣੀ ਹੈ। ਸਾਰੇ ਉਠ ਕੇ ਤੁਰ ਪੈਣੇ ਨੇ ਭਜਨ ਕਰਨ ਵਾਲੇ ਕਿ ਆਹ ਕੀ ਹੋ ਗਿਆ। ਅੱਜ ਨਾਮ 'ਚ ਚਿੱਤ ਹੀ ਨਹੀਂ ਲਗਦਾ।

ਕਹਿੰਦੇ, ਸਾਡੇ ਗੁਰੂ ਮਹਾਰਾਜ ਨੇ ਤਾਂ –

*ਘਾਲਿ ਖਾਇ ਕਿਛੁ ਹਥਹੁ ਦੇਇ ॥*
*ਨਾਨਕ ਰਾਹੁ ਪਛਾਣਹਿ ਸੇਇ ॥ ੧ ॥ ਅੰਗ- ੧੨੪੫*

*ਨਾਨਕ ਅਗੈ ਸੋ ਮਿਲੈ ਜਿ ਖਟੇ ਘਾਲੇ ਦੇਇ ॥*
*ਅੰਗ- ੪੭੨*

ਇਹ ਜਿਹੜੀ ਪਾਪ ਕਰਕੇ ਤੂੰ ਮਾਇਆ ਜੋੜੀ ਹੈ, ਮਹਾਰਾਜ ਮਲਕ ਭਾਗੋ ਨੂੰ ਕਹਿਣ ਲੱਗੇ, ਮਲਕ! ਇਹ ਪਾਪ ਦੇ ਢੇਰ ਲਾਏ ਨੇ। ਇਹ ਦੁਨੀਆਂ ਜਿਹੜੀ ਹੈ ਇਹ ਸਦਾ ਰਹਿਣ ਵਾਸਤੇ ਨਹੀਂ ਹੈ। ਇਹ ਦੁਨੀਆਂ ਤਾਂ ਜਿੰਨੇ ਵੀ ਸੰਸਾਰ ਦੇ ਉਤੇ ਵੱਡੇ-ਵੱਡੇ ਆਏ ਨੇ –

*ਜੋਗੀ ਜਤੀ ਬ੍ਰਹਮਚਾਰੀ, ਵੱਡੇ-ਵੱਡੇ ਛਤ੍ਰਧਾਰੀ।*
*ਛਤ੍ਰ ਹੀ ਕੀ ਛਾਇਆ ਕਈ ਕੋਸ ਲੌ ਚਲਤ ਹੈ।*

ਉਹ ਵੀ ਸਾਰੇ ਚਲੇ ਗਏ। ਇਹ ਰਹਿਣ ਵਾਲਾ ਥਾਂ ਨਹੀਂ। ਇਸ ਤਰ੍ਹਾਂ ਪੜ੍ਹ ਲਓ –

*ਧਾਰਨਾ - ਛੱਡ ਜਾਵਣੀ ਇਹ ਦੁਨੀਆਂ ਰੰਗੀਲੀ,*
*ਨੰਗਾ ਜਾਵੇ ਦੋਜਕਾਂ ਨੂੰ।*
*ਕਪੜੁ ਰੂਪੁ ਸੁਹਾਵਣਾ ਛਡਿ ਦੁਨੀਆ ਅੰਦਰਿ ਜਾਵਣਾ ॥*
*ਮੰਦਾ ਚੰਗਾ ਆਪਣਾ ਆਪੇ ਹੀ ਕੀਤਾ ਪਾਵਣਾ ॥*

*ਹੁਕਮ ਕੀਏ ਮਨਿ ਭਾਵਦੇ ਰਾਹਿ ਭੀੜੈ ਅਗੈ ਜਾਵਣਾ ॥*
*ਨੰਗਾ ਦੋਜਕਿ ਚਾਲਿਆ ਤਾ ਦਿਸੈ ਖਰਾ ਡਰਾਵਣਾ ॥*
*ਕਰਿ ਅਉਗਣ ਪਛੋਤਾਵਣਾ ॥ ੧੪ ॥ ਅੰਗ- ੪੭੦*

ਮਲਕ ਜੀ! ਇਹ ਰਹਿਣ ਵਾਲਾ ਥਾਉਂ ਨਹੀਂ ਹੈ। ਇਥੇ ਨਾ ਕਿਸੇ ਦੀ ਕੋਈ ਮੇਰ ਹੈ। ਇਹ ਸਰ੍ਹਾਂ ਦੀ ਮੇਰ ਕਰਦੈਂ ਕਿ ਮੇਰੇ ਘਰ ਨੇ, ਮੇਰੇ ਮਕਾਨ ਨੇ। ਮੇਰੀ ਜਾਇਦਾਦ ਹੈ। ਮੇਰਾ ਫਾਰਮ ਹੈ, ਮੇਰਾ ਧਨ ਹੈ। ਨਾ ਪਿਆਰਿਆ! ਇਹ ਨਹੀਂ ਕਿਸੇ ਦਾ –

*ਧਾਰਨਾ – ਨਾ ਕਿਸੇ ਦੇ ਘਰ ਬਾਰ,*
*ਕਿਸੇ ਦੀ ਨਾ ਇਹ ਦੁਨੀਆਂ।*

*ਧਾਰਨਾ – ਕਾਲੇ ਲੇਖ ਨਾ ਲਿਖੀਂ ਓ ਮਨਾਂ ਮੇਰਿਆ,*
*ਲੇਖਾ ਦੇਣਾ ਔਖਾ ਹੋ ਜੂਗਾ।*

*ਫਰੀਦਾ ਜੇ ਤੂ ਅਕਲਿ ਲਤੀਫੁ ਕਾਲੇ ਲਿਖੁ ਨ ਲੇਖ ॥*
*ਆਪਨੜੇ ਗਿਰੀਵਾਨ ਮਹਿ ਸਿਰੁ ਨੀਂਵਾਂ ਕਰਿ ਦੇਖੁ ॥*
*ਅੰਗ- ੧੩੭੮*

*ਧਾਰਨਾ – ਧਨ ਜੋਬਨ ਫੁਲਾਂ ਦੀਆਂ ਵਾੜੀਆਂ,*
*ਖਿੜੀਆਂ ਨਾ ਸਦਾ ਰਹਿਣੀਆਂ।*

*ਧਨੁ ਜੋਬਨੁ ਅਰੁ ਫੁਲੜਾ ਨਾਠੀਅੜੇ ਦਿਨ ਚਾਰਿ ॥*
*ਪਬਣਿ ਕੇਰੇ ਪਤ ਜਿਉ ਢਲਿ ਢੁਲਿ ਜੁੰਮਣਹਾਰ ॥*
*ਰੰਗੁ ਮਾਣਿ ਲੈ ਪਿਆਰਿਆ ਜਾ ਜੋਬਨੁ ਨਉ ਹੁਲਾ ॥*
*ਦਿਨ ਥੋੜੜੇ ਥਕੇ ਭਇਆ ਪੁਰਾਣਾ ਚੋਲਾ ॥੧॥ ਰਹਾਉ॥*
*ਅੰਗ – ੨੩*

ਮਲਕ ਜੀ! ਇਹ ਦੁਨੀਆਂ ਦੇ ਵਾਸਤੇ ਤੂੰ ਪਾਪ ਕਰਦੈਂ, ਤੇਰੇ ਨਾਲ ਇਕ ਵੀ ਚੀਜ਼ ਨਹੀਂ ਜਾਣੀ। ਤੇਰੇ ਕੀਤੇ ਹੋਏ ਕਰਮਾਂ ਦਾ ਜਦੋਂ ਲੇਖਾ ਦੇਣਾ ਪੈਣੈ। ਉਸ ਵੇਲੇ ਪਛਤਾਏਂਗਾ। ਐਨਾ ਮਹਾਰਾਜ ਨੇ ਕਿਹਾ, ਖੜ੍ਹਾ ਦੇਖਦਾ ਹੈ। ਕਦੇ ਅੰਦਰ ਜਾਂਦੈ। ਪਾਪ ਸਾਮ੍ਹਣੇ ਨਕਸ਼ਾ ਬਣ-ਬਣ ਆਉਂਦੇ ਨੇ। ਪਰ ਅਜੇ ਢਲਿਆ ਨਹੀਂ ਹੈ। ਮਹਾਰਾਜ ਚਲੇ ਗਏ।

ਕਹਿਣ ਲੱਗਿਆ, ਚੇਟਕੀ ਫਕੀਰ ਹੈ। ਮੇਰੇ ਖਾਣੇ ਦੇ ਵਿਚ ਲਹੂ ਕੋਈ ਨਹੀਂ ਸੀ, ਉਹਨੇ ਨਿਗ੍ਹਾ ਬੰਨ੍ਹ ਕੇ ਦਿਖਾ ਦਿਤਾ। ਮਨ ਵਿਚ ਆਇਆ ਕਿ ਮੈਂ ਇਸ ਤਪੇ ਨੂੰ ਦਿਖਾਊਂਗਾ, ਜਿਹੜੀ ਇਹਨੇ ਮੇਰੀ ਬੇਇਜ਼ਤੀ ਕਰੀ ਹੈ। ਇਹਦਾ ਬਦਲਾ ਲੈ ਕੇ ਛੱਡਾਂਗਾ। ਉਥੇ ਦਾ ਹੀ ਕਿਲ੍ਹੇਦਾਰ ਜ਼ਾਲਮ ਖਾਨ ਜਿਸ ਦਾ ਨਾਮ ਸੀ, ਉਹਦਾ ਲੜਕਾ ਬਿਮਾਰ ਹੋ ਗਿਆ। ਇਹ ਗਿਆ ਖਬਰ ਕਰਨ ਵਾਸਤੇ। ਕਹਿੰਦਾ, ਨਵਾਬ ਸਾਹਿਬ! ਦੇਖੋ ਕਿੰਨੇ ਪੀਰ, ਫਕੀਰ ਇਥੇ ਨੇ। ਇਹਨਾਂ ਨੂੰ ਕਹੋ, ਇਹ ਵਿਹਲੀਆਂ ਰੋਟੀਆਂ ਖਾਂਦੇ ਨੇ। ਨਾ ਕੁਛ ਕੰਮ ਕਰਦੇ ਨੇ। ਤੁਹਾਡਾ ਲੜਕਾ ਨਹੀਂ ਰਾਜ਼ੀ ਕਰ ਸਕਦੇ? ਹੁਕਮ ਲਵਾ ਦਿਤਾ ਕਿ ਸਾਰੇ ਪੀਰ ਫਕੀਰ ਫੜ ਲਓ। ਸ੍ਰੀ ਗੁਰੂ ਨਾਨਕ ਸਾਹਿਬ ਰਹਿ ਗਏ। ਕਹਿਣ ਲੱਗਿਆ, ਮਹਾਰਾਜ! ਜਿਹੜਾ ਅਸਲੀ ਸੀ, ਉਹ ਤਾਂ ਫੜਿਆ ਹੀ ਨਹੀਂ ਤੁਸੀਂ।

ਕੌਣ ਹੈ?

ਕਹਿੰਦਾ, ਨਾਨਕ ਤਪਾ। ਖੁਸ਼ ਹੋ ਗਿਆ ਕਿ ਮੈਂ ਅੱਜ ਬਦਲਾ ਲਵਾਂਗਾ। (ਸ੍ਰੀ) ਗੁਰੂ ਨਾਨਕ ਜੀ ਤੋਂ।

ਸ੍ਰੀ ਗੁਰੂ ਨਾਨਕ ਪਾਤਸ਼ਾਹ ਜੀ ਕੋਲ ਬੰਦੇ ਜਾਂਦੇ ਨੇ ਪੰਜ, ਕਹਿਣ ਲੱਗੇ ਜਾ ਕੇ ਕਿ ਕਿਲ੍ਹੇਦਾਰ ਜੋ ਜ਼ਾਲਮ ਖਾਨ ਹੈ, ਉਹ ਤੁਹਾਨੂੰ ਬੁਲਾਉਂਦਾ ਹੈ। ਲੜਕਾ ਬਿਮਾਰ ਹੈ। ਮਹਾਰਾਜ ਆ ਗਏ। ਅੰਦਰ ਬੰਦ ਕਰ ਦਿਤੇ। ਉਸ ਤੋਂ ਬਾਅਦ, ਮਲਕ ਭਾਗੋ ਤੇ ਜ਼ਾਲਮ ਖਾਨ ਦੋਵੇਂ ਇਕੱਠੇ ਹੋ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਕੋਲ ਆਉਂਦੇ ਨੇ, ਬਾਕੀਆਂ ਨਾਲ ਤਾਂ ਗੱਲ ਨਹੀਂ ਕਰੀ। ਸਿੱਧਾ ਹੀ ਸ੍ਰੀ ਗੁਰੂ ਨਾਨਕ ਸਾਹਿਬ ਜੀ ਨੂੰ ਕਹਿਣ ਲੱਗੇ, ਕਹਿੰਦਾ, ਜੀ ਆਹ ਤਪਾ ਹੈ ਜਿਹਨੇ ਸਾਰੀ ਮਰਿਯਾਦਾ ਵਿਗਾੜੀ ਹੈ। ਮੇਰੇ ਘਰ ਵੀ ਇਹਨੇ ਕਰਾਮਾਤ ਚੇਟਕ ਕਰਿਆ ਹੈ ਤੇ ਮੇਰੇ ਖਾਣੇ ਵਿਚੋਂ ਖ਼ੂਨ ਕੱਢ ਦਿਤਾ ਤੇ ਸ਼ੂਦਰ ਦੀ ਸੁੱਕੀ ਹੋਈ ਰੋਟੀ ਵਿਚੋਂ ਦੁੱਧ ਕੱਢ ਦਿਤਾ। ਕਹਿੰਦਾ, ਇਹ ਨਜ਼ਰ ਬੰਨ੍ਹ ਦਿੰਦੈ। ਇਸ ਤੋਂ ਬੇਟਾ ਰਾਜ਼ੀ ਕਰਵਾ ਲਓ।

ਉਹ ਕਹਿਣ ਲੱਗਿਆ, ਤਪਾ ਜੀ! ਮੇਰੇ ਲੜਕੇ ਨੂੰ ਰਾਜ਼ੀ ਕਰ ਦਿਓ।

ਮਹਾਰਾਜ ਕਹਿੰਦੇ, ਜੇ ਨਾ ਕਰਿਆ, ਫੇਰ ਕੀ ਕਰੇਂਗਾ?

ਕਹਿੰਦਾ, ਮੈਂ ਫੇਰ ਸਜ਼ਾ ਦੇਵਾਂਗਾ।

ਮਹਾਰਾਜ ਕਹਿੰਦੇ, ਤੂੰ ਰਹਿਮ ਮੰਗ ਰਿਹਾ ਹੈਂ, ਫਜ਼ਲ ਮੰਗ ਰਿਹੈਂ, ਇਹ ਕਦੇ ਜ਼ੋਰ ਨਾਲ ਵੀ ਮਿਲਦੈ? ਤੈਨੂੰ ਕਿਸੇ ਨੇ ਦਸਿਆ ਨਹੀਂ ਕਿ ਪੀਰਾਂ-ਫਕੀਰਾਂ ਦੇ ਕੋਲ ਜਾ ਕੇ ਤਾਂ ਨੱਕ ਰਗੜਨੇ ਪੈਂਦੇ ਨੇ ਤਾਂ ਕੁਛ ਮਿਲ ਜਾਏ, ਮਿਲ ਜਾਏ। ਜ਼ੋਰ ਨਾਲ ਪਿਆਰਿਆ ਜ਼ੋਰ ਪੈਦਾ ਹੋਏਗਾ। ਜ਼ੋਰ ਵਿਚੋਂ ਦੁਖ ਪੈਦਾ ਹੋਣਗੇ। ਜ਼ੋਰ ਜ਼ਬਰ ਨਾਲ ਨਹੀਂ ਗੱਲ ਬਣਿਆ ਕਰਦੀ। ਇਸ ਤਰ੍ਹਾਂ ਪੜ੍ਹ ਲਓ –

*ਧਾਰਨਾ – ਕਿਥੋਂ ਭਾਲਦੈਂ ਤੂੰ ਦਾਖ ਬਿਜੋਰੀਆਂ,*
*ਕਿੱਕਰਾਂ ਦੇ ਬੀਜ ਬੀਜ ਕੇ।*

*ਫਰੀਦਾ ਲੋੜੈ ਦਾਖ ਬਿਜਉਰੀਆਂ ਕਿਕਰਿ ਬੀਜੈ ਜਟੁ ॥*
*ਹੰਢੈ ਉਂਨ ਕਤਾਇਦਾ ਪੈਧਾ ਲੋੜੈ ਪਟੁ ॥*
*ਅੰਗ- ੧੩੭੯*

ਕਿਉਂ ਬਈ ਖਾਨ ਸਾਹਿਬ! ਤੂੰ ਬੀਜੇਂ ਕਿੱਕਰਾਂ ਤੇ ਫਲ ਅੰਗੂਰ ਭਾਲੇਂ, ਮਿਲਦੈ?

ਕਹਿੰਦਾ, ਨਹੀਂ।

ਕਹਿੰਦੇ, ਬੀਜੇ ਤੂੰ ਜ਼ੋਰ ਤੇ ਜਬਰ, ਜ਼ੁਲਮ ਤੇ ਫਲ ਭਾਲਦੈਂ ਤੂੰ ਰਹਿਮਤਾਂ ਤੇ ਫਜ਼ਲ ਦੇ? ਮਿਲਦੀ ਹੈ?

ਸੁਰਤ ਆ ਗਈ। ਕਹਿੰਦਾ, ਨਹੀਂ ਦਰਵੇਸ਼ ਮੇਰੀ ਗੁਸਤਾਖੀ ਹੈ। ਸੱਚਮੁੱਚ ਤੁਸੀਂ ਸੱਚ ਬੋਲਦੇ ਹੋ, ਫਜ਼ਲ ਦੀ ਬਰਕਤ ਤੇ ਰਹਿਮਤ ਜੋ ਹੈ, ਇਹ ਨਿਮਰਤਾ ਨਾਲ ਮਿਲਿਆ ਕਰਦੀ ਹੈ। ਮੇਰੇ ਤੋਂ ਬੜੀ ਭੁੱਲ ਹੋਈ। ਕਹਿੰਦੇ, ਖਾਨ ਜਿਹੜੇ ਬੱਚੇ ਵਾਸਤੇ ਤੂੰ ਸਾਰੇ ਸਾਧੂਆਂ ਨੂੰ ਕੈਦ ਕਰਿਆ ਹੈ, ਉਹ ਤਾਂ ਮਰ ਚੁੱਕਿਆ ਹੈ। ਜਾਹ, ਘਰ ਖਬਰ ਮੰਗਾ। ਜਦੋਂ ਖਬਰ ਮੰਗਾਈ। ਰੋਣਾ ਪਿਟਣਾ ਪਿਆ ਹੋਇਆ ਹੈ। ਚਰਨ ਫੜ ਲਏ। ਕਹਿੰਦਾ, ਹੇ ਦਰਵੇਸ਼ ਸਾਈਂ! ਕ੍ਰਿਪਾ ਕਰੋ, ਮੇਰੇ ਤੋਂ ਭੁੱਲ ਹੋ ਗਈ।

ਕਹਿੰਦੇ, ਨਵਾਬ! ਤੁਸੀਂ ਜ਼ੋਰ ਜ਼ਬਰ ਕਰਿਐ। ਮਲਕ ਨੇ ਵੀ ਜ਼ੋਰ ਜ਼ਬਰ ਕਰਿਆ ਹੈ, ਲੋਕਾਂ ਦੀ ਕਮਾਈ ਨੂੰ ਖੂਨ ਬਣਾਇਆ ਹੈ। ਜਬਰ ਕਰਕੇ ਖੂਨ ਸਾਧੂਆਂ ਨੂੰ ਖਲਾਉਂਦੈ। ਕਹਿੰਦੇ, ਪੁੰਨ ਭਾਲਦੈ ਇਹ? ਤੁਹਾਨੂੰ ਸਜ਼ਾ ਦੇਣ ਵਾਲਾ ਆ ਰਿਹੈ, ਹਿੰਦੁਸਤਾਨ ਦੀ ਹੱਦ ਪਾਰ ਕਰ ਰਿਹੈ –

*ਕਾਇਆ ਕਪੜੁ ਟੁਕੁ ਟੁਕੁ ਹੋਸੀ*
*ਹਿਦੁਸਤਾਨੁ ਸਮਾਲਸੀ ਬੋਲਾ ॥* *ਅੰਗ- ੭੨੩*

ਕਹਿੰਦੇ, ਤੁਹਾਡੇ ਪਾਪਾਂ ਨੂੰ ਫਲ ਲੱਗਣ ਵਾਲਾ ਹੈ। ਕਹਿੰਦੇ, ਇਥੇ ਲਾਸ਼ਾਂ ਹੀ ਲਾਸ਼ਾਂ ਪਈਆਂ ਹੋਣਗੀਆਂ ਮੈਦਾਨੇ ਜੰਗ ਦੇ ਅੰਦਰ। ਤੁਸੀਂ ਕੀ ਭਾਲਦੇ ਹੋਂ। ਲੁੱਟ ਦਾ ਮਾਲ ਜਿਹਦੇ ਕੋਲ ਹੈ, ਉਹਦੀ ਖੁਆਰੀ ਹੋ ਜਾਣੀ ਹੈ। ਤੁਸੀਂ ਹੁਣ ਖੁਸ਼ ਹੋ ਰਹੇ ਹੋਂ ਲੁੱਟ-ਲੁੱਟ ਕੇ ਦੁਨੀਆਂ ਨੂੰ, ਤੁਹਾਡੀ ਹੀ ਖੁਆਰੀ ਹੋਣੀ ਹੈ –

*ਜਿਸੁ ਸਿਕਦਾਰੀ ਤਿਸਹਿ ਖੁਆਰੀ ਚਾਕਰ ਕੇਹੇ ਡਰਣਾ ॥*
*ਜਾ ਸਿਕਦਾਰੈ ਪਵੈ ਜੰਜੀਰੀ ਤਾ ਚਾਕਰ ਹਥਹੁ ਮਰਣਾ ॥*
*ਅੰਗ- ੯੦੨*

ਡਰ ਗਿਆ, ਭਵਿੱਖ ਬਾਣੀ ਸਹਾਰ ਨਾ ਸਕਿਆ। ਚਰਨ ਫੜ ਲਏ। ਮਹਾਰਾਜ ਕਹਿੰਦੇ, ਪਿਆਰਿਆ! ਹੁਣ ਜਿਹੜੇ ਕਰਮ ਕਰੇ ਨੇ ਉਹ ਤਾਂ ਤੁਹਾਨੂੰ ਭੋਗਣੇ ਹੀ ਪੈਣੇ ਨੇ –

*ਧਾਰਨਾ – ਫਲ ਦਿਤਿਆਂ ਬਾਝ ਨਾ ਜਾਣਾ,*
*ਤੇਰਿਆਂ ਕਰਮਾਂ ਨੇ, ਪਿਆਰਿਆ।*

*ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ ॥*
*ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ ॥*
*ਅੰਗ – ੪੩੩*

ਰਹਿਮਤ ਦੇ ਘਰ ਵਿਚ ਆ ਗਏ ਮਹਾਰਾਜ। ਮਹਾਰਾਜ ਕਹਿੰਦੇ, ਭਾਈ ਲਾਲੋ! ਸੁੱਕਾ ਟੁੱਕਰ ਲੈ ਕੇ ਆ। ਬਚਿਆ ਹੋਇਆ ਹੈ ਕੋਈ? ਦੌੜਿਆ ਗਿਆ ਘਰ ਨੂੰ, ਘਰ ਤੋਂ ਕੋਧਰੇ ਦੀ ਰੋਟੀ ਲੈ ਕੇ ਆ ਗਿਆ। ਕਹਿੰਦੇ, ਲਿਆ ਆਪਣੇ ਪੁੱਤਰ ਨੂੰ। ਪੁੱਤਰ ਨੂੰ ਚੁਕ ਲਿਆਂਦਾ, ਮੁਰਦਾ ਪਿਆ ਹੈ। ਕਹਿੰਦੇ, ਲਾ ਦੇ ਇਹਦੇ ਬੁੱਲਾਂ ਨਾਲ ਪ੍ਰਸ਼ਾਦਾ। ਦੇਖ, ਕਿਰਤ ਦੀ ਜੋ ਮਹੱਤਤਾ ਹੈ, ਦਸਾਂ ਨੌਹਾਂ ਦੀ ਕਿਰਤ ਵਿਚ ਕਿੰਨੀ ਬਰਕਤ ਹੈ। ਮੁਰਦੇ ਵੀ ਜਿਉਂਦੇ ਹੋ ਜਾਇਆ ਕਰਦੇ ਨੇ। ਪਾਪ ਦੀ ਕਮਾਈ ਨਾਲ ਜਿਉਂਦੇ ਵੀ ਮਰ ਜਾਇਆ ਕਰਦੇ ਹਨ। ਬੱਚਾ ਉਠ ਕੇ ਬੈਠ ਗਿਆ, ਬਾਰ-ਬਾਰ ਚਰਨਾਂ 'ਤੇ ਸਿੱਜਦਾ ਕਰਦੈ।

ਮਲਕ ਭਾਗੋ ਨੇ ਦੇਖਿਆ ਕਿ ਮੈਂ ਤਾਂ ਪਿੱਛੇ ਰਹਿ ਗਿਆ। ਆ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਚਰਨ ਫੜ ਲਏ। ਕਹਿੰਦਾ, ਹੇ ਨਾਨਕ! ਤੁਸੀਂ ਸੱਚਮੁੱਚ ਬਹੁਤ ਵੱਡੇ ਹੋਂ। ਮੈਂ ਤੁਹਾਡੀਆ ਰਮਜ਼ਾਂ ਨੂੰ ਸਮਝਿਆ ਨਾ। ਮੈਂ ਈਰਖਾ 'ਚ ਰਹਿ ਗਿਆ, ਮੈਂ ਜਾਤ ਦੇ ਗੁਮਾਨ 'ਚ ਰਹਿ ਗਿਆ। ਮੈਂ ਆਪਣੀ ਅਮੀਰੀ 'ਚ ਰਹਿ ਗਿਆ। ਸੱਚਮੁੱਚ ਮੈਂ ਦੁਨੀਆਂ ਲੁੱਟੀ ਹੈ।

ਮਹਾਰਾਜ ਕਹਿੰਦੇ, ਸੁੱਖ ਚਾਹੁੰਦੈ ਤਾਂ ਵੰਡ ਦੇ ਪਾਪ ਦੀ ਕਮਾਈ। ਮੋੜ ਦੇ ਜਿਹਨਾਂ ਤੋਂ ਲਿਐ। ਫੇਰ ਸੁਖੀ ਹੋ ਜਾਏਂਗਾ। ਨਹੀਂ ਤਾਂ ਪਿਆਰਿਆ! ਉਹ ਆ ਰਿਹੈ ਸਜ਼ਾ ਦੇਣ ਵਾਲਾ। ਆ ਤੁਹਾਡੇ ਮਹਿਲਾਂ ਦੇ ਕਿੰਗਰੇ ਧਰਤੀਆਂ 'ਤੇ ਹੋਣਗੇ। ਪਤਾਂ ਲੁੱਟੀਆਂ ਜਾਣਗੀਆਂ। ਜਵਾਨੀਆਂ ਮਿੱਟੀ 'ਚ ਰੁਲਣਗੀਆਂ ਧਰਤੀ ਦੇ ਉਤੇ। ਮਾਲਕ ਦਾ ਭਾਣਾ ਵਰਤਣ ਵਾਲਾ ਹੀ ਹੈ। ਹੋ ਸਾਵਧਾਨ! ਲੈ ਨਾਮ ਦੀ ਸ਼ਰਨ ਜੇ ਤੂੰ ਬਚਣੈ। ਹੋਰ ਕੋਈ ਬਚਣ ਦਾ ਤਰੀਕਾ ਨਹੀਂ। ਜ਼ਾਲਮ ਖਾਨ ਸ੍ਰੀ ਗੁਰੂ ਨਾਨਕ ਪਾਤਸ਼ਾਹ ਦੇ ਚਰਨ ਦੇ ਉਤੇ ਰੱਖੀਂ ਬੈਠਾ ਮਸਤਕ। ਦੂਸਰੇ 'ਤੇ ਮਲਕ ਭਾਗੋ ਆਪਣਾ ਮਸਤਕ ਰਖੀਂ ਬੈਠੈ। ਹੇ ਨਾਨਕ! ਹੇ ਪ੍ਰਭੂ! ਹੁਣ ਤੂੰ ਸਾਨੂੰ ਬਖਸ਼ ਦੇ, ਸਾਡੇ ਤੋਂ ਭੁੱਲ ਹੋ ਗਈ। ਸਾਨੂੰ ਨਹੀਂ ਸੀ ਪਤਾ ਕਿਸੇ ਗੱਲ ਦਾ। ਸੋ ਉਸ ਵੇਲੇ ਮਹਾਰਾਜ ਜੀ ਨੇ ਕ੍ਰਿਪਾ ਕੀਤੀ। ਨਾਮ ਦੀ ਦਾਤ ਦੇ ਕੇ ਦੋਹਾਂ ਨੂੰ ਸ਼ਾਂਤੀ ਤੇ ਪ੍ਰਮੇਸ਼ਰ ਦਾ ਰਾਹ ਦਸਿਆ ਤੇ ਨਾਲ ਕਿਰਤ ਦੀ ਬਰਕਤ ਬਾਰੇ ਆਪ ਨੇ ਸਾਰਾ ਦਸਿਆ ਕਿ ਧਰਮ ਦੀ ਕਿਰਤ ਜਿਹੜੀ ਹੈ, ਇਹ ਸੁੱਚੀ ਕਿਰਤ ਹੋਇਆ ਕਰਦੀ ਹੈ। ਦੂਸਰੀ ਜਿਹੜੀ ਕਿਰਤ ਹੈ, ਇਹ ਚਾਰ ਦਿਨ ਦਾ ਚਮਤਕਾਰ ਹੈ –

*ਬਹੁ ਪਰਪੰਚ ਕਰਿ ਪਰ ਧਨੁ ਲਿਆਵੈ ॥*
*ਸੁਤ ਦਾਰਾ ਪਹਿ ਆਨਿ ਲੁਟਾਵੈ ॥ ੧ ॥*
*ਮਨ ਮੇਰੇ ਭੂਲੇ ਕਪਟੁ ਨ ਕੀਜੈ ॥*
*ਅੰਤਿ ਨਿਬੇਰਾ ਤੇਰੇ ਜੀਅ ਪਹਿ ਲੀਜੈ ॥ ੧ ॥ ਰਹਾਉ ॥*
*ਛਿਨੁ ਛਿਨੁ ਤਨੁ ਛੀਜੈ ਜਰਾ ਜਨਾਵੈ ॥*

*ਤਬ ਤੇਰੀ ਓਕ ਕੋਈ ਪਾਨੀਓ ਨ ਪਾਵੈ ॥ ੨ ॥*

*ਅੰਗ- ੬੫੬*

ਬੜਾ ਔਖਾ ਹੈ ਸਾਧਸੰਗਤ ਜੀ ਬਚਣਾ।

ਮੈਂ ਇਕ ਵਾਕਿਆ ਦਸਦਾਂ, ਫੌਜ ਵਿਚ ਸੀਗਾ ਮੈਂ। ਉਥੇ ਇਕ ਠੇਕਾ ਕਰਨਾ ਸੀ। ਠੇਕੇ ਮੈਂ ਕਰਿਆ ਕਰਦਾ ਸੀ। ਕੁਆਰਟਰ ਮਾਸਟਰ ਬਰਾਂਚ ਵਿਚ ਸੀ। ਠੇਕਾ ਕਰਿਆ ਘਾਹ ਦਾ, ਉਹਨੇ ਸਾਰੀ ਕਾਰਵਾਈ ਆਪਣੇ ਹੱਥ ਕਰ ਲਈ। ਮੈਂ ਆ ਕੇ ਜਦੋਂ ਲਿਖਣ ਲੱਗਿਆ, ਮੇਰੀ ਬਾਂਹ ਫੜ ਕੇ ਬਾਹਰ ਲੈ ਗਿਆ। ਉਥੇ ਬਾਗ ਸੀਗਾ ਦਫ਼ਤਰ 'ਚ। ਹੁਕਮ ਚੰਦ ਸੀ ਉਹਦਾ ਨਾਮ। ਤਿੰਨ ਹਜ਼ਾਰ ਰੁਪਿਆ ਕੱਢਿਆ 1942 ਦਾ। ਇਹਨੂੰ 100 ਨਾਲ ਜ਼ਰਬ ਦੇ ਲਓ ਹੁਣ। ਕਿਉਂਕਿ ਉਸ ਵੇਲੇ ਦਾ 1 ਰੁਪਈਆ ਅੱਜ ਦਾ 100 ਰੁਪਈਆ। ਮੈਂ ਕਿਹਾ, ਕੀ ਗੱਲ? ਕਹਿੰਦਾ, ਲਿਖਿਓ ਨਾ ਮੇਰੇ ਖਿਲਾਫ਼। ਮੈਂ ਕਿਹਾ, ਰੇਟ ਬੜਾ ਜ਼ਿਆਦਾ ਹੈ। ਕਹਿੰਦਾ, ਤੁਹਾਨੂੰ ਇਸ ਗੱਲ ਤੋਂ ਕੀ। ਮੈਂ ਵੱਡੇ ਅਫ਼ਸਰਾਂ ਤੋਂ, ਸਾਰਿਆਂ ਤੋਂ ਮਨਜ਼ੂਰੀ ਲੈ ਲਈ ਹੈ। ਉਹ ਕਹਿੰਦੇ, ਲਿਆ ਠੀਕ ਹੈ। ਭੇਟਾ ਮੈਂ ਚਾੜ੍ਹ ਦਿਤੀ, ਸਾਰੀ ਫੀਸ ਉਹਨਾਂ ਦੀ। ਮੈਂ ਕਿਹਾ, ਇਹ ਤਾਂ ਗੱਲ ਹੁਕਮਚੰਦ ਹੋਣੀ ਨਹੀਂ। ਐਨੇ ਨੂੰ ਬਰੇਕ ਹੋ ਗਈ। ਮੈਂ ਘਰ ਚਲਿਆ ਗਿਆ। ਬੀਬੀ ਨੇ ਪ੍ਰਸ਼ਾਦਾ ਲਿਆ ਦਿਤਾ। ਪਹਿਲਾਂ ਹੀ ਆ ਗਿਆ। ਆ ਕੇ 10,000 ਰੁਪਿਆ ਰਖ ਦਿਤਾ, ਮੰਜੇ 'ਤੇ। ਇਸ ਤਰ੍ਹਾਂ ਸਮਝ ਲਓ, 10 ਲੱਖ ਅੱਜ ਦਾ ਰੱਖ ਦਿਤਾ। ਮੈਂ ਕਿਹਾ, ਕੀ ਚਾਹੁੰਦਾ ਹੈਂ ਤੂੰ? ਕਹਿੰਦਾ, ਮੈਂ ਤੁਹਾਡੇ ਤੋਂ ਨਹੀਂ ਕੁਛ ਵੀ ਕਰਾਉਣਾ। ਤੁਸੀਂ ਹੁਣ ਅੱਧਾ ਦਿਨ ਦਫ਼ਤਰ ਨਾ ਜਾਇਓ। ਆਹ ਡਾਕਟਰ ਦੀ ਲਿਖੀ ਹੋਈ ਛੁੱਟੀ ਹੈ। ਸਿਰਫ ਤੁਸੀਂ ਦਸਤਖ਼ਤ ਕਰਨੇ ਨੇ। ਉਪਰਲੇ ਅਫ਼ਸਰ ਤੋਂ ਦੇਖ ਲਓ ਮੈਂ ਮਨਜ਼ੂਰ ਪਹਿਲਾਂ ਕਰਾ ਲਿਆਇਆ, ਤੁਹਾਡੇ ਦਸਤਖ਼ਤ ਨਹੀਂ ਹੋਏ ਤੇ ਤੁਸੀਂ ਹੁਣ ਦਫ਼ਤਰ ਨਾ ਜਾਇਓ। ਮੈਂ ਸੋਚਣ ਲੱਗ ਗਿਆ। ਕਹਿੰਦਾ, ਕੀ ਸੋਚਦੇ ਹੋ? ਮੈਂ ਕਿਹਾ, ਮੈਂ ਆਹੀ ਸੋਚ ਰਿਹਾ ਹਾਂ ਕਿ ਰਕਮ ਬਹੁਤ ਵੱਡੀ ਹੈ। ਇਕ ਪਾਸੇ ਮੇਰਾ ਅਸੂਲ ਹੈ। ਇਕ ਪਾਸੇ ਬਹੁਤ ਵੱਡੀ ਰਕਮ। ਕਹਿੰਦਾ, ਤਿੰਨ ਕੋਠੀਆਂ ਪੈ ਜਾਣਗੀਆਂ ਪੂਰੀਆਂ। ਤਿੰਨ ਹਜ਼ਾਰ ਦੀ ਕੋਠੀ ਪੈਂਦੀ ਸੀ ਜਦ। ਮੈਂ ਕਿਹਾ, ਆਹੀ ਗੱਲ ਮੈਂ ਸੋਚਦਾ ਹਾਂ, ਤੇਰੇ ਵਾਲੀ। ਕਹਿੰਦੇ, ਇਹ ਕੀ ਸੋਚਦੇ ਹੋਂ। ਮੈਂ ਕਿਹਾ, ਮੈਨੂੰ ਇਸ ਤਰ੍ਹਾਂ ਲਗਦੈ ਕਿ ਮੇਰੀ ਅੱਖ ਖੁਲ੍ਹ ਜਾਣੀ ਹੈ ਬੁਢਾਪੇ 'ਚ ਜਾ ਕੇ ਤੇ ਮੇਰੇ ਤੋਂ ਨਾ ਇਹ ਕੋਠੀਆਂ ਛੱਡ ਹੋਣ, ਨਾ ਐਨਾ ਰੁਪਿਆ ਵੰਡ ਹੋਵੇ। ਇਹ ਕਰੋੜਾਂ ਦੀਆਂ ਹੋ ਜਾਣੀਆਂ ਨੇ। ਇਹ ਪਾਪ ਮੇਰੇ ਨਾਲ ਹੀ ਜਾਣੈ, ਜਦੋਂ ਮੈਂ ਦਰਗਾਹ 'ਚ ਜਾਣੈ ਕਿ ਤੈਨੂੰ ਜਦੋਂ ਪਤਾ ਸੀ ਕਿ ਧੋਖਾ ਹੋ ਰਿਹੈ, ਤੂੰ ਇਹ ਕਿਉਂ ਬਹਾਨਾ ਬਣਾ ਲਿਆ ਕਿ ਮੈਂ ਨਹੀਂ ਹੁਣ ਦਫ਼ਤਰ ਜਾਂਦਾ। ਤੇਰੇ ਹੱਥ ਨਾਲ ਲਿਖਿਆ ਜਾਵੇ ਨਾ ਲਿਖਿਆ ਜਾਵੇ ਤੇ ਤੈਨੂੰ ਇਸ ਤਰ੍ਹਾਂ ਤਾਂ ਪਤਾ ਹੈ ਨਾ ਕਿ ਗਲਤ ਗੱਲ ਹੋ ਰਹੀ ਹੈ। ਮੈਂ ਇਸ ਤਰ੍ਹਾਂ ਸੋਚਦਾ ਹਾਂ ਹੁਕਮ ਚੰਦ। ਕਹਿੰਦਾ, ਇਹ ਤਾਂ ਤੇਰੀ ਗੱਲ ਹੀ ਫਜ਼ੂਲ ਹੈ। ਦੁਨੀਆਂ ਕੋਈ ਸੋਚਦੀ ਹੈ, ਪਤਾ ਨਹੀਂ ਤੂੰ ਕਿਹੜੇ ਜ਼ਮਾਨੇ ਦਾ ਬੰਦਾ ਹੈਂ। ਮੈਂ ਕਿਹਾ, ਮੈਂ ਇਹੀ ਸੋਚਦਾ ਹਾਂ ਕਿ ਕਰੋੜਾਂ ਜਨਮਾਂ ਤੋਂ ਬਾਅਦ ਮਨੁੱਖਾ ਜਨਮ ਮਿਲਿਆ ਹੈ, ਇਹ ਤੇਰੇ ਪੈਸੇ ਨੇ ਮੈਨੂੰ ਖਾ ਜਾਣੈ ਸਾਰੀ ਜ਼ਿੰਦਗੀ। ਇਹ ਮੇਰੇ ਤੋਂ ਨਹੀਂ ਛੁਟਣਾ। ਹੋ ਸਕਦਾ ਹੈ ਮੇਰੇ ਆਚਰਣ 'ਚ ਫਰਕ ਪੈ ਜਾਵੇ, ਐਨਾ ਧਨ ਦੇਖ ਕੇ। ਮੈਂ ਕਿਹਾ, ਮੈਂ ਨਹੀਂ ਲੈਣਾ। ਇਕ ਮੇਰੇ ਮਿਲਣ ਵਾਲੇ ਸੀਗੇ, ਉਹਨੂੰ ਲੈ ਆਇਆ। ਮੈਂ ਕਿਹਾ, ਹੁਣ ਤਾਂ ਬਿਲਕੁਲ ਹੀ ਨਹੀਂ ਲੈਣਾ। ਇਹਨੇ ਵੀ ਦਰਗਾਹ 'ਚ ਜਾ ਕੇ ਗਵਾਹੀ ਦੇ ਦੇਣੀ ਹੈ ਕਿ ਮੇਰੇ ਸਾਮ੍ਹਣੇ ਲਿਆ ਸੀ। ਕਿਸੇ ਸਮਰੱਥ ਮਹਾਂਪੁਰਸ਼ ਦਾ ਸਿਰ 'ਤੇ ਹੱਥ ਹੋਵੇ ਤਾਂ ਬਚ ਸਕਦਾ। ਨਹੀਂ ਤਾਂ ਮਾਇਆ ਦੀ ਥਪੇੜ ਤੋਂ ਕੋਈ ਵਿਰਲਾ ਹੈ ਜਿਹੜਾ ਬਚੇ। ਇਹ ਤਾਂ ਵਾਹਿਗੁਰੂ ਹੀ ਕ੍ਰਿਪਾ ਕਰਕੇ ਬਚਾ ਦੇਵੇ। ਸੋ ਇਸ ਤਰ੍ਹਾਂ ਦਾ ਜਿਹੜਾ ਧਨ ਹੈ, ਇਹ ਬੇਅੰਤ ਵਿਘਨ ਜ਼ਿੰਦਗੀ ਦੇ ਅੰਦਰ ਲੈ ਆਉਂਦੈ। ਸਭ ਤੋਂ ਵੱਡਾ ਵਿਘਨ ਉਹਦਾ ਇਹ ਹੈ ਕਿ ਉਹ ਨਾਮ ਨਹੀਂ ਜਪ ਸਕਦਾ। ਪ੍ਰਮੇਸ਼ਰ ਦੇ ਨੇੜੇ ਨਹੀਂ ਜਾ ਸਕਦਾ। ਇਸ ਕਰਕੇ ਮਹਾਰਾਜ ਨੇ ਇਹ ਦਰਸਾਇਆ ਕਿ -

*ਘਾਲਿ ਖਾਇ ਕਿਛੁ ਹਥਹੁ ਦੇਇ ॥*
*ਨਾਨਕ ਰਾਹੁ ਪਛਾਣਹਿ ਸੇਇ ॥* *ਅੰਗ- ੧੨੪੫*

ਰਾਹ ਜੇ ਪ੍ਰਮੇਸ਼ਰ ਦਾ ਲੈਣਾ ਹੈ ਪਿਆਰਿਓ, ਸੁੱਚੀ ਕਿਰਤ ਵਾਲੇ ਨੂੰ ਮਿਲਿਆ ਹੀ ਪਿਐ। ਮੈਲੀ ਕਿਰਤ ਵਾਲੇ ਨੂੰ ਬੜਾ ਮੁਸ਼ਕਲ ਹੈ। ਬਹੁਤ ਮੁਸ਼ਕਲ ਹੈ, ਮਾਇਆ 'ਚੋਂ ਨਿਕਲਣਾ ਕੋਈ ਖੇਡ ਹੈ?

ਸੋ ਇਸ ਤਰ੍ਹਾਂ ਦੇ ਨਾਲ ਮਹਾਰਾਜ ਨੇ ਦੋਹਾਂ ਦਾ ਜਿਹੜਾ ਭਰਮ ਦਾ ਕਿਲ੍ਹਾ ਬਣਿਆ ਹੋਇਆ ਸੀ ਤੋੜ ਕੇ, ਉਹਦੇ ਵਿਚ ਪ੍ਰਕਾਸ਼ ਕਰਕੇ ਮਨੁੱਖਤਾ ਤੇ ਗੁਰਸਿੱਖੀ ਦਾ ਜੀਵਨ ਬਖਸ਼ ਕੇ ਆਪ ਉਸ ਥਾਂ ਤੋਂ ਆਸ਼ੀਰਵਾਦ ਦੇ ਕੇ ਵਿਦਾ ਹੁੰਦੇ ਨੇ।

ਹੁਣ ਕਿਉਂਕਿ ਸਮਾਂ ਇਜਾਜ਼ਤ ਨਹੀਂ ਦਿੰਦਾ। ਇਥੇ ਹੀ ਸਮਾਪਤੀ ਹੈ।

ਅਨੰਦ ਸਾਹਿਬ, ਗੁਰ ਸਤੋਤਰ, ਅਰਦਾਸ, ਹੁਕਮਨਾਮਾ।

# ਸਾਈ ਨਾਮੁ ਅਮੋਲੁ ਕੀਮ ਨ ਕੋਈ ਜਾਣਦੋ

*ਸੰਤ ਬਾਬਾ ਹਰਪਾਲ ਸਿੰਘ ਜੀ*

*ਲਖ ਖੁਸੀਆ ਪਾਤਿਸਾਹੀਆ*
*ਜੇ ਸਤਿਗੁਰੁ ਨਦਰਿ ਕਰੇਇ ॥*
*ਨਿਮਖ ਏਕ ਹਰਿ ਨਾਮੁ ਦੇਇ*
*ਮੇਰਾ ਮਨੁ ਤਨੁ ਸੀਤਲੁ ਹੋਇ ॥*
*ਜਿਸ ਕਉ ਪੂਰਬਿ ਲਿਖਿਆ*
*ਤਿਨਿ ਸਤਿਗੁਰ ਚਰਨ ਗਹੇ ॥ ੨ ॥ ਅੰਗ - ੪੪*

ਪਰਮ ਸਤਿਕਾਰਯੋਗ ਗੁਰੂ ਪਿਆਰੀ ਸਾਧ ਸੰਗਤ ਜੀਓ! ਖਿਆਲ ਬਾਹਰ ਜਾਣ ਤੋਂ ਰੋਕੀਏ, ਚਿੱਤ ਬਿਰਤੀਆਂ ਨੂੰ ਇਕਾਗਰ ਕਰੀਏ। ਰਸਨਾ ਦੀ ਪਵਿੱਤਰਤਾ ਦੇ ਵਾਸਤੇ ਸਾਰੇ ਹੀ ਉਚਾਰਨ ਕਰੋ ਜੀ 'ਸਤਿਨਾਮੁ ਸ੍ਰੀ ਵਾਹਿਗੁਰੂ।' ਪਾਤਸ਼ਾਹ ਜੀ ਨੇ ਕ੍ਰਿਪਾ ਕੀਤੀ ਹੈ - ***'ਲਖ ਖੁਸੀਆ ਪਾਤਿਸਾਹੀਆ ਜੇ ਸਤਿਗੁਰੁ ਨਦਰਿ ਕਰੇਇ॥'*** ਜੇ ਸਤਿਗੁਰੂ ਜੀ ਦੀ ਨਦਰ ਹੋਈ, ਭਾਈ ਸਰਬਜੀਤ ਸਿੰਘ ਸਤਿਸੰਗੀ ਪਰਿਵਾਰ ਜਿਹਨਾਂ ਉਤੇ ਅਪਾਰ ਬਖਸ਼ਿਸ਼ ਹੈ, ਰਹਿਮਤ ਹੈ, ਨਦਰਿ ਦੇ ਪਾਤਰ ਬਣੇ। ਖੁਸ਼ੀਆਂ ਮਿਲ ਰਹੀਆਂ ਨੇ। ਸੋ ਬਾਕੀ ਜਿਹੜਾ ਰਹਿੰਦਾ ਸਮਾਂ ਹੈ, ਇਹ ਵੀ ਆਪਾਂ ਸਤਿਸੰਗ ਵਿਚ ਲਾਈਏ -

*ਸਤਸੰਗਤਿ ਕੈਸੀ ਜਾਣੀਐ ॥*
*ਜਿਥੈ ਏਕੋ ਨਾਮੁ ਵਖਾਣੀਐ ॥ ਅੰਗ- ੭੨*

ਜਿਥੇ ਕੇਵਲ ਤੇ ਕੇਵਲ ਨਾਮ ਦੀ ਵਿਆਖਿਆ ਚਲਦੀ ਹੈ। ਉਸ ਨੂੰ ਸਤਿਸੰਗ ਕਿਹਾ ਜਾਂਦਾ ਹੈ। ਨਾਮ ਨਾਲ ਜੁੜ ਜਾਓ। ਫੇਰ ਸਾਰੇ ਹੀ ਕਾਰਜ ਆਪੇ ਹੀ ਰਾਸ ਹੋ ਜਾਂਦੇ ਹਨ।

ਭਾਈ ਜੋਗਾ ਸਿੰਘ ਜੀ ਜਿਹਨਾਂ ਨੇ ਗੁਰੂ ਮਹਾਰਾਜ ਨੂੰ ਬੇਨਤੀ ਕੀਤੀ ਕਿ ਮੈਂ ਤਾਂ ਗੁਰੂ ਜੋਗਾ ਹਾਂ। ਗੁਰੂ ਕਹਿੰਦੇ, ਜੇ ਤੂੰ ਮੇਰੇ ਜੋਗਾ ਹੈਂ ਤਾਂ ਗੁਰੂ ਵੀ ਫੇਰ ਤੇਰੇ ਜੋਗਾ ਹੋਵੇਗਾ। ਸੋ ਇਸ ਤਰ੍ਹਾਂ ਦੇ ਨਾਲ ਜੋ ਉਸ ਦੇ ਹੋ ਗਏ, ਉਸ ਦੇ ਪਰਾਇਣ ਹੋ ਗਏ। ਫੇਰ ਕਾਰਜ ਆਪੇ ਹੀ ਰਾਸ ਆ ਜਾਂਦੇ ਹਨ। ਫੇਰ ਕੋਈ ਗਿਣਤੀ ਨਹੀਂ ਰਿਹਾ ਕਰਦੀ। ਆਉਣ ਵਾਲੇ ਜੋ ਵਿਘਨ ਹਨ -

*ਗੁਰ ਕਾ ਸਬਦੁ ਕਾਟੈ ਕੋਟਿ ਕਰਮ॥ ਅੰਗ- ੧੧੯੫*

ਐਸੇ ਕਰੋੜਾਂ ਕਰਮਾਂ ਦਾ ਨਾਸ ਕਰਦਾ ਹੈ।

'ਧੂੜੀ ਲੇਖ ਮਿਟਾਇਆ' ਮਾਘ ਦੇ ਮਹੀਨੇ ਨੂੰ ਕਿੰਨਾ ਪੁੰਨ ਦਾਨ, ਇਸ਼ਨਾਨ ਕਰਨ ਦਾ ਮਹੀਨਾ ਮੰਨਿਆ ਹੈ। ਇਸ ਵਿਚ ਤੀਰਥਾਂ 'ਤੇ ਜਾਂਦੇ ਹਨ, ਧੂੜੀ ਦੇ ਇਸ਼ਨਾਨ ਮਿਲਦੇ ਹਨ। ਇਕ ਤਾਂ ਇਸ਼ਨਾਨ ਹੁੰਦਾ ਹੈ, ਸਾਰੇ ਹੀ ਕਰਦੇ ਨੇ ਪਾਣੀ ਦਾ ਇਸ਼ਨਾਨ, ਜਾਨਵਰ ਵੀ ਜਾਣਦੇ ਹਨ। ਉਹ ਤਾਂ ਸਾਰੇ ਹੀ ਜਾਣਦੇ ਹਨ। ਧੂੜੀ ਦਾ ਇਸ਼ਨਾਨ ਹੁੰਦਾ ਹੈ ਜਿਹੜੀ ਚਰਨ ਧੂੜ ਮਿਲ ਰਹੀ ਹੈ। ਤੀਸਰੀ ਮੁਖ ਧੂੜ, ਜਦੋਂ ਬਾਣੀ ਮੁਖ ਰਾਹੀਂ ਉਚਾਰਨ ਹੁੰਦੀ ਹੈ, ਸ਼ਬਦ ਦੇ ਵਿਚ ਬੋਲਦੇ ਹਾਂ। ਧੁਨ ਦੇ ਵਿਚ ਧਿਆਨ ਲਾਉਣਾ ਇਹ ਮੁਖ ਧੂੜ ਇਸ਼ਨਾਨ ਹੈ। ਕਿੱਡੀ ਬਖਸ਼ਿਸ਼ ਹੈ ਕਿ - 'ਧੂੜੀ ਲੇਖੁ ਮਿਟਾਇਆ' ਵਿਘਨ ਦੂਰ ਹੋ ਜਾਂਦੇ ਹਨ -

*ਬਿਘਨ ਬਿਨਾਸਨ ਸਭਿ ਦੁਖ ਨਾਸਨ*
*ਸਤਿਗੁਰਿ ਨਾਮੁ ਦ੍ਰਿੜਾਇਆ ॥*
*ਖੋਏ ਪਾਪ ਭਏ ਸਭਿ ਪਾਵਨ*
*ਜਨ ਨਾਨਕ ਸੁਖਿ ਘਰਿ ਆਇਆ ॥ ਅੰਗ- ੬੨੨*

ਘਰ ਦੇ ਵਿਚ ਸੁਖ-ਸ਼ਾਂਤੀ, ਖੁਸ਼ੀਆਂ ਆ ਜਾਂਦੀਆਂ ਹਨ। ਕਿੰਨੀਆਂ ਹੀ ਬਖਸ਼ਿਸ਼ਾਂ ਇਸ ਦਰ ਤੋਂ ਮਿਲਦੀਆਂ ਹਨ। ਕੋਈ ਕਾਰਜ ਹੋਵੇ ਉਸ ਕਾਰਜ ਦੀ ਸਫਲਤਾ ਵਾਸਤੇ ਸਭ ਤੋਂ ਪਹਿਲਾਂ ਗੁਰੂ ਦਾ ਓਟ ਆਸਰਾ ਜੇ ਲੈ ਲਿਆ ਜਾਵੇ ਤਾਂ ਉਸ ਕਾਰਜ ਦੇ ਵਿਚ ਕੋਈ ਵਿਘਨ ਨਹੀਂ ਆ ਸਕਦਾ -

*ਕੀਤਾ ਲੋੜੀਐ ਕੰਮੁ ਸੁ ਹਰਿ ਪਹਿ ਆਖੀਐ ॥*
*ਕਾਰਜੁ ਦੇਇ ਸਵਾਰਿ ਸਤਿਗੁਰ ਸਚੁ ਸਾਖੀਐ ॥*
*ਸੰਤਾ ਸੰਗਿ ਨਿਧਾਨੁ ਅੰਮ੍ਰਿਤੁ ਚਾਖੀਐ ॥*
*ਭੈ ਭੰਜਨ ਮਿਹਰਵਾਨ ਦਾਸ ਕੀ ਰਾਖੀਐ ॥*
*ਨਾਨਕ ਹਰਿ ਗੁਣ ਗਾਇ ਅਲਖੁ ਪ੍ਰਭੁ ਲਾਖੀਐ ॥*
*ਅੰਗ- ੯੧*

ਐਸੀ ਕ੍ਰਿਪਾ ਹੋ ਜਾਂਦੀ ਹੈ, ਬਖਸ਼ਿਸ਼ ਹੋ ਜਾਂਦੀ ਹੈ। ਸੰਤਾਂ ਸੰਗ ਸਤਿਸੰਗ ਕਰਕੇ, ਅੰਤਰੰਗ ਸਾਧਨ ਹੋਣ ਨਾਲ ਜਦੋਂ ਉਹਦੇ ਨਾਲ ਜੁੜ ਗਏ। ਫੇਰ ਉਸ ਕਾਰਜ ਦੇ ਵਿਚ ਕੋਈ ਵਿਘਨ ਨਹੀਂ ਆ ਸਕਦਾ। ਸਾਰੇ ਵਿਘਨਾਂ ਦਾ ਨਾਸ ਹੋ ਜਾਂਦਾ ਹੈ, ਦੁਖ ਦੌੜ ਜਾਂਦੇ ਨੇ। ਕਿਉਂਕਿ ਬਾਣੀ ਦਾ ਓਟ ਆਸਰਾ ਲਿਆ ਹੈ -

*ਪਰਮੇਸਰਿ ਦਿਤਾ ਬੰਨਾ ॥*
*ਦੁਖ ਰੋਗ ਕਾ ਡੇਰਾ ਭੰਨਾ ॥ ਅੰਗ- ੬੨੭*

ਕਿੰਨੀਆਂ ਖੁਸ਼ੀਆਂ ਵਰਤ ਜਾਂਦੀਆਂ ਹਨ।

*ਅਨਦ ਕਰਹਿ ਨਰ ਨਾਰੀ ॥*
*ਹਰਿ ਹਰਿ ਪ੍ਰਭਿ ਕਿਰਪਾ ਧਾਰੀ ॥ ੧ ॥*
*ਸੰਤਹੁ ਸੁਖੁ ਹੋਆ ਸਭ ਥਾਈ ॥*
*ਪਾਰਬ੍ਰਹਮੁ ਪੂਰਨ ਪਰਮੇਸਰੁ*
*ਰਵਿ ਰਹਿਆ ਸਭਨੀ ਜਾਈ ॥ ਰਹਾਉ ॥*
*ਧੁਰ ਕੀ ਬਾਣੀ ਆਈ ॥*

*ਤਿਨਿ ਸਗਲੀ ਚਿੰਤ ਮਿਟਾਈ ॥ ਅੰਗ- ੬੨੮*

ਸਾਰੀਆਂ ਚਿੰਤਾਵਾਂ ਮਿਟ ਗਈਆਂ ਕਿਉਂਕਿ -

*ਇਹ ਬਾਣੀ ਜੋ ਜੀਅਹੁ ਜਾਣੈ*
*ਤਿਸੁ ਅੰਤਰਿ ਰਵੈ ਹਰਿ ਨਾਮਾ ॥ ੧ ॥ ਰਹਾਉ ॥*
*ਅੰਗ- ੭੯੭*

***'ਨਿਮਖ ਏਕ ਹਰਿ ਨਾਮੁ ਦੇਇ ਮੇਰਾ ਮਨੁ ਤਨੁ ਸੀਤਲੁ ਹੋਇ ॥'*** ਕਿੰਨੀ ਸ਼ਾਂਤੀ ਵਰਤ ਗਈ।

*ਸਾਈ ਨਾਮੁ ਅਮੋਲੁ ਕੀਮ ਨ ਕੋਈ ਜਾਣਦੋ ॥*
*ਜਿਨਾ ਭਾਗ ਮਥਾਹਿ ਸੇ ਨਾਨਕ ਹਰਿ ਰੰਗੁ ਮਾਣਦੋ ॥*
*ਅੰਗ- ੮੧*

ਥੋੜ੍ਹਾ ਜਿਹਾ ਸਮਾਂ ਵੀ ਜੇ ਨਾਮ 'ਚ ਅਸਥਿਤ ਹੋ ਗਿਆ। ਅੱਖ ਦੇ ਝਮਕਣ ਜਿੰਨੇ ਸਮੇਂ ਵਿਚ ਵੀ, ਮਨ ਤਨ ਸੀਤਲ ਹੋ ਜਾਂਦਾ ਹੈ।

*ਚੰਦਨ ਚੰਦੁ ਨ ਸਰਦ ਰੁਤਿ ਮੂਲਿ ਨ ਮਿਟਈ ਘਾਂਮ ॥*
*ਸੀਤਲੁ ਥੀਵੈ ਨਾਨਕਾ ਜਪੰਦੜੋ ਹਰਿ ਨਾਮੁ ॥*
*ਅੰਗ- ੭੦੯*

ਅਸਲ ਸ਼ਾਂਤੀ ਨਾਮ ਦੇ ਵਿਚ ਹੈ। ਜਿਹੜੇ ਨਾਮ ਨਾਲ ਜੁੜ ਗਏ, ਉਹਨਾਂ ਦੇ ਕਾਰਜ ਆਪੇ ਹੀ ਸਫਲ ਹੋ ਜਾਂਦੇ ਨੇ। ਭਗਤਾਂ ਨੇ ਪਿਆਰ ਕੀਤਾ ਰੱਬ ਨੂੰ। ਭਗਤ ਰੱਬ ਨੂੰ ਦਿਲ ਤੋਂ ਪਿਆਰ ਕਰਦੇ ਨੇ। ਦਿਮਾਗ ਤੋਂ ਤਾਂ ਗਿਆਨੀ ਤਰਕ ਕਰ ਜਾਂਦੈ। ਇਸ ਕਰਕੇ ਪ੍ਰੇਮਾ ਭਗਤੀ ਸਹਿਤ ਗਿਆਨ ਚੱਲੇ ਤਾਂ ਸਿਰੇ ਲੱਗੀਦੈ। ਨਹੀਂ ਤਾਂ ਰੁਕਾਵਟ ਪੈ ਜਾਂਦੀ ਹੈ। ਪਿਆਰ 'ਚ ਰੱਬ ਨੂੰ ਭਗਤ ਵਸ ਕਰ ਲੈਂਦੇ ਨੇ -

*ਤੂ ਭਗਤਾ ਕੈ ਵਸਿ ਭਗਤਾ ਤਾਣੁ ਤੇਰਾ॥ ਅੰਗ- ੯੬੨*

ਭਗਤਾਂ ਦੇ ਸਾਰੇ ਕੰਮ ਆਪ ਪ੍ਰਮੇਸ਼ਰ ਨੇ ਕੀਤੇ।

*ਗੋਪਾਲ ਤੇਰਾ ਆਰਤਾ ॥*
*ਜੋ ਜਨ ਤੁਮਰੀ ਭਗਤਿ ਕਰੰਤੇ*
*ਤਿਨ ਕੇ ਕਾਜ ਸਵਾਰਤਾ ॥੧ ॥ ਰਹਾਉ ॥*
*ਦਾਲਿ ਸੀਧਾ ਮਾਗਉ ਘੀਉ ॥*
*ਹਮਰਾ ਖੁਸੀ ਕਰੈ ਨਿਤ ਜੀਉ ॥*
*ਪਨ੍ਹੀਆ ਛਾਦਨੁ ਨੀਕਾ ॥*
*ਅਨਾਜੁ ਮਗਉ ਸਤ ਸੀ ਕਾ ॥ ੧ ॥*
*ਗਊ ਭੈਸ ਮਗਉ ਲਾਵੇਰੀ ॥*
*ਇਕ ਤਾਜਨਿ ਤੁਰੀ ਚੰਗੇਰੀ ॥*
*ਘਰ ਕੀ ਗੀਹਨਿ ਚੰਗੀ ॥*
*ਜਨੁ ਧੰਨਾ ਲੇਵੈ ਮੰਗੀ ॥ ੨ ॥ ੪ ॥ ਅੰਗ- ੬੯੫*

*ਥਿਰੁ ਘਰਿ ਬੈਸਹੁ ਹਰਿ ਜਨ ਪਿਆਰੇ ॥*
*ਸਤਿਗੁਰਿ ਤੁਮਰੇ ਕਾਜ ਸਵਾਰੇ ॥ ੧ ॥ ਰਹਾਉ ॥*
*ਦੁਸਟ ਦੂਤ ਪਰਮੇਸਰਿ ਮਾਰੇ ॥*
*ਜਨ ਕੀ ਪੈਜ ਰਖੀ ਕਰਤਾਰੇ ॥ ੧ ॥*
*ਬਾਦਿਸਾਹ ਸਾਹ ਸਭ ਵਸਿ ਕਰਿ ਦੀਨੇ ॥*
*ਅੰਮ੍ਰਿਤ ਨਾਮ ਮਹਾ ਰਸ ਪੀਨੇ ॥ ੨ ॥*
*ਨਿਰਭਉ ਹੋਇ ਭਜਹੁ ਭਗਵਾਨ ॥*
*ਸਾਧਸੰਗਤਿ ਮਿਲਿ ਕੀਨੋ ਦਾਨੁ ॥ ੩ ॥*
*ਸਰਣਿ ਪਰੇ ਪ੍ਰਭ ਅੰਤਰਜਾਮੀ ॥*
*ਨਾਨਕ ਓਟ ਪਕਰੀ ਪ੍ਰਭ ਸੁਆਮੀ ॥ ੪ ॥ ੧੦੮ ॥*
*ਅੰਗ - ੨੦੧*

*ਅਚਿੰਤ ਕੰਮ ਕਰਹਿ ਪ੍ਰਭ ਤਿਨ ਕੇ*
*ਜਿਨ ਹਰਿ ਕਾ ਨਾਮੁ ਪਿਆਰਾ॥ ਅੰਗ- ੬੩੮*

ਪਰ ਸਾਨੂੰ ਚਿੰਤਾ ਹੁੰਦੀ ਹੈ। ਮਹਾਰਾਜ ਕਹਿੰਦੇ ਨੇ-

*ਨਾਨਕ ਚਿੰਤਾ ਮਤਿ ਕਰਹੁ ਚਿੰਤਾ ਤਿਸ ਹੀ ਹੇਇ॥*
*ਅੰਗ- ੯੫੫*

ਉਸ ਦੀ ਜਗ੍ਹਾ ਚਿੰਤਨ ਕਰੋ। ਚਿੰਤਨ ਕੀਤਾ ਜਿਹਨਾਂ ਨੇ ਉਹਨਾਂ ਦੇ ਸਾਰੇ ਕਾਰਜ ਰਾਸ ਹੋ ਗਏ। ਸਭ ਤੋਂ ਵੱਡਾ ਕਾਰਜ, ਸਾਡੀ ਜ਼ਿੰਦਗੀ ਦਾ ਮਨੋਰਥ ਹੈ ਨਾਮ ਨਾਲ ਜੁੜਨਾ, ਸਤਿਸੰਗ ਕਰਨਾ -

*ਭਈ ਪਰਾਪਤਿ ਮਾਨੁਖ ਦੇਹੁਰੀਆ ॥*
*ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥*
*ਅਵਰਿ ਕਾਜ ਤੇਰੈ ਕਿਤੈ ਨ ਕਾਮ ॥*
*ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥ ੧ ॥*
*ਅੰਗ- ੧੨*

ਜਦੋਂ ਕੇਵਲ ਨਾਮ ਨਾਲ ਜੁੜ ਗਏ। ਬਾਕੀ ਕਾਰਜਾਂ ਦੀ ਜਿਹੜੀ ਸੰਪੂਰਨਤਾਈ ਹੈ ਆਪੇ ਹੀ ਹੋ ਜਾਣੀ ਹੈ-

*ਵਿਚਿ ਕਰਤਾ ਪੁਰਖੁ ਖਲੋਆ ॥*
*ਵਾਲੁ ਨ ਵਿੰਗਾ ਹੋਆ ॥ ਅੰਗ - ੬੨੩*

ਲੰਗਰ ਦੀ ਸੇਵਾ ਨੂੰ ਗੁਰੂ ਮਹਾਰਾਜ ਨੇ ਬਹੁਤ ਮਹਾਨਤਾ ਦਿਤੀ ਹੈ। ਜੇ ਕੋਈ ਆਉਂਦਾ ਹੈ ਉਸ ਨੂੰ ਜ਼ਰੂਰੀ ਹੈ ਕਿ ਕੁਝ ਨਾ ਕੁਝ ਛਕਾਇਆ ਜਾਵੇ -

*......ਵਿਚਿ ਸੰਗਤਿ ਹਰਿ ਪ੍ਰਭੁ ਵਸੈ ਜੀਉ॥ ਅੰਗ- ੯੪*

ਕਹਿੰਦੇ ਨੇ ਕਿ ਜੇ ਅਤਿਥੀ ਦੀ ਜਠਰਿ ਅਗਨਿ ਸ਼ਾਂਤ ਨਾ ਹੋਵੇ, ਉਸ ਦੀ ਭੁੱਖ ਦੀ ਤ੍ਰਿਪਤੀ ਨਾ ਹੋਵੇ, ਤਾਂ ਉਹ ਗ੍ਰਹਿਸਤੀਆ ਦੇ ਪੁੰਨ ਕਰਮ ਨੂੰ ਸਾੜ ਕੇ ਰਖ ਦਿੰਦੀ ਹੈ। ਇਸ ਕਰਕੇ ਸ੍ਰੀ ਗੁਰੂ ਨਾਨਕ ਪਾਤਸ਼ਾਹ ਜੀ ਨੇ ਸ਼ੁਭ ਕਰਮ ਸਭ ਤੋਂ ਪਹਿਲਾਂ ਇਹੀ ਕੀਤਾ ਕਿ ਭੁੱਖੇ ਸਾਧੂਆਂ ਨੂੰ ਭੋਜਨ ਛਕਾਇਆ ਕਿ ਇਸ ਤੋਂ ਚੰਗਾ ਸੱਚਾ ਸੌਦਾ ਹੋਰ ਕਿਹੜਾ ਹੋ ਸਕਦਾ ਹੈ। ਫੇਰ ਸ੍ਰੀ ਗੁਰੂ ਅਮਰਦਾਸ ਪਾਤਸ਼ਾਹ ਜੀ ਨੇ ਤਾਂ ਪਰੰਪਰਾ ਹੀ ਚਲਾ ਦਿਤੀ ਕਿ ਪਹਿਲਾਂ ਪੰਗਤ ਪਾਛੈ ਸੰਗਤ। ਫੇਰ ਸ੍ਰੀ ਗੁਰੂ ਗੋਬਿੰਦ ਸਿੰਘ ਪਾਤਸ਼ਾਹ ਜੀ ਨੇ ਬਚਨ ਕੀਤੇ ਆਖਰੀ 52 ਬਚਨਾਂ ਦੇ ਵਿਚ ਲੰਗਰ ਬਾਬਤ - 'ਪਹਿਲਾਂ ਲੰਗਰ ਪਾਛੈ ਮੰਦਰ।' ਮੰਦਰ ਤਾਂ ਤੁਸੀਂ ਦੇਖਦੇ ਹੀ ਹੋਂ ਬਹੁਤ ਨੇ। ਬੁਲ੍ਹੇਸ਼ਾਹ ਮੰਦਰ 'ਚ ਗਿਆ, 'ਉਥੇ ਵਜਦੇ ਨਾਦ

ਹਜ਼ਾਰ, ਇਸ਼ਕ ਦੀ ਨਵੀਓਂ ਨਵੀਂ ਬਹਾਰ।'

ਫੇਰ ਬੁੱਲ੍ਹੇਸ਼ਾਹ ਮਸਜਿਦ 'ਚ ਗਿਆ, ਇਥੋਂ ਵੀ ਉਹਨੂੰ ਕੱਢ ਦਿਤਾ ਗਿਆ। ਕਿਹਾ ਕਿ 'ਤੇਰੀ ਚੱਕ ਮਸੀਤ ਲਿਜਾਣੀ, ਰਾਹੀਆਂ ਨੇ ਰਾਤ ਕੱਟਣੀ।' ਫੇਰ ਸ੍ਰੀ ਹਰਿਮੰਦਰ ਸਾਹਿਬ ਆਇਆ। ਇਥੇ ਆਉਂਦੇ ਨੂੰ ਹੀ ਭੋਜਨ ਮਿਲਿਆ। ਫੇਰ ਕੀਰਤਨ ਮਿਲਿਆ। ਫੇਰ ਰਹਿਣ ਵਾਸਤੇ ਰਹਿਣ ਬਸੇਰਾ ਮਿਲ ਗਿਆ। ਬੁੱਲ੍ਹੇਸ਼ਾਹ ਕਹਿੰਦਾ, ਇਸ ਤੋਂ ਵਧੀਆ ਹੋਰ ਜਗ੍ਹਾ ਕਿਹੜੀ ਹੋ ਸਕਦੀ ਹੈ।

*ਇਥੇ ਇੱਟ ਖੜ੍ਹਕਾ ਦੁੱਕੜ ਵਜੇ,*
*ਨਾਲੇ ਤਪੇ ਚੁਲ੍ਹਾ।*
*ਇਸ ਗੱਲ ਤੋਂ ਰੱਬ ਵੀ ਰਾਜ਼ੀ,*
*ਨਾਲੇ ਰਾਜ਼ੀ ਬੁੱਲ੍ਹਾ।*

ਇੱਟ ਖੜੱਕਾ ਕਿ ਕਾਰ ਸੇਵਾ ਚੱਲ ਰਹੀ ਹੈ, ਰਿਹਾਇਸ਼ ਵਾਸਤੇ ਸਰ੍ਹਾਵਾਂ ਬਣ ਰਹੀਆਂ ਨੇ। ਦੁੱਕੜ ਵਜੇ, ਮਤਲਬ ਕੀਰਤਨ ਹੋ ਰਿਹਾ ਹੈ। ਨਾਲੇ ਤਪੇ ਚੁੱਲ੍ਹਾ, ਲੋਹ ਲੰਗਰ ਤਪੇ, ਸਾਧਸੰਗਤ ਛਕੇ। ਛਕਦੇ ਛਕਾਉਂਦੇ ਨਾਮ ਚਿੱਤ ਆਵੇ।

ਸੋ ਮਹਾਂਪੁਰਸ਼ਾਂ ਦੇ ਨਿਵਾਸ ਅਸਥਾਨ 'ਤੇ ਬਾਬਾ ਮਲਕੀਤ ਸਿੰਘ ਜੀ ਭੱਠੇ ਵਾਲਾ, ਪਤਾ ਨਹੀਂ ਮਹਾਂਪੁਰਸ਼ਾਂ ਦੀ ਕਿੱਡੀ ਬਖਸ਼ਿਸ਼ ਹੋਈ। ਕੋਈ ਅਨੁਮਾਨ ਨਹੀਂ ਲਗਾਇਆ ਜਾ ਸਕਦਾ। ਕਿੰਨੇ ਹੀ ਲੰਗਰ ਛਕ-ਛਕ ਕੇ ਜਾਂਦੇ ਨੇ। ਕਿਸੇ ਨੂੰ ਉਹਨੇ ਖਾਲੀ ਨਹੀਂ ਜਾਣ ਦੇਣਾ। ਭਾਵੇਂ ਕੁਝ ਵੀ ਛਕਾਉਣਾ ਮਹਾਂਪੁਰਸ਼ ਜਦੋਂ ਭੱਠੇ ਵਾਲੇ ਨੂੰ ਮਿਲੇ, ਪੂਰਾ ਗਲਵੱਕੜੀ 'ਚ ਲੈ ਕੇ ਪਿਆਰ ਨਾਲ ਬਿਠਾ ਕੇ ਲੰਗਰ ਛਕਾਇਆ। ਪਹਿਲੀ ਹੀ ਪਿਆਰ ਭਰੀ ਮਿਲਣੀ ਦੇ ਵਿਚ ਕਿੱਡਾ ਜੀਵਨ ਬਦਲ ਗਿਆ। ਸਾਬਤ ਸੂਰਤ ਸਰੂਪ, ਸਿੱਖੀ ਰੂਪ 'ਚ ਆ ਗਏ। ਕਿੱਡੀਆਂ ਬਖਸ਼ਿਸ਼ਾਂ ਹੁੰਦੀਆਂ ਨੇ ਇਹ। ਸੋ ਇਹ ਨਹੀਂ ਕਿ ਆਪਾਂ ਪ੍ਰਚਾਰਕ ਹਾਂ, ਉਪਦੇਸ਼ ਕਰਦੇ ਹਾਂ, ਉਪਦੇਸ਼ ਤਾਂ ਕਮਾਉਣ ਦਾ ਹੈ -

*ਅਵਰ ਉਪਦੇਸੈ ਆਪਿ ਨ ਕਰੈ ॥*
*ਆਵਤ ਜਾਵਤ ਜਨਮੈ ਮਰੈ ॥ ਅੰਗ- ੨੬੯*

ਸੇਵਾ ਕਰਕੇ ਚਾਰ ਪਦਾਰਥ ਮਿਲ ਜਾਂਦੇ ਨੇ - ਧਰਮ, ਅਰਥ, ਕਾਮ, ਮੋਕਸ਼। ਧਰਮ ਨਾਲ ਰਿਸ਼ਤਾ ਜੁੜ ਜਾਣਾ। ਅਰਥ ਵਿਵਸਥਾ ਮਜ਼ਬੂਤ ਹੋ ਜਾਣੀ। ਸ਼ੁਭ ਕਾਮਨਾਵਾਂ ਪੂਰਤ ਹੋ ਕੇ ਅਖੀਰ ਮੋਕਸ਼, ਮੁਕਤ ਹੋ ਜਾਣਾ।

*ਆਪਿ ਮੁਕਤੁ ਮੁਕਤੁ ਕਰੈ ਸੰਸਾਰੁ ॥ ਨਾਨਕ ਤਿਸੁ ਜਨ ਕਉ ਸਦਾ ਨਮਸਕਾਰੁ ॥ ਅੰਗ- ੨੯੫*

ਗ੍ਰਿਹਸਤ ਆਸ਼ਰਮ ਦੇ ਵਿਚ ਰਹਿ ਕੇ -

*ਸੋ ਗਿਰਹੀ ਜੋ ਨਿਗ੍ਰਹੁ ਕਰੈ ॥*
*ਜਪੁ ਤਪੁ ਸੰਜਮੁ ਭੀਖਿਆ ਕਰੈ ॥*
*ਪੁੰਨ ਦਾਨ ਕਾ ਕਰੇ ਸਰੀਰੁ ॥*
*ਸੋ ਗਿਰਹੀ ਗੰਗਾ ਕਾ ਨੀਰੁ ॥ ਅੰਗ- ੯੫੨*

ਕਹਿੰਦੇ, ਕਿੱਡੀ ਵੱਡੀ ਅਵਸਥਾ ਹੋ ਗਈ। ਫੇਰ ਸ਼ਰਤ ਲੱਗੀ, ਗੁਰਬਾਣੀ ਕੀ ਕਹਿ ਰਹੀ ਹੈ -

*ਕਬੀਰ ਜਉ ਗ੍ਰਿਹੁ ਕਰਹਿ ਤ ਧਰਮੁ ਕਰੁ*
*ਨਾਹੀ ਤ ਕਰੁ ਬੈਰਾਗੁ ॥*
*ਬੈਰਾਗੀ ਬੰਧਨੁ ਕਰੈ ਤਾ ਕੋ ਬਡੋ ਅਭਾਗੁ ॥ ੨੪੩ ॥*
*ਅੰਗ- ੧੩੭੭*

ਕਹਿੰਦੇ ਜੇ ਤੂੰ ਗ੍ਰਹਿਸਤ 'ਚ ਰਹਿਣਾ ਹੈ ਤਾਂ ਜਪ, ਤਪ, ਧਰਮ ਦਾ ਆਪਣਾ ਜੀਵਨ ਬਣਾ। ਜੇ ਇਹ ਨਹੀਂ ਕਰ ਸਕਦਾ ਤਾਂ ਫੇਰ ਬੈਰਾਗ ਧਾਰਨ ਕਰ। ਕਿਉਂਕਿ ਰਾਜ ਹੈ ਇਕ ਬੈਰਾਗ ਹੈ। ਇਸ ਤੋਂ ਜਿਹੜੀ ਉਪਰ ਦੀ ਅਵਸਥਾ ਹੈ ਉਹ ਬੀਤ ਰਾਗ ਹੈ। ਉਹਦੇ ਵਿਚ ਫੇਰ ਕੋਈ ਪਕੜ ਨਾ ਹੋਵੇ। ਠੀਕ ਹੈ 'ਲੋਗਨ ਸਿਉ ਮੇਰਾ ਠਾਠਾ ਬਾਗਾ' ਜੋ ਹੁੰਦਾ ਹੈ ਠੀਕ ਹੋ ਰਿਹਾ ਹੈ। ਜੇ ਫੇਰ ਇਸੇ ਬੰਧਨਾਂ 'ਚ ਪੈ ਗਿਆ ਕਹਿੰਦੇ, ਉਸ ਤੋਂ ਮਾੜਾ ਕਰਮ ਤਾਂ ਕਿਸੇ ਦਾ ਵੀ ਨਹੀਂ। ਬੈਰਾਗੀ ਜਿਹੜਾ ਹੋ ਗਿਆ ਉਹ ਫੇਰ ਬੰਧਨ ਕਰੇ, ਕਹਿੰਦੇ, ਉਸ ਵਰਗਾ ਤਾਂ ਅਭਾਗਾ ਕੋਈ ਨਹੀਂ। ਸੋ ਇਸ ਤਰ੍ਹਾਂ ਦੇ ਆਦਰਸ਼ਕ ਗ੍ਰਹਿਸਤੀ ਬਣੋ। ਇਹ ਉਦਾਸ ਦਾ ਮਾਰਗ ਹੈ, ਤਿਆਗ ਦਾ ਨਹੀਂ। ਇਹਦੇ ਵਿਚ ਸਭ ਕੁਝ ਕਰਦੇ ਹੋਏ, ਪਕੜ ਰਹਿਤ ਰਹਿਣਾ। ਜ਼ਿੰਮੇਵਾਰੀਆਂ ਨਿਭਾਉਂਦੇ ਹੋਏ, ਫੇਰ ਉਹਨਾਂ ਜ਼ਿੰਮੇਵਾਰੀਆਂ 'ਚੋਂ ਸਮਾਂ ਕੱਢ ਕੇ ਸੇਵਾ ਸਿਮਰਨ ਕਰਨੀ। ਕਿੱਡੀ ਵੱਡੀ ਬਖਸ਼ਿਸ਼ ਹੋ ਜਾਂਦੀ ਹੈ। ਫੇਰ ਤਾਂ ਪੂਜਣਯੋਗ ਬਣ ਜਾਂਦਾ ਹੈ -

*ਰਾਜ ਮਹਿ ਰਾਜੁ ਜੋਗ ਮਹਿ ਜੋਗੀ ॥*
*ਤਪ ਮਹਿ ਤਪੀਸਰੁ ਗ੍ਰਿਹਸਤ ਮਹਿ ਭੋਗੀ ॥*
*ਧਿਆਇ ਧਿਆਇ ਭਗਤਹ ਸੁਖੁ ਪਾਇਆ ॥*
*ਨਾਨਕ ਤਿਸੁ ਪੁਰਖ ਕਾ ਕਿਨੈ ਅੰਤੁ ਨ ਪਾਇਆ ॥*
*ਅੰਗ- ੨੮੪*

ਮਹਾਂਪੁਰਸ਼ਾਂ ਵਲ ਦੇਖੋ। ਉਹਨਾਂ ਨੇ ਸਾਰਾ ਤਨ, ਮਨ, ਧਨ ਇਧਰ ਲਾ ਦਿਤਾ। ਕਿੱਡੀ ਵੱਡੀ ਸੰਸਥਾ ਖੜ੍ਹੀ ਕਰ ਦਿਤੀ। 'ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ' ਜੋ ਸਾਰੇ ਸੰਸਾਰ 'ਚ ਫੈਲ ਗਿਆ। ਫੇਰ ਬੀਜੀ ਦਾ ਵੀ ਨਾਲ ਕੋਈ ਤਪ ਘੱਟ ਨਹੀਂ। ਨਾਲ ਸਾਥ ਦਿਤਾ। ਬੀਜੀ ਜਦੋਂ ਖੁਸ਼ੀ ਦੇ ਵਿਚ ਆਉਂਦੇ ਤਾਂ ਇਕ ਸ਼ਬਦ ਸੰਗਤਾਂ ਤੋਂ ਇਸ ਤਰ੍ਹਾਂ ਪੜ੍ਹਾਇਆ ਕਰਦੇ -

*ਧਾਰਨਾ - ਸਤਿਗੁਰ ਦੇ ਦਰਬਾਰ*
*ਖੁਸ਼ੀਆਂ, ਨਿਤ ਨਵੀਆਂ।*

ਸੋ ਆਓ, ਸਮਾਂ ਕਾਫੀ ਹੋ ਗਿਆ। ਇਥੇ ਹੀ ਸਮਾਪਤੀ ਹੈ।

*ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫ਼ਤਹਿ।*

# ਅਦਾਰਾ ਆਤਮ ਮਾਰਗ ਵਲੋਂ ਪ੍ਰਕਾਸ਼ਿਤ ਪਿਆਰੇ ਮਹਾਂਪੁਰਸ਼ਾਂ (ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ) ਵਲੋਂ ਰਚਿਤ ਪੁਸਤਕਾਂ ਦੀ ਜਾਣ-ਪਛਾਣ

*ਡਾ. ਜਗਜੀਤ ਸਿੰਘ*

## ਪੁਸਤਕ : ਬਾਤ ਅਗੰਮ ਕੀ

### ਪ੍ਰਾਕੱਥਨ

'ਬਾਤ ਅਗੰਮ ਕੀ' ਕੋਈ ਸੰਸਾਰਕ ਜਾਂ ਵਿਹਾਰਿਕ ਬਾਤਾਂ ਦਾ ਬਿਰਤਾਂਤ ਨਹੀਂ ਸਗੋਂ ਗਹੁਜ ਗੱਲਾਂ ਦੀ ਗਾਥਾ ਹੈ। ਅਗੰਮ ਦੀ ਬਾਤ ਨੂੰ ਕੇਵਲ ਅਗੰਮ ਦੀ ਨਿਕਟਤਾ ਅਤੇ ਹਜ਼ੂਰੀ ਮਾਣਨ ਵਾਲੇ ਗੁਰੂ ਵਿਅਕਤੀ ਹੀ ਜਾਣ ਸਕਦੇ ਹਨ ਜਾਂ ਫਿਰ ਐਸੇ ਮਹਾਂਪੁਰਸ਼ ਜਿਨ੍ਹਾਂ ਨੇ ਅਗੰਮ ਦਾ ਸਿਮਰਨ ਕਰਕੇ ਉਸ ਨਾਲ ਇਕਰੂਪਤਾ ਮਾਣੀ ਹੋਵੇ-

*ਜਿਨ ਸੇਵਿਆ ਜਿਨ ਸੇਵਿਆ ਮੇਰਾ ਹਰਿ ਜੀ*
*ਤੇ ਹਰਿ ਹਰਿ ਰੂਪਿ ਸਮਾਸੀ॥*
*ਸੇ ਧੰਨੁ ਸੇ ਧੰਨੁ ਜਿਨ ਹਰਿ ਧਿਆਇਆ ਜੀ*
*ਜਨੁ ਨਾਨਕੁ ਤਿਨ ਬਲਿ ਜਾਸੀ॥* *ਅੰਗ- ੩੪੮*

ਐਸੇ ਮਹਾਂਪੁਰਸ਼ ਧੰਨਤਾ ਯੋਗ ਹੁੰਦੇ ਹਨ ਅਤੇ ਗੁਰੂ ਮਹਾਰਾਜ ਉਨ੍ਹਾਂ ਤੋਂ ਬਲਿਹਾਰਣੇ ਜਾਂਦੇ ਹਨ। ਇਸ ਪੁਸਤਕ ਦੇ ਰਚੇਤਾ ਰਤਵਾੜਾ ਸਾਹਿਬ ਦੇ ਮਹਾਂਪੁਰਸ਼ ਐਸੀ ਹੀ ਮਨੋਹਰ ਸਖਸ਼ੀਅਤ ਦੇ ਮਾਲਕ ਹਨ ਜਿਨ੍ਹਾਂ ਨੇ ਗੁਰੂ ਦੀ ਬਖਸ਼ਿਸ਼ ਸਦਕਾ ਜੀਵਨ ਵਿਚ ਰੱਜ ਕੇ ਨਾਮ ਦੀ ਘਾਲ ਘਾਲੀ ਹੈ ਅਤੇ 'ਕੇਤੀ ਛੁਟੀ ਨਾਲਿ' ਦੀ ਕਿਰਿਆ ਵਿਚ ਵਿਲੀਨ ਹਨ ਜਿਵੇਂ ਫੁਰਮਾਨ ਹੈ -

*ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ॥*
*ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ॥* *ਅੰਗ- ੮*

ਐਸੇ ਅਨੁਭਵੀ ਮਹਾਂਪੁਰਸ਼ਾਂ ਦੀ ਇਹ ਲਿਖਤ ਪਾਠਕਾਂ ਲਈ ਅਮੋਲਕ ਦਾਤ ਹੈ।

ਨਿਰਸੰਦੇਹ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਗਮਨ ਨਾਲ ਮਨੁੱਖਤਾ ਨੂੰ ਐਸਾ ਰਹਿਬਰ ਮਿਲਿਆ ਜਿਸ ਨੇ ਮਨੁੱਖਤਾ ਨੂੰ ਹਜ਼ਾਰਾਂ ਸਾਲਾਂ ਦੇ ਧੁੰਧੂਕਾਰ ਵਿਚੋਂ ਕੱਢਿਆ ਅਤੇ ਬੰਧਨਾਂ ਤੋਂ ਮੁਕਤ ਕਰਕੇ ਇਕ ਸਵੱਛ, ਪਿਆਰ ਭਰਿਆ, ਨਾਮ ਰਸ ਦੇ ਅਨੰਦ ਨਾਲ ਭਰਪੂਰ ਰੱਬੀ ਜੀਵਨ ਪ੍ਰਦਾਨ ਕੀਤਾ ਜਿਸ ਦੀ ਮਾਨਤਾ ਅਤੇ ਮਹਾਨਤਾ ਸਮੇਂ ਨਾਲ ਵਧਦੀ ਹੀ ਜਾ ਰਹੀ ਹੈ। ਸ੍ਰੀ ਗੁਰੂ ਨਾਨਕ ਆਦਰਸ਼ ਪੂਰਬ ਅਤੇ ਪੱਛਮ ਵਿਚ ਵਸਦੀ ਕੁਲ ਮਨੁੱਖਤਾ ਨੂੰ ਸੱਚ ਦਾ ਮਾਰਗ ਦਰਸਾਉਂਦਾ ਹੈ। ਇਸ ਪੁਸਤਕ ਦਾ ਪਹਿਲਾ ਲੇਖ 'ਸਰਵੋਤਮ ਸਤਿਗੁਰ ਨਾਨਕ' ਮਨੁੱਖਤਾ ਦੇ ਐਸੇ ਮਹਾਨ ਰਹਿਬਰ ਦੀ ਅਗੰਮੀ ਗਾਥਾ ਹੈ। ਸੰਤ ਮਹਾਰਾਜ ਜੀ ਨੇ ਸਭ ਤੋਂ ਪਹਿਲਾਂ ਸਤਿਯੁਗ, ਤ੍ਰੇਤਾ, ਦੁਆਪਰ ਅਤੇ ਕਲਯੁੱਗ ਦੇ ਲੱਛਣਾਂ ਦੀ ਵਿਆਖਿਆ ਕਰਕੇ ਵਿਸ਼ੇਸ਼ ਤੌਰ ਤੇ ਇਸ ਯੁੱਗ ਦੀ ਮਾਨਸਿਕਤਾ ਰੂਪਮਾਨ ਕੀਤੀ ਹੈ। ਗੁਰਬਾਣੀ ਦੇ ਪ੍ਰਮਾਣ ਦਿੰਦਿਆਂ ਆਪ ਜੀ ਦਸਦੇ ਹਨ ਕਿ ਇਸ ਯੁੱਗ ਦੀ ਪ੍ਰਧਾਨ ਰੁਚੀ, ਨਾਮ ਤੋਂ ਵਿਛੜੇ ਹੋਣ ਕਾਰਨ ਪ੍ਰੇਤਾਂ ਵਾਲੀ ***(ਕਲਿ ਮਹਿ ਪ੍ਰੇਤ ਜਿਨੀ ਰਾਮੁ ਨ ਪਛਾਤਾ......॥*** *(ਅੰਗ-੧੧੩੧)* ਜਾਂ ਜਿੰਨਾ ਵਾਲੀ ਹੈ। ***(ਕਲੀ ਅੰਦਰਿ ਨਾਨਕਾ ਜਿੰਨਾਂ ਦਾ ਅਉਤਾਰੁ॥*** *(ਅੰਗ-੫੫੬)* ਅਤੇ ਇਸ ਯੁੱਗ ਵਿਚ ਜ਼ੋਰ, ਜ਼ੁਲਮ, ਝੂਠ, ਨਾਸਤਿਕਤਾ, ਤ੍ਰਿਸ਼ਨਾ, ਕਾਮ, ਕ੍ਰੋਧ, ਮੋਹ, ਵਿਕਾਰ ਦਾ ਬੋਲ ਬਾਲਾ ਹੈ। ਇਸ ਯੁੱਗ ਨੂੰ ਕੁੱਤੇ ਮੁਹੀ ਵੀ ਆਖਿਆ ਗਿਆ ਹੈ। ਕਲਜੁਗੀ ਬੰਦਿਆਂ ਦੀ ਸਾਰੀ ਸੋਚ ਆਪਣੇ ਅਸਲੇ ਤੋਂ ਟੁੱਟ ਕੇ ਉਲਟੀ ਹੋ ਗਈ ਹੈ। ਹੱਕ ਨਾ ਹੱਕ ਦੀ ਵਿਚਾਰ ਖਤਮ ਹੋ ਗਈ ਹੈ?

ਐਸੀ ਨਾਜ਼ੁਕ ਗਿਰਾਵਟ ਭਰੀ ਹਾਲਤ ਵਿਚ ਹਿੰਦੂ ਧਾਰਾ ਨਾਲ ਸਬੰਧਿਤ ਯੋਗੀਆਂ, ਸੰਨਿਆਸੀਆਂ, ਨਾਥਾਂ, ਬ੍ਰਾਹਮਣਾਂ ਦੀ ਕੀ ਕਿਰਿਆ ਸੀ ਅਤੇ ਇਸਲਾਮ ਦੇ ਵੱਖ-ਵੱਖ ਫਿਰਕਿਆਂ ਦੀਆਂ ਕੀ ਮਾਨਤਾਵਾਂ ਸਨ, ਸੰਤ ਮਹਾਰਾਜ ਜੀ ਨੇ ਬੜੀ ਨਿਪੁੰਨਤਾ ਨਾਲ ਦੱਸੀਆਂ ਹਨ। ਉਪਰੰਤ ਇਹ ਦਸਿਆ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਨੂਰਾਨੀ ਜੋਤਿ ਦੇ ਪ੍ਰਕਾਸ਼ ਨੇ ਇਸ ਧੁੰਧੂਕਾਰ ਨੂੰ ਕਿਵੇਂ ਦੂਰ ਕੀਤਾ? ਸ੍ਰੀ ਗੁਰੂ ਨਾਨਕ ਜੀਵਨ ਬ੍ਰਿਤਾਂਤ ਕੇਵਲ ਨਾਵਾਂ ਥਾਵਾਂ ਅਤੇ ਘਟਨਾਵਾਂ ਦੀ ਹੀ ਕਹਾਣੀ ਨਹੀਂ, ਸਗੋਂ ਸੰਤ ਮਹਾਰਾਜ ਜੀ ਨੇ ਇਸ ਵਿਚ ਗੁਰੂ ਜੀ ਦਾ ਅਗੰਮੀ ਜੀਵਨ ਬਿਰਤਾਂਤ ਬਿਆਨਿਆ ਹੈ ਜਿਸ ਵਿਚ ਵਿਸ਼ੇਸ਼ ਤੌਰ ਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਫਿਲੋਸਫੀ (ਦਰਸ਼ਨ) ਨੂੰ ਸਪੱਸ਼ਟ ਤੇ ਸਰਲ ਭਾਸ਼ਾ ਵਿਚ ਦਰਸਾਇਆ ਗਿਆ ਹੈ। ਸੰਸਾਰ ਰਚਨਾ ਕਦੋਂ ਹੋਈ, ਕਿਵੇਂ ਹੋਈ? ਸ਼ਬਦ ਕੀ ਹੈ? ਨਾਮ ਕੀ ਹੈ? ਰਚਨਾ ਕੀ ਹੈ? ਰਚਨਾ ਸੱਚ ਹੈ ਜਾਂ ਝੂਠ? ਦੁਖ ਕੀ ਹੈ? ਹਉਮੈ ਕੀ ਹੈ? ਜੀਵਨ ਆਦਰਸ਼ ਕੀ ਹੈ? ਅਤੇ ਯੋਗੀਆਂ ਨਾਲ ਹੋਏ ਗੰਭੀਰ ਸੰਵਾਦ ਇਸ ਲੇਖ ਦਾ ਵਿਸ਼ਾ ਬਣੇ ਹਨ ਜਿਨ੍ਹਾਂ ਨੂੰ ਪੜ੍ਹ ਕੇ ਪਾਠਕ ਦੀ ਨਿਸ਼ਾ ਹੋ ਜਾਂਦੀ ਹੈ ਅਤੇ 'ਸਭ ਤੇ ਵਡਾ ਸਤਿਗੁਰੂ ਨਾਨਕ' ਪੂਰੀ ਤਰ੍ਹਾਂ ਸਿੱਧ ਹੋ ਜਾਂਦਾ ਹੈ।

ਅਗਲੇ ਤਿੰਨ ਲੇਖ ਸ੍ਰੀ ਗੁਰੂ ਨਾਨਕ ਦੇਵ ਜੀ ਦੀ

ਦਸਵੀਂ ਜੋਤ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਮਹਾਨ ਸਖਸ਼ੀਅਤ, ਜੀਵਨ ਆਦਰਸ਼, ਧਰਮ ਸਿਧਾਂਤ ਅਤੇ ਖਾਲਸੇ ਦੀ ਰਚਨਾ ਸਬੰਧੀ ਹਨ। ਪਹਿਲਾ ਲੇਖ 'ਬਾਂਧੈ ਭਗਤੁ ਨ ਛੂਟੇ ਮੋਹਿ' ਦਸਵੇਂ ਪਾਤਸ਼ਾਹ ਦੇ ਆਦਰਸ਼ਾਂ ਦੇ ਨਾਲ-ਨਾਲ ਗੁਰਬਾਣੀ ਦੇ ਇਕ ਐਸੇ ਸਿਧਾਂਤ ਨੂੰ ਪੇਸ਼ ਕਰਦਾ ਹੈ ਜੋ ਹੁਣ ਤਕ ਅਣਗੋਲਿਆ ਹੀ ਰਿਹਾ ਹੈ। ਮੁੱਢਲਾ ਸਿਧਾਂਤ ਆਪ ਜੀ ਨੇ ਇਹ ਦਰਸਾਇਆ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਪਿਤਾ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਵਿਚਾਰਾਂ ਨੂੰ ਹੀ ਅਮਲ ਵਿਚ ਲਿਆਂਦਾ - (ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨਿ॥ (ਅੰਗ-1427) ਆਪ ਜੀ ਨੇ ਠੀਕ ਹੀ ਲਿਖਿਆ ਹੈ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਦਾ ਅਸਰ ਹਕੂਮਤ ਦੀ ਸੋਚ ਤੋਂ ਬਿਲਕੁਲ ਪ੍ਰਤੀਕੂਲ ਸੀ। ਉਨ੍ਹਾਂ (ਗੁਰਸਿੱਖਾਂ) ਦੇ ਅੰਦਰੋਂ ਡਰ ਬਿਲਕੁਲ ਨਿਕਲ ਚੁਕਿਆ ਸੀ। ਨਿਰਭਉ ਨੂੰ ਸਿਮਰ ਕੇ ਨਿਰਭੈ ਅਵਸਥਾ ਦੇ ਮਾਲਕ ਬਣ ਚੁੱਕੇ ਸੀ। ਇਸੇ ਤਰ੍ਹਾਂ ਗੁਰਸਿੱਖਾਂ ਦਾ ਜੋਸ਼ ਅਤੇ ਉਭਾਰ ਮਾਰੂ ਨਹੀਂ ਸੀ, ਸਗੋਂ ਚੜ੍ਹਦੀ ਕਲਾ ਦਾ ਪ੍ਰਤੀਕ ਸੀ। ਜਿਨ੍ਹਾਂ ਦਾ ਨਿਸ਼ਚਾ ਸੀ ਕਿ ਆਪ ਸੁਤੰਤਰਤਾ ਦੇ ਨਾਲ ਜੀਵੋ ਅਤੇ ਦੂਸਰਿਆਂ ਨੂੰ ਜਿਉਣ ਦਾ ਮੌਕਾ ਦੇਵੋ। ਆਪਣੇ ਅਸੂਲਾਂ ਨੂੰ ਜ਼ੋਰ-ਜ਼ਬਰ ਤੋਂ ਡਰ ਕੇ ਤਿਆਗਣ ਨਾਲੋਂ ਆਪਣੇ ਜੀਵਨ ਦਾ ਬਲੀਦਾਨ ਦੇਣਾ ਬਹੁਤ ਹੀ ਲਾਭਦਾਇਕ ਹੈ।

ਨਾਵਾਂ ਥਾਵਾਂ ਦੇ ਵਿਸਥਾਰ ਨਾਲੋਂ ਮਹਾਨ ਸੰਤ ਲੇਖਕ ਨੇ ਸਿਧਾਂਤਾਂ ਦੀ ਵਿਆਖਿਆ ਨੂੰ ਪਹਿਲ ਦਿਤੀ ਹੈ। ਸਿਮਰਨ ਅਤੇ ਸੇਵਾ ਗੁਰਮਤਿ ਦੇ ਮੂਲ ਸਿਧਾਂਤ ਹਨ। ਦੋਵੇਂ ਇਕ ਦੂਜੇ ਦੇ ਪੂਰਕ ਹਨ। ਮਨ ਦੀ ਨਿਰਮਲਤਾ ਲਈ ਸੇਵਾ ਆਵਸ਼ਕ ਹੈ ਅਤੇ ਨਿਰਮਲਤਾ ਬਿਨਾਂ ਨਾਮ ਵਿਚ ਮਨ ਨਹੀਂ ਜੁੜ ਸਕਦਾ। ਆਪ ਜੀ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਲੋਂ ਪ੍ਰਗਟਾਏ ਸੇਵਾ ਸੰਕਲਪ ਨੂੰ ਸਪੱਸ਼ਟ ਕਰਦਿਆਂ ਲਿਖਿਆ ਹੈ, 'ਸੇਵਾ, ਜੇ ਵਿਧੀ ਪੂਰਵਕ ਕੀਤੀ ਜਾਵੇ, ਤਾਂ ਥਾਂ ਪਿਆ ਕਰਦੀ ਹੈ। ਆਪਣੇ ਤਨ, ਮਨ ਨੂੰ ਗੁਰੂ ਅੱਗੇ ਭੇਟ ਕਰਕੇ ਸੇਵਾ ਕਰਨੀ ਸਫਲ ਹੋਇਆ ਕਰਦੀ ਹੈ। ਜੋ ਇਸ ਦੇ ਵਿਪਰੀਤ ਹਉਮੈ ਵਿਚ ਸੇਵਾ ਕੀਤੀ ਜਾਵੇ ਤਾਂ ਉਹ ਸੇਵਾ ਸੁਖ ਤੇ ਸ਼ਾਂਤੀ ਨਹੀਂ ਦਿਆ ਕਰਦੀ, ਉਸ ਦੀ ਥਾਂ ਤੇ ਆਦਮੀ ਦੇ ਮਨ ਵਿਚ ਤਮੋ ਗੁਣ ਪੈਦਾ ਹੋ ਜਾਂਦਾ ਹੈ। ਸੇਵਾ ਉਸੇ ਦੀ ਥਾਂ ਪੈਂਦੀ ਹੈ ਜੋ ਨਿਸ਼ਕਾਮ ਹੋ ਕੇ ਸੇਵਾ ਕਰਦਾ ਹੈ। ਉਸ ਦੀ ਸੇਵਾ ਕਰਨ ਨਾਲ ਅੰਦਰਲਾ ਅਨ੍ਹੇਰਾ ਦੂਰ ਹੋ ਜਾਇਆ ਕਰਦਾ ਹੈ ਅਤੇ ਅੰਦਰ ਜੋਤਿ ਜਗ ਪੈਂਦੀ ਹੈ, ਅਨਹਦ ਸ਼ਬਦ ਦੀ ਧੁਨ ਵਿਚ ਮਸਤ ਹੋਇਆ ਮਨ ਸਦਾ ਹੀ ਖਿੜਿਆ ਰਹਿੰਦਾ ਹੈ ਅਤੇ ਅੰਤ ਅਜਿਹੇ ਗੁਰਸਿੱਖ ਨੂੰ ਗੁਰੂ ਉਪਦੇਸ਼ ਦੇ ਕੇ ਪਾਰਬ੍ਰਹਮ ਨਾਲ ਅਭੇਦ ਕਰਾ ਦਿੰਦਾ ਹੈ।

'ਬਾਂਧੈ ਭਗਤੁ ਨ ਛੂਟੈ ਮੋਹਿ' ਅਰਥਾਤ ਗੁਰੂ ਆਪਣੇ ਪਿਆਰਿਆਂ ਗੁਰਸਿੱਖਾਂ ਦੀ ਕੀਤੀ ਹੋਈ ਕਦੇ ਮੋੜਿਆ ਨਹੀਂ ਕਰਦਾ। ਗੁਰਮਤਿ ਦਾ ਇਹ ਪੱਖ ਅਣਗੋਲਿਆ ਹੀ ਰਿਹਾ ਹੈ। ਆਪ ਜੀ ਨੇ ਇਸ ਸਿਧਾਂਤ ਨੂੰ ਅਨੇਕ ਸਾਖੀ ਪ੍ਰਮਾਣਾਂ ਰਾਹੀਂ ਸਪੱਸ਼ਟ ਕੀਤਾ ਹੈ ਜਿਵੇਂ ਰਿੱਛ ਵਿਚੋਂ ਸੋਭਾ ਰਾਮ ਦੀ ਰੂਹ ਪ੍ਰਗਟ ਕਰਕੇ ਦਸਵੇਂ ਪਾਤਸ਼ਾਹ ਨੇ ਦਸਿਆ ਕਿ ਇਹ ਸਿੱਖ ਸੱਤਵੇਂ ਅੱਠਵੇਂ ਅਤੇ ਨੌਵੇਂ ਪਾਤਸ਼ਾਹ ਦੀ ਸੇਵਾ ਵਿਚ ਚੌਰ ਬਰਦਾਰ ਸੀ। ਇਕ ਕਿਰਤੀ ਸਿੱਖ ਭਾਈ ਧੰਨਾ ਜੀ ਨੂੰ ਕਬੋਲ ਬੋਲਣ ਕਾਰਨ ਉਸ ਨੂੰ ਰਿੱਛ ਦੀ ਜੂਨ ਭੁਗਤਣੀ ਪਈ। ਭਾਈ ਧੰਨਾ ਜੀ ਪੂਰਨ ਸਾਧ ਸਰੂਪ ਸੀ। ਗੁਰਬਾਣੀ ਦਾ ਸਿਧਾਂਤ ਹੈ - 'ਪ੍ਰਭ ਜੀ ਬਸਹਿ ਸਾਧ ਕੀ ਰਸਨਾ।' ਇੰਜ ਹੀ ਪੰਜਵੇਂ ਪਾਤਸ਼ਾਹ ਦੇ ਸਮੇਂ ਬੁੱਧੂਸ਼ਾਹ ਨਾਲ ਵਾਪਰਿਆ। ਉਸ ਨੇ ਭਾਈ ਲੱਖੂ ਨੂੰ ਲੰਗਰ ਛਕਾਉਣ ਤੋਂ ਨਾਂਹ ਕੀਤੀ ਤਾਂ ਉਸ ਨੇ ਸੁਭਾਵਿਕ ਹੀ ਕਹਿ ਦਿਤਾ, 'ਕੱਚੇ ਰਹਿਣਗੇ, ਕੱਚੇ ਰਹਿਣਗੇ, ਬੁੱਧੂ ਦੇ ਆਵੇ ਕੱਚੇ ਰਹਿਣਗੇ'। ਇਕ ਸਾਖੀ ਰਾਏਪੁਰ ਰਾਣੀ ਦੇ ਵਾਸੀ ਭਾਈ ਸੋਹਣਾ ਅਤੇ ਬੀਬੀ ਮੋਹਣਾ ਦੀ ਹੈ ਜਿਨ੍ਹਾਂ ਨੇ ਠਾਕੁਰ ਨਮਿਤ ਰਖਿਆ ਜਲ ਇਕ ਘਾਇਲ ਪਿਆਸੇ ਗੁਰਸਿੱਖ ਨੂੰ ਦੇਣ ਤੋਂ ਨਾਂਹ ਕਰ ਦਿਤੀ। ਗੁਰਸਿੱਖ ਨੇ ਪ੍ਰਾਣ ਤਿਆਗਦਿਆਂ ਸੁਭਾਵਿਕ ਹੀ ਬਚਨ ਕੀਤੇ, ਠਾਕੁਰਾਂ ਨੂੰ ਪਿਆਰ ਵੀ ਕਰਨਾ ਪਰ ਉਸ ਦੇ ਬੰਦਿਆਂ ਨੂੰ ਦੋ ਘੁੱਟ ਪਾਣੀ ਵੀ ਨਾ ਪਿਲਾਉਣਾ, ਠਾਕੁਰ ਨੇ ਦਰਸ਼ਨ ਬਿਲਕੁਲ ਨਹੀਂ ਦੇਣੇ। ਗੁਰਸਿੱਖ ਦੇ ਬਚਨਾਂ ਵਿਚ ਬੱਝੇ ਦਸਮ ਪਾਤਸ਼ਾਹ ਨੇ ਤਨੋ ਮਨੋ ਸੇਵਾ ਵਿਚ ਲੱਗੇ ਇਸ ਦੰਪਤੀ ਆਦਰਸ਼ਕ ਜੋੜੇ ਨੂੰ ਦਰਸ਼ਨ ਦੇਣ ਤੋਂ ਨਾਂਹ ਕਰ ਦਿਤੀ ਇਨ੍ਹਾਂ ਸਾਰੀਆਂ ਸਾਖੀਆਂ ਵਿਚ ਬਖਸ਼ਿੰਦ ਗੁਰੂ ਜੀ ਨੇ ਹੋਈਆਂ ਭੁੱਲਾਂ ਦੀ ਖਿਮਾਂ ਬਖਸ਼ਦਿਆਂ ਆਖਰ ਇਨ੍ਹਾਂ ਦਾ ਨਿਸਤਾਰਾ ਵੀ ਕਰ ਦਿਤਾ।

ਇਹ ਕਥਾਵਾਂ ਐਨੀਆਂ ਰੌਚਕ ਹਨ ਅਤੇ ਕਹਿਣ-ਢੰਗ ਐਨਾ ਖਿੱਚ ਭਰਿਆ ਹੈ ਕਿ ਪਾਠਕ ਸਾਹੋਸਾਹ ਪੜ੍ਹੀ ਜਾਂਦਾ ਹੈ। ਲਿਵ ਸਹਿਜ ਸੁਭਾਅ ਹੀ ਜੁੜ ਜਾਂਦੀ ਹੈ। ਦਰਅਸਲ ਸੰਤ ਮਹਾਰਾਜ ਜੀ ਵਾਰਤਾ ਨੂੰ ਐਸੇ ਨਾਟਕੀ ਢੰਗ ਨਾਲ ਸੁਣਾਉਂਦੇ ਹਨ ਕਿ ਬਿਆਨ ਕੀਤਾ ਜਾ ਰਿਹਾ ਪ੍ਰਸੰਗ ਸਮੁੱਚੇ ਰੂਪ ਵਿਚ ਸਾਮ੍ਹਣੇ ਵਾਪਰਦਾ ਦਿਸ ਆਉਂਦਾ ਹੈ। ਇਹੋ ਇਸ ਲਿਖਤ ਦਾ ਕਮਾਲ ਹੈ। ਹਿਰਦੇ ਨੂੰ ਵਿੰਨਦੀ ਕਲਾਤਮਕ ਸ਼ੈਲੀ ਪਾਠਕ ਨੂੰ ਕੀਲ ਲੈਂਦੀ ਹੈ ਅਤੇ ਦਸਿਆ ਗਿਆ ਆਦਰਸ਼ ਆਪਣੀ ਅਮਿੱਟ ਛਾਪ ਛੱਡ ਜਾਂਦਾ ਹੈ।

ਪ੍ਰਸੰਗਾਂ ਅਤੇ ਪ੍ਰਮਾਣਾਂ ਦੀ ਅਮੀਰੀ ਇਨ੍ਹਾਂ ਲੇਖਾਂ ਦਾ ਪੀਰੀ ਗੁਣ ਹੈ। ਸਾਖੀ ਪ੍ਰਮਾਣਾਂ ਦੀ ਪ੍ਰਮਾਣੀਕਤਾ ਹਿਤ ਸਮੇਂ ਸਥਾਨ ਅਤੇ ਨਾਵਾਂ ਦਾ ਪੂਰਾ-ਪੂਰਾ ਵੇਰਵਾ ਦਸਿਆ ਹੈ। ਪ੍ਰਮਾਣ ਕੇਵਲ ਗੁਰ ਇਤਿਹਾਸ ਅਤੇ ਸਿੱਖ

ਇਤਿਹਾਸ ਵਿਚੋਂ ਹੀ ਨਹੀਂ, ਸਗੋਂ ਭਾਰਤ ਦੇ ਅਤੇ ਦੁਨੀਆਂ ਦੇ ਅਨੇਕ ਮਤ ਮਤਾਤਰਾਂ ਵਿਚੋਂ ਵੀ ਦਿਤੇ ਹਨ। ਅਗਲਾ ਲੇਖ 'ਪੂਰੀ ਹੋਈ ਕਰਾਮਾਤ' 'ਵਿਸਾਖੀ' ਨਾਲ ਸਬੰਧਿਤ ਹੈ।

1699 ਦੀ ਵਿਸਾਖੀ ਨੂੰ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ ਤੇ 'ਖਾਲਸੇ ਦੀ ਸਿਰਜਨਾ' ਦੇ ਰੂਪ ਵਿਚ ਜੋ ਕਰਾਮਾਤ ਸੰਪੰਨ ਹੋਈ, ਉਸ ਦੀ ਵਿਸ਼ੇਸ਼ਤਾ ਅਤੇ ਗੌਰਵ ਨੂੰ ਕੋਈ ਅਨੁਭਵੀ ਪੁਰਸ਼ ਹੀ ਦਸ ਸਕਣ ਦੇ ਸਮਰੱਥ ਹੋ ਸਕਦਾ ਹੈ। ਖਾਲਸੇ ਦੀ ਸਿਰਜਨਾ ਸਰਬ ਮਨੁੱਖਤਾ ਦੇ ਹਜ਼ਾਰਾਂ ਸਾਲਾਂ ਦੇ ਇਤਿਹਾਸ ਵਿਚ ਵਾਪਰੀ ਇਕ ਵਚਿੱਤਰ ਘਟਨਾ ਹੈ ਜਿਸ ਦੀ ਅਹਿਮੀਅਤ ਨੂੰ ਸੰਤ ਮਹਾਰਾਜ ਜੀ ਨੇ ਅੰਤਰ ਆਤਮੇ ਵਿਚ ਅਨੁਭਵ ਕਰਕੇ ਬੜੇ ਭਾਵ ਪੂਰਤ ਸ਼ਬਦਾਂ ਰਾਹੀਂ ਸਾਕਾਰ ਕੀਤਾ ਹੈ। ਚੂੰਕਿ ਇਹ ਕਰਾਮਾਤੀ ਘਟਨਾ ਭਾਰਤ ਵਰਸ਼ ਦੀ ਧਰਤੀ ਤੇ ਵਾਪਰੀ, ਇਸ ਲਈ ਆਪ ਜੀ ਨੇ ਜ਼ਰੂਰੀ ਸਮਝਿਆ ਕਿ ਭਾਰਤ ਦੇ 5000 ਸਾਲ ਦੇ ਇਤਿਹਾਸ ਨੂੰ ਪਿੱਠ ਭੂਮੀ ਵਿਚ ਰੱਖ ਕੇ ਖਾਲਸੇ ਦੇ ਕ੍ਰਿਤਿਤ੍ਵ ਨੂੰ ਸ਼ੁਧ ਰੂਪ ਵਿਚ ਪ੍ਰਗਟ ਕੀਤਾ ਜਾਵੇ। ਦੁਆਪਰ ਯੁੱਗ ਵਿਚ ਵਾਪਰਿਆ ਮਹਾਂਭਾਰਤ ਦਾ ਦੁਖਾਂਤ, ਕਲਯੁੱਗ ਦੇ ਆਰੰਭ ਤੋਂ ਹੀ ਮਨੁੱਖੀ ਕਦਰਾਂ ਕੀਮਤਾਂ ਵਿਚ ਆਇਆ ਨਿਘਾਰ, ਬੁੱਧ ਮਤ ਅਤੇ ਜੈਨ ਮਤ ਵਲੋਂ ਮਨੁੱਖਤਾ ਨੂੰ ਦਿਤੀ ਗਈ ਸੇਧ ਦਾ ਸੁਚੱਜਤਾ ਨਾਲ ਜ਼ਿਕਰ ਕਰਕੇ ਆਪ ਜੀ ਨੇ ਇਸਲਾਮ ਦੇ ਦੋਵੇਂ ਪੱਖ ਬੜੀ ਨਿਪੁੰਨਤਾ ਨਾਲ ਉਜਾਗਰ ਕੀਤੇ ਹਨ। ''ਇਕ ਪਾਸੇ ਇਸਲਾਮ ਭਰਾਤਰੀ ਭਾਵ, ਪ੍ਰਸਪਰ ਵਫਾਦਾਰੀ, ਸੇਵਾ ਭਾਵ ਧਰਮ ਪਿਆਰ ਭਰਪੂਰ ਅਤੇ ਇਕ ਪ੍ਰਭੂ ਨੂੰ ਪਿਆਰ ਕਰਨ ਵਾਲਾ ਸੀ ਪਰ ਦੂਜੇ ਬੰਨੇ.....ਪਿਛੋਂ ਆਏ ਇਸਲਾਮ ਦੇ ਰਾਜੇ ਬਹੁਤ ਹੀ ਖੂਨ ਖੁਆਰ ਅਤੇ ਜ਼ਾਲਮ ਹੋ ਨਿਬੜੇ ਅਤੇ ਬੇਦਰਦੀ ਦੇ ਭਾਵ ਵਿਚ ਲੀਨ ਹੋਏ ਆਪਣੇ ਕੀਤੇ ਗਏ ਅਤਿਆਚਾਰਾਂ ਨੂੰ ਭੀ ਪੁੰਨ ਹੀ ਮੰਨਦੇ ਰਹੇ। ਉਹ ਇਸਲਾਮ ਦੇ ਉਚੇ ਅਸੂਲਾਂ ਤੋਂ ਥਿੜਕੇ ਹੋਏ ਸਨ ਪਰ ਮਜ਼ਹਬ ਦਾ ਬੁਰਕਾ ਪਹਿਨ ਕੇ ਧਰਮੀ ਬਣਨਾ ਚਾਹੁੰਦੇ ਸਨ। ਬਾਬਰ ਦੇ ਹਮਲੇ ਦੀ ਤਬਾਹੀ (1521 ਈ.) ਦਾ ਜੋ ਪ੍ਰਤੀਕਰਮ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਕੋਮਲ ਹਿਰਦੇ ਤੇ ਹੋਇਆ ਉਹ 'ਖੁਰਾਸਨ ਖਸਮਾਨਾ ਕੀਆ' ਸ਼ਬਦ ਵਿਚ ਅੰਕਿਤ ਹੈ। ਆਪ ਜੀ ਨੇ ਇਸ ਦੁਖਾਂਤ ਦਾ ਸਵਿਸਥਾਰ ਜ਼ਿਕਰ ਕੀਤਾ ਹੈ। ਦੂਜੇ ਬੰਨੇ ਭਾਰਤੀ ਸਮਾਜ ਦੀਆਂ ਅੰਦਰਲੀਆਂ ਕਮਜ਼ੋਰੀਆਂ ਵੀ ਆਪ ਜੀ ਨੇ ਨਿਰਪੱਖ ਹੋ ਕੇ ਦਰਸਾਈਆਂ ਹਨ। ਜਾਤ-ਪਾਤ, ਛੂਤ-ਛਾਤ, ਉਚ-ਨੀਚ, ਟੂਣੇ-ਟਾਮਣ, ਇਸਤ੍ਰੀ ਦਮਨ, ਸੂਤਕ ਪਾਤਕ, ਸਤੀ ਦਾ ਰਿਵਾਜ, ਐਸੀਆਂ ਕੁਝ ਕੁ ਦੁਖਾਂਤਕ ਧਾਰਨਾਵਾਂ ਹਨ ਜਿਨ੍ਹਾਂ ਦਾ ਜ਼ਿਕਰ ਆਪ ਜੀ ਨੇ ਦਿਲ ਟੁੰਬਵੇਂ ਢੰਗ ਨਾਲ ਕੀਤਾ ਹੈ। ਇਸ ਪਿੱਠ ਭੂਮੀ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਆਦਰਸ਼ ਨੂੰ ਜਿਸ ਖੂਬੀ ਨਾਲ ਅਤੇ ਸੰਕੋਚਵੇਂ ਸੂਤਰਿਕ ਢੰਗ ਨਾਲ ਆਪ ਜੀ ਨੇ ਰੂਪਮਾਨ ਕੀਤਾ ਹੈ, ਉਹ ਬੇਮਿਸਾਲ ਹੈ।

'ਖਾਲਸੇ ਦਾ ਐਸਾ ਆਦਰਸ਼ ਜੋ ਹਰ ਪ੍ਰਾਣੀ ਵਿਚ ਰੂਪਮਾਨ ਹੋ ਕੇ ਇਸ ਸੰਸਾਰ ਵਿਚ ਸੁੱਖ ਅਤੇ ਗਿਆਨ ਦਾ ਪ੍ਰਕਾਸ਼ ਕਰਦਾ ਰਹੇ ਅਤੇ ਜੀਵਨ ਵਿਚ ਦਇਆ, ਖਿਮਾ, ਧੀਰਜ, ਅਹਿੰਸਾ, ਸੰਤੋਖ, ਸੌਚ, ਸ਼ੀਲ, ਸੇਵਾ, ਦਾਨ ਅਤੇ ਮਿੱਠ ਬੋਲਾ ਦੂਰਦਰਸ਼ੀ ਅਤੇ ਸਰਬ ਸਾਂਝੇ ਵਿਚਾਰ ਰੱਖਣ ਵਾਲਾ, ਅਨਿਆ ਨੂੰ ਦੂਰ ਕਰਨ ਦੀ ਸਮਰੱਥਾ ਵਾਲਾ, ਵੰਡ ਕੇ ਖਾਣ ਵਾਲਾ, ਧਰਮ ਦੀ ਕਮਾਈ ਕਰਨ ਵਾਲਾ ਅਤੇ ਸਦਾ ਹੀ ਪ੍ਰਮੇਸ਼ਰ ਦੀ ਯਾਦ ਵਿਚ ਪਰੋਤਾ ਸੰਸਾਰ ਵਿਚ ਵਿਚਰਨ ਵਾਲਾ ਹੋਵੇ, ਆਪਣੇ ਸ਼ੁਭ ਕਰਤੱਵ ਦੀ ਪਾਲਣਾ ਕਰਦਿਆਂ ਨਾ ਹੀ ਕਿਸੇ ਤੋਂ ਡਰਦਾ ਹੋਵੇ ਅਤੇ ਨਾ ਹੀ ਕਿਸੇ ਨੂੰ ਡਰਾਉਂਦਾ ਹੋਵੇ। ਸਾਰੇ ਸੰਸਾਰ ਨੂੰ ਪ੍ਰਭੂ ਰੂਪ ਕਰਕੇ ਵੇਖਣ ਵਾਲਾ ਹੋਵੇ, ਸਰੀਰਕ ਤੰਦਰੁਸਤੀ ਵਿਚ ਪੂਰਨ ਹੋਵੇ, ਜਨਤਾ ਦੇ ਦੁਖ ਦੂਰ ਕਰਨ ਲਈ ਸਦਾ ਤਤਪਰ ਹੋਵੇ, ਸਾਰੇ ਸੰਸਾਰ ਦੇ ਨਿਸ਼ਚਿਆਂ ਦਾ ਸਤਿਕਾਰ ਕਰਨ ਵਾਲਾ ਹੋਵੇ, ਅਜਿਹਾ ਖਾਲਸਾ ਪੁਰਸ਼ ਸੰਸਾਰ ਵਿਚ ਪ੍ਰਗਟ ਕਰਨਾ ਬਹੁਤ ਹੀ ਜ਼ਰੂਰੀ ਸਮਝਿਆ ਗਿਆ।

ਆਪ ਜੀ ਨੇ ਇਸ ਲੇਖ ਵਿਚ ਸੀਸ ਬਲੀਦਾਨ ਸਬੰਧੀ ਪਏ ਭੁਲੇਖਿਆਂ ਨੂੰ ਦੂਰ ਕਰਦਿਆਂ ਸਪੱਸ਼ਟ ਸ਼ਬਦਾਂ ਵਿਚ ਲਿਖਿਆ ਹੈ ਕਿ ਗੁਰੂ ਮਹਾਰਾਜ ਜੀ ਨੇ ਪਰਤੱਖ ਰੂਪ ਵਿਚ ਸੀਸ ਉਤਾਰ ਕੇ ਫਿਰ ਪੰਜਾਂ ਨੂੰ ਜਿਉਂਦੇ ਕਰ ਦਿਤਾ। ਗੁਰੂ ਦਸ਼ਮੇਸ਼ ਪਿਤਾ ਜੀ ਨੇ ਉਨ੍ਹਾਂ ਗੁਰਸਿੱਖਾਂ ਦੇ ਸੀਸ ਆਪਣੇ ਦਸਤੇ ਮੁਬਾਰਕ ਨਾਲ ਧੜਾਂ ਨਾਲ ਜੋੜੇ। ਆਪ ਜੀ ਵਰਗੇ ਅਨੁਭਵੀ ਪੁਰਸ਼ਾਂ ਦੀ ਲੇਖਣੀ ਹੀ ਅਜਿਹੇ ਭੁਲੇਖਿਆਂ ਅਤੇ ਸ਼ੰਕਿਆਂ ਦਾ ਨਿਵਾਰਣ ਕਰ ਸਕਦੀ ਹੈ।

ਆਪ ਜੀ ਨੇ ਖਾਲਸੇ ਦੀ ਸਿਰਜਨਾ ਨੂੰ ਪੂਰਨ ਮਨੁੱਖ ਦੀ ਸਿਰਜਨਾ ਦਸਦਿਆਂ ਭਾਰਤ ਵਰਸ਼ ਲਈ ਅਤੇ ਮਨੁੱਖਤਾ ਦੇ ਸਮੁੱਚੇ ਇਤਿਹਾਸ ਵਿਚ ਇਸ ਦੀ ਗੌਰਵਤਾ ਰੂਪਮਾਨ ਕੀਤੀ ਹੈ, ''ਇਸ ਵਿਸਾਖੀ ਦੇ ਦਿਨ ਖਾਲਸੇ ਦੀ ਸਿਰਜਨਾ ਨਾਲ ਭਾਰਤ ਦਾ ਅੰਧਕਾਰਮਈ ਇਤਿਹਾਸ ਬਦਲ ਗਿਆ। ਅੱਜ ਹਜ਼ਾਰਾਂ ਸਾਲ ਲੰਘਣ ਪਿਛੋਂ ਇਕ ਪੂਰਨ ਮਨੁੱਖ ਸੰਸਾਰ ਦੇ ਰੰਗ ਮੰਚ ਵਿਚ ਪ੍ਰਗਟ ਹੋਇਆ ਜਿਸ ਨੂੰ ਖਾਲਸਾ ਕਹਿ ਕੇ ਸਤਿਕਾਰਿਆਂ ਗਿਆ।'' ਖੰਡ-ਖੰਡ ਹੋਇਆ ਸਮਾਜ ਤੇ ਮਨੁੱਖ ਗੁਰੂ ਜੀ ਦੀ ਅੰਮ੍ਰਿਤ ਦੀ ਦਾਤ ਨਾਲ ਸੰਪੂਰਨ ਮਨੁੱਖ ਦੇ ਰੂਪ ਵਿਚ ਕਿਵੇਂ ਸੰਪੰਨ ਹੋਇਆ, ਇਹ ਸੰਤ ਮਹਾਰਾਜ ਜੀ ਦੀ ਸਮਰੱਥ ਕਲਮ ਤੋਂ ਸ਼ਕਤੀਸ਼ਾਲੀ ਸ਼ੈਲੀ ਰਾਹੀਂ ਭਲੀਭਾਂਤ ਰੂਪਮਾਨ ਹੋਇਆ।

ਅਗਲਾ ਲੇਖ ਹੈ 'ਖ਼ਾਸਗਾਂ ਦਰ ਪਾਇ ਗੁਰੂ ਗੋਬਿੰਦ ਸਿੰਘ' ਜਿਸ ਦਾ ਭਾਵ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਐਸੀ ਸ੍ਰੇਸ਼ਠ ਸ਼ਖਸ਼ੀਅਤ ਦੇ ਮਾਲਕ ਸਨ ਕਿ ਵੱਡੇ-ਵੱਡੇ ਮਹਾਂਪੁਰਖ ਵੀ ਉਹਨਾਂ ਦੇ ਚਰਨਾਂ ਤੇ ਢਠਦੇ ਸਨ। ਗੁਰੂ ਦੀ ਸ਼ਰਨ ਵਿਚ ਆਉਣ ਤੋਂ ਵਰਜਨ ਵਾਲੀ ਸਭ ਤੋਂ ਵੱਡੀ ਸ਼ਕਤੀ 'ਹਉਮੈ' ਹੈ। ਮਨੁੱਖ ਅਤੇ ਰੱਬ ਵਿਚਾਲੇ ਵੀ ਹਉਮੈ ਦੀ ਇਹ ਕੂੜੀ ਕੰਧ ਇਕ ਬਹੁਤ ਵੱਡਾ ਵਿਘਨ (ਦੀਰਘ ਰੋਗ) ਹੈ। ਸਮੁੱਚੇ ਧਾਰਮਿਕ ਸਾਹਿਤ ਵਿਚ ਇਸ ਉਪਾਧੀ ਨੂੰ ਅਜਿਹੇ ਪ੍ਰਭਾਵਸ਼ਾਲੀ ਢੰਗ ਨਾਲ ਨਹੀਂ ਦਰਸਾਇਆ ਗਿਆ ਜਿਵੇਂ ਇਹ ਗੁਰਬਾਣੀ ਵਿਚ ਪ੍ਰਾਪਤ ਹੈ। ਨਾਂਹੀ ਸਿੱਖ ਸਾਹਿਤ ਵਿਚ ਇਸ ਦੀ ਸਹੀ ਵਿਆਖਿਆ ਹੀ ਉਪਲਬਧ ਹੈ। ਮਹਾਂਪੁਰਖਾਂ ਨੇ ਇਸ ਦੀਰਘ ਰੋਗ ਨੂੰ ਚੰਗੇ ਵੈਦ ਹੋ ਕੇ ਬੁੱਝਿਆ ਹੈ ਅਤੇ ਬੜੇ ਸੁਚੱਜੇ ਢੰਗ ਨਾਲ ਪ੍ਰਮਾਣਾਂ ਅਤੇ ਪ੍ਰਸੰਗਾਂ ਸਹਿਤ ਵਿਅਕਤ ਕੀਤਾ ਹੈ। ਇਸ ਲੇਖ ਵਿਚ ਆਪ ਜੀ ਨੇ ਇਕ ਤਾਂ ਗੁਰਬਾਣੀ ਦੇ ਪ੍ਰਸੰਗ ਵਿਚ 'ਹਉਮੈ' ਦਾ ਸਿਧਾਂਤਕ ਵਿਸ਼ਲੇਸ਼ਣ ਕੀਤਾ ਹੈ। ਦੂਜਾ ਆਪ ਜੀ ਨੇ ਦੋ ਇਤਿਹਾਸਕ ਪ੍ਰਸੰਗਾਂ ਰਾਹੀਂ ਇਸ ਦੀ ਵਿਆਖਿਆ ਕੀਤੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਇਸ ਵਿਸ਼ੇ ਤੇ ਹੋਇਆ ਸਿੱਧਾਂ ਨਾਲ ਸੰਬਾਦ ਪਹਿਲਾ ਪ੍ਰਸੰਗ ਹੈ। ਦੂਜਾ ਪਾਉਂਟਾ ਸਾਹਿਬ ਦੀ ਧਰਤੀ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਤੇ ਪੀਰ ਬੁੱਧੂਸ਼ਾਹ ਦਾ ਸੰਬਾਦ ਹੈ। ਬੜੀ ਸੂਤਰਿਕ ਸ਼ਬਦਾਵਲੀ ਵਿਚ ਇਹ ਪ੍ਰਸ਼ਨ ਅਤੇ ਉਤਰ, ਗੁਰੂ ਨਾਨਕ ਰਚਨਾ 'ਸਿੱਧ ਗੋਸ਼ਟ' ਵਿਚ ਪ੍ਰਾਪਤ ਹੈ -

*ਕਿਤੁ ਕਿਤੁ ਬਿਧਿ ਜਗੁ ਉਪਜੈ ਪੁਰਖਾ*
*ਕਿਤੁ ਕਿਤੁ ਦੁਖਿ ਬਿਨਸਿ ਜਾਈ॥*
*ਹਉਮੈ ਵਿਚਿ ਜਗੁ ਉਪਜੈ ਪੁਰਖਾ*
*ਨਾਮਿ ਵਿਸਰਿਐ ਦੁਖੁ ਪਾਈ॥* *ਅੰਗ - ੯੪੬*

ਦੂਜਾ ਪ੍ਰਸੰਗ ਮਹਾਨ ਤੇਜਸਵੀ ਸੂਫੀ ਪੀਰ, ਰਿਧੀਆਂ-ਸਿੱਧੀਆਂ ਦੇ ਮਾਲਕ, ਸਰਕਾਰੇ ਦਰਬਾਰੇ ਅਤੇ ਇਸਲਾਮ ਵਿਚ ਅਤਿ ਸਤਿਕਾਰਯੋਗ ਵਿਅਕਤੀ ਪੀਰ ਬੁੱਧੂਸ਼ਾਹ ਦਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਵਿਚ ਆਉਣ ਬਾਰੇ ਹੈ। 'ਝੂਠੀ ਹਉ ਦੀ ਸੰਜੋਅ' ਉਸ ਨੂੰ ਸਮਪਰਣ ਤੋਂ ਵਰਜਦੀ ਹੈ ਪਰ ਜਦੋਂ ਉਹ ਗੁਰੂ ਕ੍ਰਿਪਾ ਦਾ ਪਾਤਰ ਬਣ ਗਿਆ ਤਾਂ ਉਸ ਨੂੰ 'ਸੱਚ ਦੀ ਪਹਿਚਾਣ ਹੋ ਗਈ, ਹਿਰਦਾ ਸ਼ੁੱਧ ਹੋ ਗਿਆ, ਮਮਤਾ ਨਿਕਲ ਗਈ ਅਤੇ ਪਰਪੱਕ ਹੋ ਗਿਆ ਕਿ ਮੈਂ ਦੇਹ ਨਹੀਂ ਹਾਂ, ਮੈਂ ਪ੍ਰਾਣ ਨਹੀਂ ਹਾਂ, ਮੈਂ ਮਨ ਨਹੀਂ ਹਾਂ, ਮੈਂ ਇਨ੍ਹਾਂ ਤੋਂ ਨਿਆਰਾ ਨਿਰੋਲ ਸੱਚ ਹਾਂ।'' ਵਾਰਤਾ ਨਾਲ ਜੁੜਿਆ ਪਾਠਕ ਵੀ ਇਸ ਲੇਖ ਰਾਹੀਂ 'ਮੈਂ' 'ਮੇਰੀ' ਤੋਂ ਮੁਕਤ ਹੋ ਸਕਦਾ ਹੈ। 'ਹਉਮੈ' ਦੀ ਪਛਾਣ ਦੀ ਇਹ ਲੇਖ ਦੁਰਲਭ ਵਸਤੂ ਹੈ।

'ਬਾਬਾਣੀਆਂ ਕਹਾਣੀਆਂ ਪੁਤ ਸੁਪੁਤ ਕਰੇਨ' ਦੇ ਗੁਰਬਾਣੀ ਸਿਧਾਂਤ ਦੀ ਅਨੁਸਾਰਤਾ ਵਿਚ ਦੋ ਲੇਖ ਗੁਰੂ ਘਰ ਦੀਆਂ ਵਰੋਸਾਈਆਂ ਦੋ ਮਹਾਨ ਸਖਸ਼ੀਅਤਾਂ ਨੂੰ ਸਮਰਪਨ ਹਨ। ਇਕ ਲੇਖ ਸੁਗੰਧਤ ਜੀਵਨ ਸੰਤ ਅਤਰ ਸਿੰਘ ਜੀ ਰੇਰੂ ਸਾਹਿਬ ਦੀ ਜੀਵਨ ਗਾਥਾ ਹੈ। ਉਨ੍ਹਾਂ ਦੀ ਅਣਥੱਕ ਘਾਲਣਾ, ਨਾਮ-ਅਭਿਆਸ ਦੇ ਅੰਮ੍ਰਿਤਮਈ ਦ੍ਰਿਸ਼ ਉਹਨਾਂ ਦੀ ਕਥਨੀ ਅਤੇ ਕਰਨੀ ਦੀਆਂ ਕਰਾਮਾਤੀ ਜੀਵਨ ਝਲਕੀਆਂ ਇਸ ਲੇਖ ਵਿਚ ਨਿਰੂਪਣ ਹੋਈਆਂ ਹਨ। ''ਆਪ ਜੀ ਦੇ ਜੀਵਨ ਦੀ ਸਭ ਤੋਂ ਸ੍ਰੇਸ਼ਠ ਪ੍ਰਾਪਤੀ ਹੈ ਕਿ ਆਪ ਜੀ ਨੇ ਇਕ ਮਹਾਨ ਬਖਸ਼ਿਸ਼ ਕੀਤੀ ਕਿ ਸ੍ਰੀ 108 ਸੰਤ ਈਸ਼ਰ ਸਿੰਘ ਜੀ ਮਹਾਰਾਜ ਰਾੜੇ ਸਾਹਿਬ ਵਾਲਿਆਂ ਨੂੰ ਐਨੀ ਉਚੀ ਪਦਵੀ ਬਖਸ਼ਾ ਦਿਤੀ ਕਿ ਉਹ ਪ੍ਰਮੇਸ਼ਰ ਦਾ ਰੂਪ ਹੀ ਹੋ ਗਏ। ਸੰਤ ਅਤਰ ਸਿੰਘ ਜੀ ਦੇ ਸਰੀਰਕ ਤੌਰ ਤੇ ਅਲੋਪ ਹੋਣ ਪਿਛੋਂ ਆਪ ਦਾ ਸ਼ਬਦ ਨਾਦ ਬ੍ਰਹਿਮੰਡ ਵਿਚ ਗੂੰਜ ਉਠਿਆ ਅਤੇ ਸਾਰੇ ਸੰਸਾਰ ਵਿਚ ਫੈਲ ਗਿਆ। ਐਸੀ ਮਨੋਹਰ ਅਨੁਭਵੀ ਸ਼ਖਸੀਅਤ ਦੇ ਮਾਲਕ ਸਨ ਸੰਤ ਅਤਰ ਸਿੰਘ ਜੀ ਰੇਰੂ ਸਾਹਿਬ ਵਾਲੇ (ਦੂਜੀ ਮਹਾਨ ਸਖਸ਼ੀਅਤ ਹਨ, ਬ੍ਰਹਮਲੀਨ ਸ੍ਰੀ 108 ਸੰਤ ਈਸ਼ਰ ਸਿੰਘ ਜੀ ਮਹਾਰਾਜ, ਰਾੜਾ ਸਾਹਿਬ ਵਾਲੇ ਜਿਨ੍ਹਾਂ ਦੀ ਗਾਥਾ ਕੋਈ ਬ੍ਰਹਮਲੀਨ ਹੀ ਜਾਣ ਬੁੱਝ ਸਕਦਾ ਹੈ। ਰਤਵਾੜਾ ਸਾਹਿਬ ਦੇ ਮਹਾਂਪੁਰਸ਼ਾਂ ਨੇ ਇਸ ਲੇਖ ਦੇ ਸਿਰਲੇਖ ਵਿਚ ਹੀ ਸੰਕੇਤ ਦੇ ਦਿਤਾ ਹੈ ਕਿ ਮਹਾਂਪੁਰਖ ਰੱਬ ਦੇ ਨਿਕਟ ਵਸਦੇ ਹੋਏ ਕਦੇ ਇਸ ਭੇਤ ਨੂੰ ਪ੍ਰਗਟ ਨਹੀਂ ਕਰਦੇ -

*ਹੋਨਿ ਨਜੀਕਿ ਖੁਦਾਇ ਦੈ ਭੇਤੁ ਨ ਕਿਸੈ ਦੇਨਿ॥*
*ਅੰਗ- ੧੩੮੪*

ਐਸੇ ਪ੍ਰਵਚਨ ਉਨ੍ਹਾਂ ਨੇ ਆਪਣੇ ਅਨੁਭਵ ਵਿਚੋਂ ਕਹੇ ਹਨ ਅਤੇ ਲੇਖ ਵਿਚ ਸਿੱਧ ਕੀਤਾ ਹੈ ਕਿ ਕਿਵੇਂ ਰਾੜਾ ਸਾਹਿਬ ਵਾਲੇ ਮਹਾਂਪੁਰਸ਼ ਵਾਹਿਗੁਰੂ ਜੀ ਦੀ ਹਜ਼ੂਰੀ ਵਿਚ ਵਿਚਰਦੇ ਸਨ। ਏਸੇ ਲਈ ਇਸ ਗਾਥਾ ਤੋਂ ਪਾਠਕ ਨੂੰ ਉਨ੍ਹਾਂ ਦੀ ਸੰਗਤ ਦਾ ਰਸ ਵੀ ਮਿਲਦਾ ਹੈ ਅਤੇ ਨਵਾਂ ਉਤਸ਼ਾਹ ਵੀ।

'ਬਾਤ ਅਗੰਮ ਕੀ' ਦਾ ਸਤਵਾਂ ਭਾਗ ਪਾਠਕਾਂ ਦੇ ਹਿਰਦਿਆਂ ਨੂੰ ਠਾਰਦਾ ਵੀ ਹੈ, ਅਨੰਦਿਤ ਵੀ ਕਰਦਾ ਹੈ ਅਤੇ ਪੱਥ ਪ੍ਰਦਰਸ਼ਨ ਵੀ ਕਰਦਾ ਹੈ। ਸੰਤ ਮਹਾਰਾਜ ਜੀ ਨੇ ਅਲਪੱਗ ਨਿਮਾਣੇ ਸੇਵਕ ਨੂੰ ਕੁਝ ਸ਼ਬਦ ਲਿਖਣ ਦਾ ਮਾਣ ਬਖਸ਼ਿਆ ਹੈ, ਇਹ ਉਨ੍ਹਾਂ ਦੀ ਵਡਿਆਈ ਹੈ।

# ਨੂਰਾਨੀ ਮਿਲਾਪ - 27
# (ਗੁਰੁ ਨਾਨਕੁ ਜਿਨ ਸੁਣਿਆ ਪੇਖਿਆ.......)

*ਭਾਈ (ਡਾ.) ਸੁਖਵਿੰਦਰ ਸਿੰਘ*

***(ਲੜੀ ਜੋੜਨ ਲਈ ਦੇਖੋ, ਜੁਲਾਈ ਅੰਕ, ਪੰਨਾ-41)***

## ਮਨ ਦਾ ਚਾਨਣਾ ਤੇ ਸੱਚੀ ਕਿਰਤ

ਲੋਕਾਈ ਦੇ ਉਧਾਰ ਹਿਤ ਗੁਰੂ ਬਾਬਾ ਜੀ ਨੇ ਘਰ ਪਰਿਵਾਰ ਸਤਿਸੰਗੀਆਂ, ਸਾਕ ਸਨਬੰਧੀਆਂ, ਫਕੀਰਾਂ, ਕਾਜ਼ੀਆਂ, ਨਵਾਬ ਤੇ ਪ੍ਰੇਮੀ ਜਨਾਂ ਤੋਂ ਵਿਦਾਇਗੀ ਲੈ ਕੇ ਸੁਲਤਾਨਪੁਰੇ ਤੋਂ ਚਾਲੇ ਪਾ ਦਿੰਦੇ ਹਨ। ਕਿਸੇ ਨੂੰ ਕੋਈ ਇਲਮ ਨਹੀਂ ਕਿ ਕਿਥੇ ਜਾ ਰਹੇ ਹਨ? ਕਿਉਂ ਜਾ ਰਹੇ ਹਨ? ਕਦੋਂ ਮੁੜਨਗੇ? ਇਹਨਾਂ ਸਾਰਿਆਂ ਪ੍ਰਸ਼ਨਾਂ ਦੇ ਉਤਰ ਹਰ ਕੋਈ ਲੈਣ ਲਈ ਉਤਾਵਲਾ ਸੀ ਪਰ ਡਾਢੇ ਅੱਗੇ ਜ਼ੋਰ ਕਾਹਦਾ। ***'ਜਿਸੁ ਠਾਕੁਰ ਸਿਉ ਨਾਹੀ ਚਾਰਾ॥ ਤਾ ਕਉ ਕੀਜੈ ਸਦ ਨਮਸਕਾਰਾ ॥'*** *(ਅੰਗ-੨੬੮)* ਅਸਲ ਵਿਚ ਉਹ ਸਾਰੇ ਦੁਨਿਆਵੀ ਸੋਚ ਰਖਦੇ ਸਨ। ***'ਭਗਤਾ ਤੈ ਸੈਸਾਰੀਆ ਜੋੜੁ ਕਦੇ ਨ ਆਇਆ॥'*** ***(ਅੰਗ-੧੪੫)*** ਉਹਨਾਂ ਦਾ ਵਿਛੋੜੇ ਦਾ ਦਰਦ ਮੋਹ ਵਸ ਸੀ। ਮੋਹ ਦੀ ਸੀਮਾ ਹੈ, ਪਰ ਗੁਰੂ ਬਾਬਾ ਜੀ ਆਪ ਪ੍ਰੇਮ ਸਰੂਪ, ਪ੍ਰੀਤ ਦੇ ਸਾਗਰਾਂ ਦੇ ਮਾਲਕ ਸਨ। ਮੋਹ ਵਾਲੇ ਪ੍ਰੇਮ ਦੀ ਬਾਰਿਸ਼ ਤੋਂ ਅਭਿੱਜ ਰਹਿੰਦੇ ਹਨ। ਉਹਨਾਂ ਦੀ ਵੀਚਾਰ ਸੀਮਤ ਹੋਣ ਕਰਕੇ ਆਪਣੇ ਦੁਆਲੇ ਹੀ ਘੁੰਮਦੀ ਸੀ ਪਰ ਗੁਰੂ ਬਾਬਾ ਜੀ ਸਾਹਮਣੇ ਵੱਡਾ ਮਿਸ਼ਨ ਸੀ, ਵੱਡੀ ਮੁਹਿੰਮ ਦੀ ਆਰੰਭਤਾ ਸੀ। ਵੱਡੇ ਕਾਰਜ ਲਈ ਵੱਡੇ ਯੋਗਦਾਨ ਦੀ ਲੋੜ ਹੁੰਦੀ ਹੈ। ਉਹ ਧਰਤਿ ਲੋਕਾਈ ਨੂੰ ਸੋਧਣ ਦਾ ਮਿਸ਼ਨ ਸੀ। ਇਸ ਮਿਸ਼ਨ ਦੀ ਪੂਰਤੀ ਘਰ ਵਿਚ ਬੈਠ ਕੇ ਪੂਰੀ ਨਹੀਂ ਸੀ ਹੋਣੀ। ਨਿਜੀ ਜ਼ਿੰਦਗੀ ਦੇ ਸੁਖ ਆਰਾਮ, ਸਭ ਕੁਝ ਨੂੰ ਤਿਲਾਂਜਲੀ ਦੇ ਕੇ ਲੋਕਾਈ ਦੇ ਦੁੱਖ ਹਰਨ ਕਰਨੇ ਸਨ। ਆਪਣੇ ਤੇ ਕਸ਼ਟ ਦੁਖ ਝੱਲ ਕੇ ਲੋਕਾਈ ਨੂੰ ਸੁੱਖ ਪ੍ਰਦਾਨ ਕਰਨੇ ਸਨ। ਜਲਦੀ ਬਲਦੀ ਪ੍ਰਿਥਵੀ ਨੂੰ ਨਾਮ ਬਾਣੀ ਦਾ ਛੱਟਾ ਦੇ ਕੇ ਸ਼ਾਂਤ ਕਰਨਾ ਸੀ। ਮਨਾਂ ਵਿਚ ਪਏ ਹਨ੍ਹੇਰਿਆਂ ਨੂੰ ਦੂਰ ਕਰਕੇ ਚਾਨਣ ਦੀਆਂ ਕਿਰਨਾਂ ਨਾਲ ਰੋਸ਼ਨਾਇਆ ਜਾਣਾ ਸੀ। ਹਨ੍ਹੇਰ ਬੰਦ ਕੋਠੜੀਆਂ ਨੂੰ ਖੋਲ੍ਹ ਕੇ ਪ੍ਰਕਾਸ਼ਮਈ ਕਰਨਾ ਸੀ। ਇਸ ਵੱਡੇ ਮਿਸ਼ਨ ਨੂੰ ਨਾਮ ਦਿਤਾ ਗਿਆ, ਉਦਾਸੀਆਂ ਦਾ। ਚਲ ਪਏ ਉਦਾਸੀਆਂ ਤੇ। ਹੋ ਗਈ ਆਰੰਭਤਾ, ਜਾਗ ਪਏ ਜੀਵਾਂ ਦੇ ਭਾਗ। ਹੋ ਗਈਆਂ ਅਰਦਾਸਾਂ ਪ੍ਰਵਾਨ, ਆਸ ਬੱਝੀ ਕਿ ਕੋਈ ਆਉਣਗੇ, ਵਿਲਕਦਿਆਂ ਨੂੰ ਗਲ ਨਾਲ ਲਾਉਣ ਵਾਲੇ। ਜਨਮਾਂ-ਜਨਮਾਂ ਦੀ ਮੈਲ ਧੋਣ ਵਾਲੇ ਮਿਲਣਗੇ। ਬੇਰਸੀਆਂ ਨੂੰ ਹੋਵੇਗੀ ਰਸ ਦੀ ਪ੍ਰਾਪਤੀ। ਅਰਦਾਸਾਂ ਪ੍ਰਿਥਵੀ ਦੀਆਂ ਸਨ। ਗਰੀਬੀ ਬਾਣਾ ਧਾਰਨ ਕੀਤਾ। ਜਾ ਰਹੇ ਹਨ ਇਲਾਹੀ ਨੂਰ ਨਾਲ ਸ਼ਰਸ਼ਾਰ ਕਰਨ ਲਈ। ਸਚਿਆਰਤਾ ਬਖਸ਼ਣੀ ਹੈ। ਕੂੜ ਦੀਆਂ ਪਾਲਾਂ ਟੁੱਟਣਗੀਆਂ। ਹੁਕਮਿ ਦੀ ਖੇਡ ਵਰਤਣੀ ਹੈ। ਕਰਮਾਂ ਨੇ ਨਿਰਮਲ ਰੂਪ ਧਾਰਨ ਕਰਨਾ ਹੈ। ਨਾਮ ਧਰੀਕ ਸੱਜਣਾਂ ਨੂੰ ਅਸਲੀ ਸੱਜਣ, ਸੱਚੇ ਸੱਜਣ ਬਣਾਉਣਾ ਹੈ। ਨਾਮ ਧਰੀਕ ਸਾਧੂਆਂ ਨੂੰ ਸੱਚੇ-ਸੁੱਚੇ ਜੀਵਨ ਜੀਉਣ ਦੀ ਤਾਗੀਦ ਤੇ ਤਾੜਨਾ ਕਰਨੀ ਹੈ। ਟੁੱਟਿਆਂ ਨੂੰ ਜੋੜਨਾ ਹੈ। ਮਜ਼੍ਹਬਾਂ ਦੀਆਂ ਵਿਥਾਂ ਨਹੀਂ ਹਨ, ਖਿੱਤੇ, ਜਾਤ-ਪਾਤ ਭਰਮਾਂ ਦੇ ਬੰਧਨ, ਭੇਖ, ਪਾਖੰਡ ਤੋਂ ਉਪਰ ਉਠ ਕੇ 'ਸਭੇ ਸਾਂਝੀਵਾਲ ਸਦਾਇਨ' ਦਾ ਅਵਾਜ਼ਾ ਦੇਣਾ ਹੈ। ਸਦੀਵੀ ਸਿਧਾਂਤ, ਅਮਰ ਸਿਧਾਂਤ ਕਾਇਮ ਕਰਨੇ ਹਨ। ਆਪੇ ਦਾ ਪਰਮ ਆਪੇ ਵਿਚ ਲੀਨ ਹੋਣ ਦੇ ਸੁਖਾਲੇ ਆਤਮ ਮਾਰਗ ਦੀ ਸੋਝੀ ਕਰਾਉਣੀ ਹੈ। ਕਰਮ ਉਪਾਸਨਾ, ਗਿਆਨ, ਵਿਗਿਆਨ, ਮਲ, ਵਿਖਸ਼ੇਪ, ਆਵਰਨ ਦੇ ਪਰਦੇ ਤੋੜ ਕੇ ਅਭੇਦ ਅਵਸਥਾ ਬਖਸ਼ਣੀ ਹੈ। 'ਨਾ ਕੋ ਬੈਰੀ ਨਾਹੀ ਬਿਗਾਨਾ' ਦਾ ਬੇਗਮਪੁਰਾ ਸਥਾਪਿਤ ਕਰਨਾ ਹੈ। ਰਾਗ ਤੇ ਸ਼ਬਦ ਦਾ ਸੁਮੇਲ ਕਰਨਾ ਹੈ। ਰਾਗ ਤੇ ਬਾਣੀ ਦਾ ਸੁਮੇਲ ਕਰਕੇ ਕੀਰਤਨ ਭਗਤੀ ਦਾ ਅਨਹਦ ਨਾਦ ਲੋਕਾਈ ਨੂੰ ਬਖਸ਼ਣਾ ਹੈ। ਘਰ ਪਰਿਵਾਰ ਨਹੀਂ ਤਿਆਗਣਾ। ਜੰਗਲਾਂ, ਪਹਾੜਾਂ, ਗੁਫਾਵਾਂ ਵਿਚ ਨਹੀਂ ਜਾਣਾ। ਘਰ, ਸਮਾਜ ਵਿਚ ਰਹਿ ਕੇ ਸਬਦਿ ਸੁਰਤਿ ਦਾ ਮਾਰਗ ਦ੍ਰਿੜ੍ਹ ਕਰਾਉਣਾ ਹੈ। ਤੋੜਨੀਆਂ ਹਨ ਪੁਰਾਣੀਆਂ ਧਾਰਨਾਵਾਂ, ਪਾਉਣੇ ਹਨ ਨਵੇਂ ਪੂਰਨੇ, ਔਖਿਆਂ ਪੈਂਡਿਆਂ ਨੂੰ ਸਰਲ ਸੁਖੈਲ ਘਾਟੀਆਂ ਵਿਚ ਬਦਲਣਾ ਹੈ। ਚੀਟੀ ਮਾਰਗ ਤੇ ਬਿਹੰਗਮ ਮਾਰਗ ਦੀ ਸੋਝੀ ਕਰਾਉਣੀ ਹੈ। ਪ੍ਰੇਮ ਦਾ ਸਰੂਪ ਹਨ, ਪ੍ਰੇਮ ਵੰਡਣਾ ਹੈ। ਕਰਨੀ ਹੈ ਰਹਿਮਤ ਉਸ ਪਰਮ ਸ਼ਕਤੀ ਅਕਾਲ ਵਾਹਿਗੁਰੂ ਦੇ ਨਾਮ ਦੀ। ਪਿਆਉਣਾ ਹੈ ਪਿਆਲਾ ਜੋ ਮਿਲਿਆ ਸੀ ਧੁਰ ਦਰਗਾਹੋਂ। ਨਾਮ ਰੂਪੀ ਅੰਮ੍ਰਿਤ ਪਿਆਲਾ ਵੰਡਣਾ ਹੈ, ਕਰਨੀ ਹੈ ਲੋਕਾਈ ਸਰਸ਼ਾਰ। ਕਿਰਤ ਕਰਨੀ, ਨਾਮ ਜਪਣਾ, ਵੰਡ ਕੇ ਛਕਣ ਦਾ ਸਦੀਵੀ ਸਿਧਾਂਤ ਆਪ ਕਮਾ ਕੇ ਦਿਖਾਉਣਾ, ਫਿਰ ਲੋਕਾਈ ਲਈ ਸਦੀਵੀ ਮੀਲ ਪੱਥਰ ਰੂਪ 'ਚ ਕਾਇਮ ਕਰਨਾ। ਭਾਵ ਜੋ ਪ੍ਰਮੇਸ਼ਰ ਦੇ ਦਰ ਤੇ ਵਰਤਦਾ ਹੈ, ਕਰਾਉਣੀ ਸੀ ਸੋਝੀ ਉਸ ਦੀ ਲੋਕਾਈ ਨੂੰ। ਜੋ ਉਸ ਮਾਲਕ ਨੂੰ ਭਾਉਂਦਾ ਹੈ, ਉਸ ਦੇ ਨਦਰਿ ਦੇ ਪਾਤਰ ਬਣਾਉਣਾ ਸੀ ਲੋਕਾਈ ਨੂੰ। ਸੁਖੈਨ ਮਾਰਗ, ਨਾਮ ਮਾਰਗ, ਸੁਰਤਿ ਸਬਦਿ ਦੇ ਮਾਰਗ ਦਾ ਨਕਸ਼ਾ ਤਿਆਰ ਹੋ ਚੁੱਕਾ ਸੀ ਬੱਸ ਇਸ ਨਕਸ਼ੇ ਦੇ ਪਾਂਧੀ ਬਣਾਉਣ ਲਈ ਤੁਰ ਪਏ। ਸੱਚੇ ਪਾਤਸ਼ਾਹ! ਇਲਾਹੀ ਨਦਰਿ ਦੇ ਪੈਂਡੇ ਸ਼ੁਰੂ ਹੋ ਗਏ। ਨਾਲ ਕਿਸਨੂੰ ਲਿਆ ਭਾਈ ਮਰਦਾਨਾ ਤੇ ਭਾਈ ਬਾਲਾ ਜੀ ਨੂੰ।

ਪਹਿਲ ਕਿਸ ਨੂੰ ਮਿਲੀ, ਭਾਈ ਲਾਲੋ ਜੀ ਨੂੰ। ਵੱਡੇ ਭਾਗ ਸਨ। ਆਰੰਭਤਾ ਕਿਥੋਂ ਹੋਈ। ਸੱਚੀ-ਸੁੱਚੀ ਕਿਰਤ ਕਰਨ ਵਾਲੇ ਤੋਂ। ਵੱਡੀ ਮੁਹਿੰਮ ਹੈ, ਵੱਡਾ ਮਿਸ਼ਨ ਹੈ, ਆਰੰਭਤਾ ਲਈ ਸ਼ੁਭ ਲਗਨ, ਸ਼ੁਭ ਸ਼ਗਨ ਦੀ ਲੋੜ ਸੀ। ਹੋ ਗਈ ਮੁਹਿੰਮ ਆਰੰਭ ਭਾਈ ਲਾਲੋ ਦੇ ਦਰ ਤੋਂ। ਜਗ੍ਹਾ ਦਾ ਨਾਮ ਹੈ ਸੈਦਪੁਰ। ਸੁਲਤਾਨਪੁਰੇ ਤੋਂ ਏਮਨਾਬਾਦ ਦਾ ਸਫ਼ਰ ਮੁੱਕਣਾ ਸ਼ੁਰੂ ਹੋਇਆ। ਪਹੁੰਚੇ ਸੈਦਪੁਰ। ਦੇ ਦਿਤੀ ਦਸਤਕ ਘਰ ਦੇ ਸਾਹਮਣੇ ਜਾ ਕੇ। ਸਮੁੱਚੀ ਕਾਇਨਾਤ ਦੇ ਮਾਲਕ, ਕ੍ਰੋੜਾਂ ਬ੍ਰਹਿਮੰਡਾਂ ਦੇ ਮਾਲਕ ਸਤਿਗੁਰੂ ਅੱਜ ਇਕ ਛੋਟੇ ਜਿਹੇ ਘਰ ਵਿਚ ਜਾ ਕੇ ਆਵਾਜ਼ ਦੇ ਰਹੇ ਹਨ। ਭਾਈ ਲਾਲੋ! ਆ ਗਏ ਅਸੀਂ। ਬੂੰਦ ਨੂੰ ਸਾਗਰ ਵਿਚ ਮਿਲਾਉਣਾ ਸੀ। ਅੰਦਰ ਅਵਾਜ਼ ਸੁਣਨ ਵਾਲਾ ਕਿਲੇ ਘੜ੍ਹ ਰਿਹਾ ਹੈ। 'ਤਰਖਾਣਾਂ' ਕੰਮ ਦੀ ਕਿਰਤ ਹੈ। ਇਸ ਲੋਕ ਦੀ ਅਵਾਜ਼ ਨਹੀਂ ਹੈ, ਅਗੰਮੀ ਅਵਾਜ਼ ਹੈ। ਭਾਈ ਲਾਲੋ! ਅੱਜ ਤੱਕ ਇਤਨੀ ਪਿਆਰ ਭਰੀ, ਰਸ ਭਰੀ, ਅਨੰਦ ਭਰੀ, ਝੁਣਝੁਣੀ ਵੰਡਣ ਵਾਲੀ, ਬ੍ਰਹਿਮੰਡੀ ਅਵਾਜ਼ ਨਹੀਂ ਸੀ ਕਦੇ ਸੁਣੀ। ਕਿਥੋਂ ਆਈ ਅਵਾਜ਼? ਕੌਣ ਆ ਗਿਆ? ਭਾਈ ਲਾਲੋ ਦੇ ਕੰਨਾਂ ਵਿਚ ਪਈ, ਨਹੀਂ ਰੁਕੀ ਅਵਾਜ਼ ਕੰਨਾਂ ਤੱਕ, ਸਰੀਰ ਨੂੰ ਦੇ ਗਈ ਝੁਣਝੁਣੀਆਂ। ਹੈਰਾਨ! ਹੈਂ! ਆ ਗਏ। ਬਾਹਰ ਆਇਆ ਕੀਤੇ ਦਰਸ਼ਨ। ਹੋ ਗਿਆ ਨਿਹਾਲ, ਭੁੱਲ ਗਈ ਸੁੱਧ ਬੁੱਧ। ਲੈ ਭਾਈ ਲਾਲੋ, ਆ ਗਏ ਹਾਂ, ਦੇਸਾਂ ਵਿਦੇਸ਼ਾਂ ਦੀ ਧਾਰ ਕੇ। ਭਾਈ ਲਾਲੋ ਅਗੰਮੀ ਰਸ ਨਾਲ ਭਰ ਗਿਆ। ਵਿਗਾਸ ਛਾ ਗਿਆ। ਲੈ ਗਿਆ ਅੰਦਰ ਕੋਠੇ ਦੇ। ਡਾਹ ਦਿਤੀ ਛੋਟੀ ਜਿਹੀ ਮੰਜੀ। ਸੱਚੀ ਕਿਰਤ ਕਰਦਾ ਸੀ, ਮਨ ਦੀ ਗਰੀਬੀ (ਨਿਮਰਤਾ) ਧਾਰਨ ਕੀਤੀ ਹੋਈ ਸੀ। ਹੋ ਗਿਆ ਸ਼ਰਸ਼ਾਰ। ਬੈਠਾ ਦਿਤਾ ਅਰਸ਼ਾਂ ਦੇ ਮਾਲਕ ਨੂੰ ਛੋਟੀ ਮੰਜੀ 'ਤੇ। ਚੜ੍ਹ ਗਿਆ ਚਾਅ, ਲਹਿ ਗਈਆਂ ਜਨਮਾਂ-ਜਨਮਾਂ ਦੀਆਂ ਭੁੱਖਾਂ। ਹੁਣ ਮਿਲ ਗਿਆ ਮੌਕਾ ਸੇਵਾ ਕਰਨ ਦਾ। ਕੀਤਾ ਤਿਆਰ ਪ੍ਰਸ਼ਾਦਾ। ਅਰਸ਼ਾਂ ਦੇ ਮਾਲਕ ਨੇ ਫੁਰਮਾਇਆ, ਭਾਈ ਲਾਲੋ! ਕਿਲੇ ਘੜਦਾ ਪਿਆ ਏਂ, ਕੀ ਮਨ ਵੀ ਘੜਿਆ ਕਦੇ। ਹੋ ਗਈ ਸ਼ੁਰੂ ਅੰਮ੍ਰਿਤਮਈ ਬਾਰਿਸ਼। ਇਹ ਤਾਂ ਅੱਜ ਤਕ ਕਿਸੇ ਨੇ ਨਹੀਂ ਪੁਛਿਆ ਜਾਂ ਦਸਿਆ ਕਿ ਮਨ ਕਿਵੇਂ ਘੜੀਦਾ ਹੈ? ਹੁਣ ਸੱਚੇ ਪਾਤਸ਼ਾਹ ਇਸ ਦਾ ਪ੍ਰਸ਼ਾਦਾ ਵੀ ਛਕਣਗੇ ਤੇ ਮਨ ਦੀ ਘਾੜਤ ਬਾਰੇ ਵੀ ਦੱਸਣਗੇ। ਇਸ ਦੀ ਵਿਚਾਰ ਅਗਲੇ ਅੰਕ ਵਿਚ ਮਹਾਰਾਜ ਆਪ ਕਰਾਉਣਗੇ। ਗੁਰੂ ਕ੍ਰਿਪਾ ਕਰੇ, ਕਿਵੇਂ ਮਹਾਰਾਜ ਨੇ ਸੱਚੀ ਕਿਰਤ ਨੂੰ ਵਡਿਆਈ ਦਿਤੀ ਹੈ। ਕੋਧਰੇ ਦੇ ਪ੍ਰਸ਼ਾਦੇ 'ਚੋਂ ਅੰਮ੍ਰਿਤ ਝਰਦਾ ਹੈ। ਭਾਈ ਲਾਲੋ ਦੀ ਪਹਿਲੀ ਨੂਰਾਨੀ ਮਿਲਣੀ ਹੋਰ ਕਿੰਨੀਆਂ ਨੂਰਾਨੀ ਮਿਲਣੀਆਂ ਲਈ ਰਾਹ ਖੋਲ੍ਹ ਰਹੀ ਹੈ। ਰਾਹ ਦਸੇਰਾ ਬਣ ਰਹੀ ਹੈ। ਗੁਰੂ ਕ੍ਰਿਪਾ ਸਦਕਾ, ਅਗਲੇ ਅੰਕ ਵਿਚ ਵਿਚਾਰ ਹੋਵੇਗੀ।'

*'ਚਲਦਾ......॥'*

*(ਪੰਨਾ 26 ਦੀ ਬਾਕੀ)*

ਤੈਨੂੰ ਆਪਣੇ ਸਰੀਰ ਦਾ ਕੋਈ ਅੰਗ ਦੇਣਾ ਪਵੇਗਾ। ਉਸ ਵੇਲੇ ਫਰੀਦ ਨੇ ਕਿਹਾ ਕਿ ਬੀਬਾ –

***ਤਨ ਗੰਦਗੀ ਕੀ ਕੋਠੜੀ***
***ਹਰਿ ਹੀਰਿਆਂ ਕੀ ਖਾਣ।***
***ਸਿਰ ਦਿਤਿਆਂ ਜੇ ਹਰਿ ਮਿਲੇ***
***ਤਾ ਭੀ ਸਸਤਾ ਜਾਣ।***

ਜੇ ਤੂੰ ਮੇਰੇ ਸਿਰ ਦੀ ਮੰਗ ਕਰੇਂ ਉਹ ਵੀ ਮੈਂ ਤੇਰੇ ਚਰਨਾਂ ਵਿਚ ਰੱਖ ਦੇਵਾਂਗਾ। ਉਸ ਵੇਲੇ ਉਸ ਦੇ ਹਿਰਦੇ ਵਿਚ ਨਿਗਮਾਈ ਆਈ ਤਾਂ ਉਸ ਨੇ ਫੇਰ ਕਿਹਾ ਕਿ ਤੇਰਾ ਅੰਗ ਲਏ ਬਿਨਾਂ ਤਾਂ ਮੈਂ ਅੱਗ ਨਹੀਂ ਦੇਣੀ, ਤੂੰ ਆਪਣੀ ਅੱਖ ਦਾ ਡੇਲਾ ਕੱਢ ਕੇ ਦੇ ਜਾ ਤੇ ਅੱਗ ਲੈ ਜਾ। ਬਾਬੇ ਫਰੀਦ ਜੀ ਨੇ ਇਲਤਜਾਹ (ਬੇਨਤੀ) ਕੀਤੀ ਕਿ ਬੀਬਾ! ਮੈਨੂੰ ਬੜੀ ਖੁਸ਼ੀ ਹੋਈ ਹੈ ਤੂੰ ਮੇਰੇ ਉਪਰ ਬਹੁਤ ਰਹਿਮ ਕਰਕੇ ਕੇਵਲ ਮੇਰੀ ਅੱਖ ਹੀ ਮੰਗੀ ਹੈ। ਮੈਂ ਤੇਰੇ ਹੱਕ ਵਿਚ ਇਹੀ ਦੁਆ ਕਰਦਾ ਹਾਂ, ਅੱਲਾਹ ਤੈਨੂੰ ਸ਼ਾਂਤੀ ਬਖਸ਼ੇ। ਅਪਣੇ ਪਿਆਰ ਦੀ ਰਹਿਮਤ ਕਰੇ, ਆਪਣੀ ਮੁਹੱਬਤ ਦਾ ਇਕ ਕਿਣਕਾ ਤੇਰੀ ਝੋਲੀ ਵਿਚ ਵੀ ਪਾਵੇ।

ਦਰਵੇਸ਼ ਕਦੇ ਵੀ ਬਦ-ਦੁਆ ਨਹੀਂ ਦਿਆ ਕਰਦੇ, ਸਦਾ ਹੀ ਅਸੀਸ ਦਿੰਦੇ ਹਨ। ਬੁਰਿਆਂ ਨਾਲ ਕਦੇ ਵੀ ਬੁਰਿਆਈ ਨਹੀਂ ਕਰਦੇ, ਹਮੇਸ਼ਾ ਭਲਾ ਹੀ ਕਰਦੇ ਹਨ –

***ਫਰੀਦਾ ਬੁਰੇ ਦਾ ਭਲਾ ਕਰਿ***
***ਗੁਸਾ ਮਨਿ ਨ ਹਢਾਇ।।***
***ਦੇਹੀ ਰੋਗੁ ਨ ਲਗਈ***
***ਪਲੈ ਸਭੁ ਕਿਛੁ ਪਾਇ।।   ਅੰਗ – ੧੩੮੨***

ਦਰਵਾਜ਼ਾ ਖੁਲ੍ਹ ਗਿਆ। ਬਾਬੇ ਫਰੀਦ ਨੇ ਆਪਣੀ ਅੱਖ ਦਾ ਡੇਲਾ ਕੱਢ ਕੇ ਉਸ ਦੇ ਹਵਾਲੇ ਕੀਤਾ, ਆਪਣੀ ਪੱਗੜੀ ਪਾੜੀ ਅਤੇ ਕਸੀਸ ਵੱਟ ਕੇ ਆਪਣੀ ਅੱਖ ਦੇ ਉਤੇ ਬੰਨ੍ਹ ਲਈ, ਅੱਗ ਲੈ ਲਈ। ਪਿਆਰਿਓ! ਇਹ ਪਿਆਰ ਦਾ ਰਸਤਾ ਬਹੁਤ ਮਹਿੰਗਾ ਪ੍ਰਾਪਤ ਹੁੰਦਾ ਹੈ। ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ –

***ਜਉ ਤਉ ਪ੍ਰੇਮ ਖੇਲਣ ਕਾ ਚਾਉ।।***
***ਸਿਰੁ ਧਰਿ ਤਲੀ ਗਲੀ ਮੇਰੀ ਆਉ॥***
***ਇਤੁ ਮਾਰਗਿ ਪੈਰੁ ਧਰੀਜੈ॥***
***ਸਿਰੁ ਦੀਜੈ ਕਾਣਿ ਨ ਕੀਜੈ॥***

***ਅੰਗ – ੧੪੧੨***

***ਪਹਿਲਾ ਮਰਣੁ ਕਬੂਲਿ***
***ਜੀਵਣ ਕੀ ਛਡਿ ਆਸ॥***
***ਹੋਹੁ ਸਭਨਾ ਕੀ ਰੇਣਕਾ***
***ਤਉ ਆਉ ਹਮਾਰੈ ਪਾਸਿ।।   ਅੰਗ-੧੧੦੨***

*'ਚਲਦਾ....'।*

# ਈਸ਼੍ਵਰ ਅਮੋਲਕ ਲਾਲ

*ਕ੍ਰਿਤ - ਸੰਤ ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲੇ*

## ੫੬. Peace of Mind (ਮਨ ਦੀ ਸ਼ਾਂਤੀ)

### ''ਕਿਆ ਰਹਾ ਮਿਲਨੇ ਸੇ, ਜਿਸ ਕੋ ਚੈਨ ਦਿਲ ਕਾ ਮਿਲ ਗਿਆ''

ਤੀਨ ਲੋਕ ਔਰ ਚੌਦਾਂ ਭਵਨ ਮੇਂ ਸਭ ਸੇ ਆਲ੍ਹਾ (The Best) ਔਰ ਬੜਾ ਸੁਖ ਤੋ ਮਨ ਕੀ ਸ਼ਾਂਤੀ ਹੀ ਹੈ। ਇਸ ਕੇ ਵਾਸਤੇ ਸਭ ਸੇ ਪਹਿਲੇ ਰਾਗ ਦ੍ਵੈਸ਼ ਰੂਪੀ ਮੈਲ ਕੋ ਮਨ ਸੇ ਨਿਕਾਲਣਾ ਜ਼ਰੂਰੀ ਹੈ ਔਰ ਫਿਰ ਤਮਾਮ ਖਾਹਿਸ਼ਾਤ ਕੋ ਕਾਬੂ ਮੇਂ ਰਖਨਾ ਜ਼ਰੂਰੀ ਹੈ। ਇਸਤਰੀ-ਪੁੱਤਰ, ਧਨ-ਜੈਦਾਦ (ਜਾਇਦਾਦ) ਮਾਨ-ਬਡਾਈ ਕੀ ਖੁਆਹਿਸ਼ ਮਨ ਸੇ ਨਿਕਾਲ ਕਰ ਬਿਲਕੁਲ ਬੇ-ਖੁਆਹਿਸ਼ ਹੋਨਾ ਬਹੁਤ ਜ਼ਰੂਰੀ ਹੈ। ਇਸ ਸੇ ਮਨ ਸ਼ੁਧ ਔਰ ਸਾਫ਼ ਹੋ ਕਰ ਇਕਾਗਰ ਹੋਗਾ। ਯਕਸੂ (ਇਕਾਗਰ) ਮਨ ਹੀ ਸ਼ਾਂਤ ਔਰ ਸੁਖੀ ਹੂਆ ਕਰਤਾ ਹੈ। ਸਮਾਧਿਸ਼ਟ ਮਨ ਉਸ ਸੇ ਭੀ ਜ਼ਿਆਦਾ ਸ਼ਾਂਤ ਹੋਤਾ ਹੈ। ਲੇਕਿਨ ਅਮਨ ਹੂਆ ਮਨ ਤੋ ਮੋਕਸ਼ ਕਾ ਦਾਤਾ ਔਰ ਪਰਮ ਸ਼ਾਂਤ ਹੂਆ ਕਰਤਾ ਹੈ।

### ਮੁਕਤ ਯਾ ਨਜਾਤ

ਸੰਸਾਰਕ ਦੁਖ ਕੀ ਨਵਿਰਤੀ ਔਰ ਪਰਮਾਨੰਦ ਸੁਖ ਕੀ ਪ੍ਰਾਪਤੀ ਕੋ ਹੀ ਮੁਕਤ ਕੇ ਨਾਮ ਸੇ ਪੁਕਾਰਾ ਜਾਤਾ ਹੈ, ਜੋ ਕਿ ਬ੍ਰਹਮ ਗਿਆਨ ਸੇ ਹੀ ਹੂਆ ਕਰਤੀ ਹੈ। ਸੰਸਾਰ ਅਗਿਆਨ ਰਚਿਤ ਹੈ, ਵਾਸਤਿਵ ਨਹੀਂ ਹੈ। ਜੈਸੇ ਰੱਸੀ ਮੇਂ ਸਾਂਪ ਅਗਿਆਨ ਸੇ ਹੀ ਪ੍ਰਤੀਤ ਹੂਆ ਕਰਤਾ ਹੈ ਔਰ ਠੂਠ ਮੇਂ ਚੋਰ ਭੀ ਭਰਮ ਸੇ ਹੀ ਨਜ਼ਰ ਆਇਆ ਕਰਤਾ ਹੈ। ਜਿਸ ਵਕਤ ਰੌਸ਼ਨੀ ਮੈਂ ਰੱਸੀ ਔਰ ਠੂਠ ਨਜ਼ਰ ਆਏਂ, ਸਾਂਪ ਔਰ ਚੋਰ ਕਹੀਂ ਭੀ ਨਹੀਂ ਰਹਿ ਜਾਤੇ। ਇਸੀ ਤਰ੍ਹਾਂ ਜਬ ਬ੍ਰਹਮ ਗਿਆਨ ਕੀ ਰੌਸ਼ਨੀ ਸੇ ਸੰਸਾਰ ਭਰਮ ਦੂਰ ਹੂਆ ਤੋ ਫਿਰ ਪਰਮਾਨੰਦ ਹੀ ਬਾਕੀ ਰਹਿ ਜਾਤਾ ਹੈ ਜੋ ਕਿ ਮੁਕਤ ਅਵਸਥਾ ਹੈ।

*ਕਹੁ ਕਬੀਰ ਮਨਿ ਭਇਆ ਅਨੰਦਾ॥*
*ਗਇਆ ਭਰਮੁ ਰਹਿਆ ਪਰਮਾਨੰਦਾ॥* *ਅੰਗ- ੩੨੭*

## ੫੭. ਜਗਤ ਕਾ ਅਤਿਅੰਤ ਅਭਾਵ

ਜਿਸ ਵਕਤ ਅਗਿਆਨ ਕਾ ਬਿਲਕੁਲ ਅਭਾਵ ਹੋ ਜਾਤਾ ਹੈ, ਉਸ ਵਕਤ ਸੰਸਾਰ ਕਾ ਭੀ ਬਿਲਕੁਲ ਅਭਾਵ ਹੋ ਜਾਇਆ ਕਰਤਾ ਹੈ, ਕਿਉਂਕਿ ਸੰਸਾਰ ਅਗਿਆਨ ਸੇ ਜਨਮਾ ਹੈ ਔਰ ਇਸ ਕਾ ਲੈਅ ਗਿਆਨ ਸੇ ਹੀ ਹੂਆ ਕਰਤਾ ਹੈ। ਜੈਸੇ ਕੱਲਰ ਮੇਂ ਪਾਨੀ ਅਗਿਆਨ ਸੇ ਹੀ ਭਾਸਤਾ ਹੈ। ਜਿਸ ਵਕਤ ਕੱਲਰ ਕਾ ਗਿਆਨ ਹੂਆ ਉਸ ਵਕਤ ਪਾਨੀ ਕਹੀਂ ਨਹੀਂ ਪਾਇਆ ਜਾਤਾ। ਜੈਸੇ ਰੱਸੀ ਮੇਂ ਸਾਂਪ ਅਗਿਆਨ ਸੇ ਹੀ ਪ੍ਰਤੀਤ ਹੂਆ ਕਰਤਾ ਹੈ। ਜਿਸ ਵਕਤ ਰੱਸੀ ਕਾ ਪੂਰਾ ਪੂਰਾ ਗਿਆਨ ਹੂਆ, ਉਸ ਵਕਤ ਸਾਂਪ ਕਹੀਂ ਨਹੀਂ ਮਿਲਤਾ। ਇਸੀ ਤਰਹ ਸੇ ਠੂਠ ਮੇਂ ਚੋਰ ਭੀ ਉਸੀ ਵਕਤ ਤਕ ਹੈ, ਜਿਸ ਵਕਤ ਤਕ ਕਿ ਠੂਠ ਕਾ ਪੂਰਾ-ਪੂਰਾ ਗਿਆਨ ਨਹੀਂ ਹੁਆ। ਠੂਠ ਕਾ ਗਿਆਨ ਹੋਤੇ ਹੀ ਚੋਰ ਕਾ ਅਤਿਅੰਤ ਅਭਾਵ ਹੋ ਜਾਇਆ ਕਰਤਾ ਹੈ। ਇਸੀ ਤਰਹ ਸੇ ਬ੍ਰਹਮ ਕਾ ਪੂਰਾ-ਪੂਰਾ ਗਿਆਨ ਹੋਤੇ ਹੀ ਸੰਸਾਰ ਕਾ ਬਿਲਕੁਲ ਅਭਾਵ ਹੋ ਜਾਇਆ ਕਰਤਾ ਹੈ। ਸਿਰਫ ਬ੍ਰਹਮ ਹੀ ਰਹਿਤਾ ਹੈ।

## Death ਮੌਤ (ਮ੍ਰਿਤੂ)

ਅਵਿਦਿਆ ਕਰ ਕੇ ਇਨਸਾਨ ਕੋ, ਮੌਤ ਜੋ ਹਮੇਸ਼ਾ ਉਸ ਕੇ ਸਰ ਪਰ ਖੜ੍ਹੀ ਹੈ, ਭੂਲੀ ਹੂਈ ਹੈ ਵਰਨਾ ਤਮਾਮ ਦੁਨੀਆਂ ਮੌਤ ਕਾ ਲੁਕਮਾਂ (ਗਰਾਹੀ) ਹੈ। ਮੌਤ ਭੜਕਤੀ ਹੂਈ ਅਗਨੀ ਕੀ ਤਰਹ ਸੇ ਹੈ, ਜੋ ਕਿ ਤਮਾਮ ਸੰਸਾਰ ਔਰ ਉਸ ਕੇ ਪਦਾਰਥੋਂ ਕੋ ਜੋ ਕਿ ਘਾਸ ਕੀ ਤਰਹ ਸੇ ਹੈਂ, ਜਲਾ ਕਰ ਖਾਕ ਕਰ ਦੇਤੀ ਹੈ। ਇਸ ਵਾਸਤੇ ਇਸ ਮ੍ਰਿਤੂ ਮੰਡਲ ਮੇਂ ਜੀਵਨ ਕੀ ਉਮੀਦ ਮੂਰਖਪਨ ਹੀ ਹੈ। ਉਮਰ ਕੀ ਇਸਥਿਤੀ ਤੋ ਸਾਂਸ ਕੀ ਗਤੀ ਪਰ ਹੈ ਔਰ ਯੇਹ ਸਾਂਸ ਦੋਧਾਰੇ ਆਰੇ ਕੀ ਤਰਹ ਸੇ ਜੀਵਨ ਕੋ ਹਮੇਸ਼ਾ ਚੀਰ ਰਿਹਾ ਹੈ। ਐਸੀ ਛਿਨ ਭੰਗਰ ਉਮਰ ਪਰ ਅਭਿਮਾਨੀ ਹੋ ਕਰ ਐਸ਼ਵਰਜ ਔਰ ਪ੍ਰਤਾਪ ਮੇਂ ਅੰਧਾ ਔਰ ਮਸਤ ਹੋਨਾ ਕੌਨ ਸੀ ਅਕਲ ਕਾ ਕਾਮ ਹੈ? ਵਿਚਾਰਵਾਨ

ਪੁਰਸ਼ ਅਪਨੀ ਉਮਰ ਕੋ ਪ੍ਰਭੂ ਭਗਤੀ, ਬ੍ਰਹਮ ਗਿਆਨ ਔਰ ਵੈਰਾਗ ਮੇਂ ਗੁਜ਼ਾਰਤਾ ਹੈ। ਜਿਸ ਸੇ ਕਿ ਯਹ ਥੋੜ੍ਹਾ ਸਾ ਵਕਤ ਸੁਖ ਸੇ ਗੁਜ਼ਾਰ ਸਕਤਾ ਹੈ ਔਰ ਮਰਨੇ ਕੇ ਬਾਦ ਵਿਦੇਹ ਮੋਕਸ਼ ਕੋ ਪ੍ਰਾਪਤ ਹੋਤਾ ਹੈ।

## ੫੮. ਉਪਾਸ਼ਨਾ

1. ਸਰਗੁਨ ਉਪਾਸ਼ਨਾ 2. ਨਿਰਗੁਨ ਉਪਾਸ਼ਨਾ 3. ਅੰਦਿਗਰੇ ਉਪਾਸ਼ਨਾ 4. ਅਹਿੰਗਰੇ ਉਪਾਸ਼ਨਾ

ਸਰਗੁਨ ਉਪਾਸ਼ਨਾ - ਭਗਤ ਲੋਗੋਂ ਕੇ ਕਰਨੇ ਯੋਗ ਹੈ। ਅਪਨੇ ਗੁਰੂ ਕੇ ਸਾਕਾਰ ਸਵਰੂਪ ਕਾ ਧਿਆਨ ਔਰ ਗੁਰ ਮੰਤਰ ਕਾ ਜਾਪ ਮਨ ਕੋ ਇਕਾਗਰ ਕਰਨੇ ਕਾ ਸਾਧਨ ਹੈ।

ਨਿਰਗੁਨ ਉਪਾਸ਼ਨਾ - ਆਤਮ ਗਿਆਨੀ ਕਰਤੇ ਹੇਂ। 'ਮੈਂ ਸਤਿ-ਚਿੱਤ-ਅਨੰਦ ਪੂਰਨ ਹੂੰ' - ਐਸਾ ਚਿੰਤਨ ਹੈ॥

ਅੰਦਿਗਰੇ ਉਪਾਸ਼ਨਾ - ਸਭ ਪਾਰਬ੍ਰਹਮ ਹੀ ਹੈ। ਔਰ

ਅਹਿੰਗਰੇ ਉਪਾਸ਼ਨਾ - ਉਹ ਪਾਰਬ੍ਰਹਮ ਮੈਂ ਹੀ ਹੂੰ। ਇਸ ਵਾਸਤੇ ਮੁਝ ਸੇ ਬਗ਼ੈਰ ਕੁਛ ਭੀ ਨਹੀਂ ਹੈ, ਨਾ ਥਾਂ ਹੀ ਔਰ ਨਾ ਹੋਗਾ ਹੀ।

ਮੁਝ ਹੀ ਵਿਕਲਪਹੀਨ ਕੇ ਜਗਤ ਬ੍ਰਹਮ ਕੇ ਦੋ ਨਾਮ ਹੈਂ।

1. ਨਿਰਵਿਕਲਪ 2. ਬ੍ਰਹਮ 3. ਜਗਤ

## ਚਿੱਤ

ਜੀਵਨ ਮੁਕਤ ਪੁਰਸ਼ ਕੇ ਚਿੱਤ ਮੇਂ ਆਤਮ ਗਿਆਨ ਕੇ ਸਾਥ ਦੈਵੀ ਗੁਨ ਭੀ ਰਹਿਤੇ ਹੈਂ ਔਰ ਵਿਦੇਹ ਮੁਕਤ ਅਵਸਥਾ ਮੇਂ ਤੋ ਚਿੱਤ ਸਰੂਪ ਸੇ ਹੀ ਨਸ਼ਟ ਹੋ ਜਾਇਆ ਕਰਤਾ ਹੈ। ਉਸ ਅਵਸਥਾ ਕੋ ਤੋ ਸਿਰਫ ਵਿਦੇਹ ਮੁਕਤ ਪੁਰਸ਼ ਹੀ ਜਾਣ ਸਕਤਾ ਹੈ ਔਰ ਕੋਈ ਨਹੀਂ ਜੀਵਨ ਮੁਕਤ ਅਵਸਥਾ ਮੇਂ ਮਨ ਕਾ ਫੁਰਨਾ, ਚਿੱਤ ਕੀ ਚਿਤਵਨਾ ਔਰ ਬੁਧੀ ਕੀ ਵੀਚਾਰ ਔਰ ਅਹੰਕਾਰ ਕੀ ਹੰਗਤਾ ਆਤਮ ਸਰੂਪ ਹੀ ਹੈ। ਯਾਨੀ ਨਿਰਵਿਕਲਪ ਹੀ ਹੈ ਔਰ ਵਿਦਹੇ ਮੁਕਤ ਅਵਸਥਾ ਮੇਂ ਯਹ ਭੀ ਕਹਾ ਨਹੀਂ ਜਾਤਾ। ਸਿਰਫ ਕੇਵਲ ਕੇਵਲੀ ਭਾਵ ਹੀ ਹੈ।

ਯਾਨੀ ਪਾਰਭਧ ਕੇ ਖਸ਼ੈ ਹੋਨੇ ਬਾਅਦ ਆਤਮਾ ਅਪਨੀ ਨਿਜ ਅਵਸਥਾ ਚਿਦਾਕਾਸ਼ ਨਿਰਵਿਕਲਪ ਔਰ ਕੇਵਲ ਕੇਵਲੀ ਮੇਂ ਹੀ ਇਸਥਿਤ ਹੋਤਾ ਹੈ।

## ੫੯. ਦੇਵ ਪੂਜਾ ਦਾ ਢੰਗ

ਆਤਮ ਦੇਵ ਜੋ ਕਿ ਤਮਾਮ ਦੇਵੋਂ ਕਾ ਦੇਵ ਹੈ ਯਾਨੀ ਸਭ ਕਾ ਅਧਿਸ਼ਠਾਨ (ਆਧਾਰ) ਹੈ, ਉਸ ਕੀ ਪੂਜਾ ਮੁੰਦਰਜਾ ਜ਼ੈਲ (ਨਿਮਨ ਲਿਖਤ) ਤੀਨ ਕਿਸਮ ਕੇ ਫੂਲੋਂ ਸੇ ਹੋਤੀ ਹੈ।

1. ਬੋਧ 2. ਸਾਮ 3. ਸਮ

1. ਬੋਧ = ਗਿਆਨ

2. ਸਾਮ = ਸਮ-ਦ੍ਰਿਸ਼ਟੀ

3. ਸਮ = ਚਿਤ ਦੀ ਇਕਾਗਰਤਾ

ਇਨ ਫੂਲੋਂ ਸੇ ਕੀ ਹੂਈ ਪੂਜਾ ਉਸ ਆਤਮ ਦੇਵ ਕੀ ਪ੍ਰਸੰਨਤਾ ਕਾ ਕਾਰਨ ਬਨਤੀ ਹੈ ਔਰ ਅਪਨੇ ਪੂਜਕ ਕੋ ਤਮਾਮ ਦੁਖੋਂ ਸੇ ਬਰੀ ਕਰ ਕੇ ਜੀਵਨ ਮੁਕਤ ਕਰਤੀ ਹੈ ਔਰ ਪ੍ਰਾਰਭਧ ਖਸ਼ੈ ਕੇ ਬਾਦ ਵਿਦੇਹ-ਕੈਵਲ ਬਖਸ਼ਤੀ ਹੈ।

# ਗੁਰੂ ਨਾਨਕ ਆਗਮਨ
## (ਸ੍ਰੀ ਗੁਰ ਨਾਨਕ ਚਮਤਕਾਰ)

*ਪਦਮ ਭੂਸ਼ਨ-ਡਾ. ਭਾਈ ਵੀਰ ਸਿੰਘ ਜੀ*

*(ਲੜੀ ਜੋੜਨ ਲਈ ਦੇਖੋ, ਜੁਲਾਈ ਅੰਕ, ਪੰਨਾ-48)*

ਫਿਰ ਇਕ ਹੋਰ ਤਰ੍ਹਾਂ ਬੀ ਪਤਾ ਲਗਦਾ ਹੈ, ਦਿਨ ਨੂੰ ਜੋ ਕੰਮ ਕਰੋ, ਰਾਤ ਨੂੰ ਉਹਨਾਂ ਦੇ ਹੂ-ਬ-ਹੂ ਨਕਸ਼ੇ ਯਾ ਹੋਰ-ਹੋਰ ਵਟਾਵੇਂ ਰੂਪ ਧਾਰ ਕੇ ਨਕਸ਼ੇ ਸੁਪਨਿਆਂ ਵਿਚ ਵੇਖੋਗੇ। ਦਿਨ ਦੀਆਂ ਅਪੂਰਣ ਤ੍ਰਿਸ਼ਨਾਂ ਕਈ ਵੇਰ ਰਾਤ ਨੂੰ ਸੁਪਨਿਆਂ ਵਿਚ ਪੂਰਣ ਹੁੰਦੀਆਂ ਹਨ, ਇਹ ਸਾਰਾ ਕੁਛ ਗੁਪਤ ਮਨ ਕਰਦਾ ਹੈ, ਕਿਉਂਕਿ ਪ੍ਰਤੱਖ ਮਨ ਤਾਂ ਉਸ ਵੇਲੇ ਸੌਂ ਰਿਹਾ ਹੈ। ਸੁੱਤਾ ਆਦਮੀ ਜਾਗ੍ਰਤ ਵਾਂਗੂੰ ਸੋਚਦਾ ਵਿਚਾਰਦਾ, ਜੋਖਦਾ ਨਹੀਂ, ਕਿਉਂਕਿ ਪ੍ਰਤੱਖ ਮਨ ਤਾਂ ਜਾਗ੍ਰਤ ਵਿਚ ਹੀ ਨਹੀਂ, ਹੁਣ ਕੌਣ ਹੈ ਜੋ ਸੁਪਨਿਆਂ ਵਿਚ ਦੇ ਵਰਤੇ ਮਾਮਲਿਆਂ ਦੀਆਂ ਮੂਰਤਾਂ ਅਨੇਕ ਤਰ੍ਹਾਂ ਦੀ ਵਚਿਤ੍ਰਤਾ ਵਿਚ ਦਿਖਾ ਰਿਹਾ ਹੈ। ਇਹ ਉਹ ਦੂਸਰਾ ਮਨ ਹੈ, ਜੋ ਸੋਚਾਂ, ਵਚਨਾਂ, ਕਰਨੀਆਂ ਦੇ ਸੰਸਕਾਰਾਂ ਦੇ ਵਚਿਤ੍ਰ ਨਕਸ਼ੇ ਅਨੇਕ ਰੂਪਾਂ ਵਿਚ ਵਟਾ-ਵਟਾ ਕੇ ਦਿਖਾ ਰਿਹਾ ਹੈ। ਸੋ ਝੰਡਿਆ, ਸੁਪਨਿਆਂ ਵਿਚ ਜੋ ਜਾਗਦਾ ਹੈ, ਸੋ ਮਨ ਉਹ ਹਈ।

ਝੰਡਾ - ਠੀਕ ਸਮਝਾਇਆ ਨੇ ਸ਼ਾਹਾਂ ਦੇ ਸ਼ਾਹ ਜੀਉ! ਮੈਂ ਤਾਂ ਸੁੱਤਾ ਹੀ ਰਿਹਾ ਹਾਂ। ਸਭੇ ਗੱਲਾਂ ਪੜ੍ਹੀਆਂ ਹਨ ਪਰ ਸਮਝ ਵਿਚ ਪੁੜੀਆਂ ਕੋਈ ਨਾ। ਸੰਸਕਾਰ ਕਦੇ ਪੜ੍ਹਿਆ ਕਈ ਵੇਰ ਵਰਤਿਆ ਪਰ ਸੋਝੀ ਨਾ ਆਈ ਕਿ ਅਸਲ ਭਾਵ ਕੀ ਹੈ। ਦਾਤਾ ਜੀ! ਇਹ ਪੁੱਛਣਾ ਹੈ ਕਿ ਅਸੀਂ ਦਿਨ ਰਾਤ ਸੁਆਰਥਾਂ ਵਿਚ ਲੱਗੇ ਰਹਿੰਦੇ ਹਾਂ ਤੇ ਅਕਸਰ ਵਿਕਾਰਾਂ ਵਾਲੇ ਕੰਮ ਕਰਦੇ ਹਾਂ, ਭੁੱਖ, ਤ੍ਰੇਹ ਤੇ ਹੋਰ ਸਰੀਰਕ ਭੁੱਖਾਂ ਦੇ ਪੂਰੇ ਕਰਨ ਦੇ ਯਤਨਾਂ ਵਿਚ ਫਿਰਦੇ ਹਾਂ, ਸਾਡੇ ਅੰਦਰ ਸਾਰਾ ਦਿਨ ਸੰਸਕਾਰ ਓਹੋ ਹੀ ਇਕੱਠੇ ਹੁੰਦੇ ਹੋਣਗੇ, ਇਸ ਤਰ੍ਹਾਂ ਨਾਲ ਸਾਡਾ ਹੇਠਲਾ ਮਨ ਤਾਂ ਸਰੀਰਕ ਕਾਮਨਾ, ਸਰੀਰਕ ਭੁੱਖਾਂ, ਸਰੀਰਕ ਵਿਕਾਰਾਂ ਦੇ ਸੰਸਕਾਰਾਂ ਨਾਲ ਭਰਿਆ ਹੋਇਆ ਮਾਨੋਂ ਇਕ ਤਲਾਉ ਹੋਵੇਗਾ, ਉਸ ਵਿਚ ਰੁਚੀਆਂ ਦੇ ਤਰੰਗ ਤਾਂ ਸੰਸਾਰਕ ਤੇ ਵਿਕਾਰੀ ਹੀ ਉਦੇ ਹੋਣਗੇ, ਫਿਰ ਇਹ ਤਾਂ ਅਸੀਂ ਆਪ ਆਪਣੇ ਆਪ ਨੂੰ ਵਜਾ ਚੁਕੇ ਹਾਂ। ਹੁਣ ਸਾਡੀ ਰੁਚੀ ਉੱਚੇ ਪਾਸੇ ਦੀ ਕੀਕੂੰ ਹੋਵੇਗੀ।

ਗੁਰੂ ਜੀ - ਭਾਈ! ਇਸ ਕਰਕੇ ਤਾਂ ਭਲਿਆਈ ਤੇ ਉਚਿਆਈ ਨੂੰ ਸਮਝ-ਸਮਝ ਕੇ ਉਸ ਪਰ ਟੁਰਨ ਦੇ ਸੰਕਲਪ ਤੇ ਇੰਦ੍ਰੀਏ ਬੰਨ੍ਹ-ਬੰਨ੍ਹ ਕੇ ਜਗਿਆਸੂ ਲੋਕ ਤੇ ਨੇਕੀ ਦੇ ਤਰਲੇ ਲੈਣ ਵਾਲੇ ਮੁੜ-ਮੁੜ ਕੇ ਡਿਗਦੇ ਹਨ। ਮਨ ਦੀਆਂ ਲੁਕੀਆਂ ਪਈਆਂ ਰੁਚੀਆਂ ਜੀਵਾਂ ਦੇ 'ਸਮਝੇ ਤੇ ਚੰਗਾ ਜਾਣੇ' ਰਸਤੇ ਦੇ ਵਿਰੁੱਧ ਉਨ੍ਹਾਂ ਨੂੰ ਲੈ ਜਾਂਦੀਆਂ ਹਨ।

ਝੰਡਾ - ਫੇਰ ਸਾਡੀ ਕਲਿਆਨ ਅਸੰਭਵ ਹੋ ਗਈ?

ਗੁਰੂ ਜੀ - ਅਸੰਭਵ ਤਾਂ ਨਹੀਂ, ਉਖੇਰੀ ਹੈ ਤੇ ਸਮਾਂ ਮੰਗਦੀ ਹੈ।

ਝੰਡਾ - ਕਿਵੇਂ ਸਾਂਈਂ ਸਾਹਿਬ ਜੀਉ?

ਗੁਰੂ ਜੀ - ਜਿਵੇਂ ਅਸਾਂ ਆਪਣੇ ਉਸ ਗੁਪਤ ਮਨ ਦੇ ਖਜ਼ਾਨੇ ਨੂੰ ਮਾੜੇ ਸੰਸਕਾਰਾਂ ਨਾਲ ਭਰਿਆ ਹੈ ਤਿਵੇਂ ਹੁਣ ਭਲੇ ਸੰਸਕਾਰਾਂ ਨਾਲ ਭਰੀਏ।

ਝੰਡਾ - ਉਹ ਜੋ ਭਰ ਰਿਹਾ ਹੈ ਕੀਕੂੰ ਸੱਖਣਾ ਹੋਵੇ ਤੇ ਦੂਜੀ ਵਸਤੂ ਉਸ ਵਿਚ ਕੀਕੂੰ ਪਵੇ?

ਗੁਰੂ ਜੀ - ਜੋ ਵਸਤੂ ਉਥੇ 'ਵਿਕਾਰਾਂ ਦੇ ਸੰਸਕਾਰਾਂ' ਰੂਪੀ ਭਰ ਰਹੀ ਹੈ, ਉਸ ਵਿਚ 'ਭਲਿਆਈ ਤੇ ਉਚਿਆਈ' ਦੇ ਸੰਸਕਾਰਾਂ ਰੂਪੀ ਵਸਤੂ ਪਾਈ ਜਾਓ ਤਾਂ ਵਿਕਾਰ ਦੇ ਸੰਸਕਾਰਾਂ ਰੂਪੀ ਵਸਤੁ ਉਥੋਂ ਆਪੇ ਦੂਰ ਹੋ ਜਾਏਗੀ।

ਝੰਡਾ - ਆਪ ਦਾ ਇਹ ਭਾਵ ਹੈ ਕਿ ਜੇ ਗੁਪਤ ਮਨ ਵਿਚ, ਜੋ ਮਾੜੀ ਵਸਤੁ ਨਾਲ ਭਰ ਰਿਹਾ ਹੈ, ਕਿਸੇ ਚੰਗੀ ਵਸਤੂ ਨੂੰ ਭਰੀਏ ਤਾਂ ਪਹਿਲੀ ਵਸਤੂ ਆਪੇ ਨਿਕਲ ਜਾਵੇਗੀ।

ਗੁਰੂ ਜੀ - ਜਿਵੇਂ ਮੈਲੇ ਪਾਣੀ ਨਾਲ ਭਰੀ ਪਰਾਤ ਨੂੰ ਮੀਂਹ ਵਸਦੇ ਵਿਚ ਧਰ ਦਿਓ ਤਾਂ ਉਤੋਂ ਨਿਰਮਲ ਨੀਰ ਪੈ-ਪੈ ਕੇ ਪਰਾਤ ਨੂੰ ਨਿਰਮਲ ਜਲ ਨਾਲ ਭਰਦਾ ਹੈ, ਮੈਲਾ ਪਾਣੀ ਆਪੇ ਨਿਕਲਦਾ-ਨਿਕਲਦਾ ਮੁੱਕ ਜਾਂਦਾ ਹੈ। ਜੇ ਤਾਂ ਪਰਾਤ ਨੂੰ ਡੋਹਲ ਸਕੀਏ ਤਾਂ ਮੈਲਾ ਪਾਣੀ ਨਿਕਲ ਗਿਆ, ਪਰ ਜੇ ਡੋਹਲ ਨਾ ਸਕੀਏ ਤਾਂ ਮੀਂਹ ਵਸਦੇ ਵਿਚ ਪਈ ਪਰਾਤ ਦਾ ਮੈਲਾ ਪਾਣੀ ਆਪੇ ਮੁੱਕ ਜਾਏਗਾ, ਤਾਜ਼ਾ ਮੀਂਹ ਦਾ ਪਾਣੀ ਪੈ-ਪੇ ਕੇ। ਇਵੇਂ ਦ੍ਰਿਸ਼ਟਾਂਤ ਮਾਤ੍ਰ ਪਰਾਤ ਦੀ ਗੱਲ ਕਹੀ ਹੈ ਜੋ ਸਮਝੇ ਪੈ ਜਾਏ ਅਸਲੀ ਗੱਲ ਸਾਫ-ਸਾਫ।

ਝੰਡਾ - ਸੁਆਦ ਆ ਗਿਆ ਹੈ, ਕ੍ਰਿਪਾ ਕਰਕੇ ਦੱਸੋ ਕਿ ਮੈਲ ਨਾਲ ਅੱਟੇ ਮਨ ਵਿਚ ਕੀ ਵਸਤੂ ਪਾਈਏ?

ਗੁਰੂ ਜੀ - ਨੇਕੀਆਂ।

ਝੰਡਾ - ਨੇਕ ਕਰਮ?

ਗੁਰੂ ਜੀ - ਸ਼ੁਭ ਵਿਚਾਰਾਂ, ਪਵਿੱਤ੍ਰ ਸੋਚਾਂ, ਸ਼ੁਭ ਬਚਨ, ਸ਼ੁਭ ਕਰਮ।

ਝੰਡਾ - ਕਿੰਨਾਂ ਜ਼ੋਰ ਲਾਈਏ, ਮੈਂ ਆਪਣੀ ਹੱਡ ਵਰਤੀ ਅਰਜ਼ ਕਰਦਾ ਹਾਂ, ਨਾ ਤਾਂ ਨਿਰੇ ਨੇਕ ਵਿਚਾਰਾਂ ਵਾਲੇ ਨਾ ਸੁਧਾ ਨੇਕ ਗੱਲਾਂ ਤੇ ਨੇਕ ਕਰਮਾਂ ਵਾਲੇ ਹੋ ਸਕੀਦਾ ਹੈ, ਬਹੁਤ ਕੁਛ ਸੰਵਰ ਜਾਂਦਾ ਹੈ, ਪਰ ਪੇਸ਼ ਨਹੀਂ ਜੇ ਜਾਂਦੀ, ਸੱਚਾ ਬਚਨ ਜੇ, ਬਖਸ਼ ਲੈਣਾ।

ਗੁਰੂ ਜੀ - ਤੁਸੀਂ ਨਿਰੋਲ ਸੱਚ ਕਹਿ ਰਹੇ ਹੋ। ਇਹੋ ਤਾਂ ਮੁਸ਼ਕਲ ਹੈ ਕਿ ਬੰਦੇ ਦੀ ਅੰਦਰਲੀ ਰੁਚੀ ਉਸ ਨੂੰ ਨਿਰੋਲ ਨੇਕੀ ਤੇ ਆਉਣ ਨਹੀਂ ਦੇਂਦੀ। ਅੰਦਰਲੀ ਮੈਲ ਕੱਢਣ ਦਾ ਯਤਨ ਕਰਦਿਆਂ ਬੰਦਾ ਹਾਰਦਾ ਹੈ, ਉਤੋਂ ਹੋਰ-ਹੋਰ ਮੈਲ ਰੋਜ਼ ਦੀਆਂ ਗਿਰਾਵਟਾਂ ਦੀ ਅੰਦਰ ਜਾਂਦੀ ਰਹਿੰਦੀ ਹੈ, ਕੁਛ ਧੋਪਦੀ ਹੈ, ਕੁਛ ਹੋਰ ਪੈਂਦੀ ਹੈ, ਇਸ ਕਰਕੇ ਨਿਰੇ ਸ਼ੁਭ ਕਰਮਾਂ ਤੇ ਟੇਕ ਧਾਰਨੀ ਸਿਰੇ ਨਹੀਂ ਅਪੜਾਉਂਦੀ। ਕਰਮ ਸ਼ੁਭ ਕਰਨੇ ਹਨ, ਸੋਚ ਭਲੀ ਕਰਨੀ ਹੈ, ਸਾਰਾ ਤਾਣ ਲਾਉਣਾ ਹੈ, ਪਰ ਕੁਛ ਹੋਰ ਬੀ ਚਾਹੀਦਾ ਹੈ, ਜੋ ਰਹਿ-ਰਹਿ ਜਾਂਦੀ ਕਸਰ ਨੂੰ ਪੂਰਾ ਕਰੇ। ਸ਼ੁਭ ਗੁਣਾਂ ਨੂੰ ਧਾਰਨ ਕੀਤੇ ਬਿਨਾਂ ਕਾਰਜ ਨਹੀਂ ਸੰਵਰਦਾ, ਪਰ ਸਾਡੇ ਅੰਦਰ ਅਵਗੁਣਾਂ ਦੇ ਸੰਸਕਾਰ ਭਰੇ ਪਏ ਹਨ, ਇਹੋ ਤਾਂ ਮੁਸ਼ਕਲ ਹੈ ਜੋ ਉਹ ਨਹੀਂ ਧੋਪਦੇ।

ਝੰਡਾ - ਜੀ ਫਿਰ ਇਸ ਨੂੰ ਹੱਲ ਕਰੋ ਨਾ?

ਗੁਰੂ ਜੀ - ਕਰ ਆਏ ਹਾਂ, ਜੋ ਤੈਨੂੰ ਪਹਿਲਾਂ ਸਮਝਾਇਆ ਹੈਸ, ਉਹ ਇਸੇ ਮੁਸ਼ਕਲ ਦਾ ਹੱਲ ਸੀ।

ਝੰਡਾ ਹੁਣ ਗੁਪਤ ਤੇ ਪ੍ਰਤੱਖ ਮਨ ਦੇ ਹਾਲਾਤ ਨੂੰ ਸਮਝਦਾ ਪਹਿਲੇ, ਉਪਦੇਸ਼ ਨੂੰ ਮਾਨੋਂ ਭੁਲ ਰਿਹਾ ਸੀ। ਸੁਣ ਕੇ ਸਤਿਗੁਰ ਜੀ ਦਾ ਇਹ ਵਾਕ ਮੁੜ ਲੱਗਾ ਸਾਰੀ ਸੋਚ ਮੁੱਢੋਂ-ਸੁੱਢੋਂ ਕਰਨ। ਸੋਚ-ਸੋਚ ਕੇ ਬੋਲਿਆ - ਨਿਰੰਕਾਰ ਦੇ ਪਿਆਰੇ ਜੀਓ! ਮੁੜ ਜਿੱਥੇ ਗੱਲ ਹੁਣ ਆਈ ਹੈ, ਇਥੋਂ ਚਾਕੇ ਲੈ ਚੱਲਣ ਦੀ ਮਿਹਰ ਚਾ ਕਰੋ ਨਾ, ਮੈਨੂੰ ਸਾਰੀ ਗੱਲ ਚੇਤੇ ਤਾਂ ਆਈ ਹੈ, ਪਰ ਜਿੱਥੇ ਹੁਣ ਹਾਂ ਇਥੋਂ ਲੜ ਨਹੀਂ ਪਿਆ ਮੇਲਦਾ ਮੇਰਾ ਮੂਰਖ ਮਨ ਉਸ ਪਹਿਲੀ ਗੱਲ ਨਾਲ।

ਗੁਰੂ ਜੀ - ਝੰਡਾ! ਇਹ ਤਾਂ ਅਸਾਂ ਵੇਖ ਲਿਆ ਹੈ ਤੇ ਹਰ ਕਿਸੇ ਨੂੰ ਤਜਰਬਾ ਹੈ ਕਿ ਮਨੁੱਖ ਅਪੂਰਨ ਹੈ ਤੇ ਇਸ ਦਾ ਮਨ ਅਵਗੁਣੀ ਭਰਪੂਰ ਹੈ, ਅਵਗੁਣਾਂ ਵਿਚੋਂ ਗੁਣ ਨਹੀਂ ਉਪਜ ਸਕਦੇ, ਇਸ ਲਈ ਅਸੀਂ ਤੱਕਣਾ ਹੈ ਕਿ ਗੁਣਾਂ ਦਾ ਨਿਵਾਸ ਕਿੱਥੇ ਹੈ? ਸਾਰੇ ਗੁਣਾਂ ਦਾ ਨਿਵਾਸ ਪਰਮੇਸੁਰ ਵਿਚ ਹੈ। ਬਿਨਾਂ ਗੁਣਾਂ ਦੇ ਸਾਡੀ ਸਫਾਈ ਨਹੀਂ ਹੁੰਦੀ, ਕਲਿਆਣ ਨਹੀਂ। ਅਸੀਂ ਅਵਗੁਣਾਂ ਨਾਲ ਭਰਪੂਰ ਗੁਣਾ ਤੋਂ ਰਹਿਤ ਹਾਂ, ਸਾਰੇ ਗੁਣ ਪਰਮੇਸ਼ੁਰ ਜੀ ਵਿਚ ਹਨ। ਹੁਣ ਅੱਗੇ ਗੱਲ ਸਾਫ ਹੈ।

ਝੰਡਾ - ਆਪ ਹੀ ਕ੍ਰਿਪਾ ਕਰੋ।

ਗੁਰੂ ਜੀ - ਜਿਸ ਵਿਚ ਸਾਰੇ ਗੁਣ ਹਨ ਉਸ ਨੂੰ ਅੰਦਰ ਵਸਾਈਏ? ਮੈਲੇ ਪਾਣੀ ਵਾਲੀ ਪਰਾਤ ਨੂੰ ਉੱਦਮ ਨਾਲ ਚਾਕੇ ਬੱਦਲਾਂ ਹੇਠ ਧਰੀਏ। ਬਦਲਾਂ ਦੀ ਵਸਦੀ ਮੋਹਲੇਧਾਰ ਵਰਖਾ ਆਪਣੇ ਨਿਰਮਲ ਨੀਰ ਨਾਲ ਉਸ ਨੂੰ ਭਰ-ਭਰ ਕੇ ਨਿਰਮਲ ਕਰ ਦੇਵੇਗੀ, ਮੈਲਾ ਪਾਣੀ ਆਪੇ ਦਰ ਹੋ ਜਾਏਗਾ।

ਝੰਡਾ - ਕਿਵੇਂ?

ਗੁਰੂ ਜੀ - ਜੋ ਤੁੱਧੇ ਨੂੰ ਸਮਝਾਇਆ ਸੀ ਕਿ ਉਸ ਪਰਮੇਸ਼ੁਰ ਦਾ ਸਰੂਪ ਹੈ, ਹੋਂਦ, ਨਿਰੋਲ ਹੋਂਦ ਉਹ ਹੈ ਅਰਥਾਤ ਸਤਿ ਹੈ, ਉਸ ਦਾ ਇਹ ਸਰੂਪ ਚਿੰਨ ਕਰੀਏ। ਜਾਂ ਇਉਂ ਆਖੀਏ ਕਿ ਉਸ ਸਭ ਗੁਣੀ ਭਰਪੂਰ ਦਾ ਸਿਮਰਨ ਕਰੀਏ। ਉਹ ਸਭ ਗੁਣੀ ਭਰਪੂਰ ਹੈ, ਉਹ ਨੇਕੀ ਕੁੱਲ ਹੈ, ਜਿਉਂ-ਜਿਉਂ ਉਸ ਨੇਕੀ ਕੁੱਲ ਦੀ, ਸਰਬ ਗੁਣੀ ਭਰਪੂਰ ਦੀ ਸੁਧੀ ਪਵਿਤਰਤਾ ਰੂਪ ਵਾਲੇ ਦੀ ਅਸੀਂ ਯਾਦ ਕਰਾਂਗੇ, ਉਸ ਹੋਂਦ ਦਾ ਭਾਵ, ਉਸ ਦਾ ਗੁਣੀ ਭਰਪੂਰ ਸਰੂਪ, ਉਸ ਦੇ ਗੁਣਾਂ ਦਾ ਅਕਸ ਪ੍ਰਤੱਖ ਮਨ ਵਿਚ ਆ-ਆ ਕੇ, ਸੰਸਕਾਰ ਬਣ-ਬਣ ਕੇ, ਸੰਸਕਾਰ ਜਿਥੇ ਰਹਿੰਦੇ ਹਨ, ਉਸ ਮਨ ਵਿਚ ਉਤਰੇਗਾ, ਤਿਉਂ-ਤਿਉਂ ਮਨ ਦੇ ਸੰਸਕਾਰਾਂ ਵਾਲੇ ਟਿਕਾਣੇ ਵਿਚੋਂ ਮਾੜੇ ਸੰਸਕਾਰਾਂ ਦਾ ਸਾਮਾਨ ਉਛਲ-ਉਛਲ ਕੇ ਡੁੱਲਣ ਲਗ ਜਾਏਗਾ ਤੇ ਨੇਕੀ ਦਾ ਸਮਾਨ ਭਰਨ ਲਗ ਜਾਏਗਾ। ਸਮਾਂ ਪਾ ਕੇ ਉਥੇ ਸਾਂਈਂ ਦਾ ਸਰੂਪ, ਉਸ ਦੀ ਹੋਂਦ ਦਾ ਭਾਵ, ਉਸ ਦਾ ਗੁਣੀ ਭਰਪੂਰ ਸਤਿ ਸਰੂਪ ਲਬਾਲਬ ਭਰ ਜਾਏਗਾ।

ਫਿਰ ਸਾਡੀਆਂ ਰੁਚੀਆਂ ਸਭ ਨੇਕ ਹੋ ਜਾਣਗੀਆਂ, ਸਾਡੇ ਮਨ ਦਾ ਸਾਰਾ ਵਜੂਦ ਸਤਿ ਸਰੂਪ ਨਾਲ ਭਰ-ਭਰ ਕੇ ਸਤਿ ਸਰੂਪ ਹੋ ਜਾਏਗਾ, ਮਨ ਨੂੰ ਸੋਝੀ ਹੋਵੇਗੀ ਕਿ ਮੇਰੇ ਅੰਦਰ ਵਸ ਰਹੇ ਹਨ ਦੋ ਜਹਾਨਾਂ ਦੇ ਮੀਤ ਜੀ। ਫਿਰ ਉਸ ਸਤਿ ਸਰੂਪ ਦੇ ਅੰਦਰ ਨਿਵਾਸ ਦਾ ਪਵਿੱਤ੍ਰ ਰਸ ਆਵੇਗਾ, ਆਨੰਦ ਆਵੇਗਾ। ਉਸ ਮਨ ਦੇ ਅੰਦਰਲੇ ਪਰਤ ਵਿਚੋਂ ਨੇਕੀ ਤੇ ਪ੍ਰੇਮ ਦੀਆਂ ਰੁਚੀਆਂ ਉਪਜਣਗੀਆਂ ਜੋ ਪਰਤੱਖ ਮਨ ਦੇ ਯਤਨਾਂ ਦੀਆਂ ਸਹਾਇਕ ਹੋਣਗੀਆਂ, ਮਾਨੋਂ ਨੇਕੀ ਦੀ ਰਾਸ ਅੰਦਰ ਜਮ੍ਹਾਂ ਹੋ ਜਾਣਗੀਆਂ, ਐਉਂ ਸਾਡੇ ਵਿਚ ਗੁਣ ਸਾਗਰ ਦੇ ਗੁਣ ਬੀ ਆ ਜਾਣਗੇ। ਨਾਮ ਜਪਿਆਂ ਪਾਪ ਧੋਪੇ, ਸਾਂਈਂ ਆਇਆ, ਸਾਂਈਂ ਆਇਆ ਉਸ ਦੇ ਗੁਣ ਆਏ। ਫੇਰ

ਸਮਝੋ ਕਿ ਨਾਮ ਅੰਦਰ ਰਚ ਗਿਆ ਹੈ।

ਝੰਡਾ - ਜੋ ਆਪ ਨੇ ਸਮਝਾਇਆ ਸੀ ਕਿ ਪਰਮੇਸ਼ੁਰ ਜੀ ਦਾ ਸਿਮਰਨ ਕਰੋ, ਸਿਮਰਨ ਨਾਲ ਸਾਡਾ ਇਹ ਮਨ ਸਾਂਈਂ ਦੀ ਹੋਂਦ ਦੇ ਸੰਸਕਾਰ ਅੰਦਰਲੇ ਸੰਸਕਾਰਾਂ ਵਾਲੇ ਮਨ ਵਿਚ ਲੈ ਜਾਏਗਾ, ਇਉਂ ਅੰਦਰਲਾ ਘਟ ਸਾਂਈਂ ਦੀ ਹੋਂਦ ਦੇ ਭਾਵ ਨਾਲ ਭਰ ਜਾਏਗਾ। ਉਸ ਦਾ ਸਰੂਪ ਅੰਦਰ ਵਸ ਜਾਏਗਾ, ਉਹ ਸਾਂਈਂ ਸਰਬ ਗੁਣਾਂ ਦਾ ਸੋਮਾ ਹੈ 'ਨੇਕੀ ਸੁਧੀ ਤੇ ਨੇਕੀ ਸਾਰੀ' ਹੈ, ਉਸ ਦੀ ਛੁਹ ਸਾਰੇ ਅਵਗੁਣਾਂ ਨੂੰ ਦੂਰ ਕਰਦੀ ਹੈ। ਜਿਵੇਂ ਸੂਰਜ ਦਾ ਪ੍ਰਕਾਸ਼ ਅੰਧਕਾਰ ਨੂੰ ਮਾਰਦਾ ਹੈ, ਤਿਵੇਂ ਉਸ ਦੇ ਅੰਦਰ ਵਸ ਜਾਣ ਨਾਲ ਸਭ ਅਵਗੁਣ ਦੂਰ ਹੋ ਕੇ ਗੁਣ ਭਰ ਜਾਣਗੇ, ਫਿਰ ਆਪਾ ਆਪੇ ਸ਼ੁੱਧ ਹੋ ਜਾਏਗਾ ਤੇ ਆਪਣੇ ਕਰਤਾਰ ਨਾਲ ਮਿਲ ਜਾਏਗਾ, ਇਹੋ ਆਪ ਨੇ ਸਮਝਾਇਆ ਹੈ ਨਾ?

ਗੁਰੂ ਜੀ - ਭਲੇ ਪੁਰਖਾ! ਇਹੋ। ਸਾਡੀ ਮਤਿ, ਸਾਡਾ ਅੰਦਰਲਾ ਮਨ ਸੁਰਤ, ਸਾਰਾ ਕੁਛ ਭਰ ਰਿਹਾ ਹੈ, ਪਾਪਾਂ ਦੀ ਮੈਲ ਨਾਲ, ਉਹ ਧੋਪ ਸਕਦਾ ਹੈ ਕੇਵਲ ਨਾਮ ਨਾਲ। ਬੱਸ ਇਹੋ ਸਿਧਾਂਤ ਹੈ, ਸਮਝ ਇਸ ਨੂੰ ਕਿਸੇ ਤਰ੍ਹਾਂ ਨਾਲ ਲਓ।

ਝੰਡਾ - ਠੀਕ ਫੁਰਮਾਯਾ ਨੇ, ਨਾਮ ਕੀਕੂੰ ਜਪਾਂ?

ਗੁਰੂ ਜੀ - ਸਾਰਾ ਵੇਰਵਾ ਇਸ ਦੇ ਜਪਣ ਦੀ ਵਿਆਖਿਆ ਦਾ ਦਸ ਚੁਕੇ ਹਾਂ। ਹੁਣ ਜੇ ਥੋੜ੍ਹੇ ਅੱਖਰਾਂ ਵਿਚ ਸਮਝਣਾ ਹਈ ਤਾਂ ਫੇਰ ਸੁਣ ਲੈ। ਨਾਮ ਦਾ ਉਪਦੇਸ਼ ਤੇ ਨਾਮ ਦੀ ਮਹਿਮਾ ਉੱਚੀ ਹੈ। ਨਾਮ ਹੀ ਦਾਰੂ ਹੈ, ਨਾਮ ਅਰੋਗਤਾਈ ਹੈ, ਨਾਮ ਦੇ ਤੁੱਲ ਹੋਰ ਕੁਛ ਨਹੀਂ। ਪਰ ਨਾਮ ਅਮੋਲਕ ਹੈ, ਇਸ ਦੀ ਕਦਰ ਵਿਰਲਾ ਕੋਈ ਜਾਣਦਾ ਹੈ। ਸੋ ਪਹਿਲਾਂ ਇਸ ਦੀ ਕਦਰ ਇਸ ਦੇ ਜਪਣਹਾਰ, ਜਾਣਨਹਾਰ ਤੋਂ ਸੁਣ ਕੇ ਮਨ ਵਿਚ ਧਾਰ ਲਈ, ਅਮੰਨਾ ਕੀਤਾ, ਭਰੋਸਾ ਬੰਨ੍ਹਿਆ। ਫਿਰ ਇਸ ਨਾਲ ਪ੍ਰੇਮ ਕੀਤਾ। ਅਰਥਾਤ ਪ੍ਰੇਮ ਨਾਲ ਜਪਣਾ ਆਰੰਭਿਆ। ਅੰਤਰਗਤ ਤੀਰਥ ਹੈ ਇਕ ਅਰਥਾਤ ਸਾਡਾ ਆਪਣਾ ਮਨ ਇਕ ਤੀਰਥ ਹੈ। ਉਸ ਤੀਰਥ ਵਿਚ ਇਸ਼ਨਾਨ ਕਰਨਾ ਸਿੱਖਿਆ। ਉਹ ਐਉਂ ਕਿ ਜੀਭ ਨਾਮ ਜਪੇ, ਮਨ ਸਿਮਰਨ ਵਿਚ ਜਾਵੇ। ਜਿਸ ਨੂੰ ਸਿਮਰਦਾ ਹੈ, ਉਸ ਦੇ ਗੁਣਾਂ ਨੂੰ ਗਾਉਂਦਾ ਸਿਫਤ ਸਲਾਹ ਦੇ ਭਾਵ ਵਿਚ ਭਰਦਾ ਉਸ ਦੇ ਨਾਲ ਪ੍ਰੇਮ ਵਿਚ ਆਵੇ। ਇਹ ਅੰਤਰ ਮੁਖ ਇਸ਼ਨਾਨ ਹੈ। ਬੱਸ ਇਸ ਨਾਲ ਮਨ-ਪਰਤੱਖ ਮਨ ਜੋ ਹੈ ਸੋ ਤਾਂ ਨਿਰਮਲ ਹੁੰਦਾ ਹੈ। ਇਸੇ ਨਾਲ ਮਨ ਦਾ ਸੰਸਕਾਰਾਂ ਨੂੰ ਲਈ ਬੈਠਾ ਹਿੱਸਾ ਬੀ ਸਮਾਂ ਪਾ ਕੇ ਨਿਰਮਲ ਹੋ ਜਾਂਦਾ ਹੈ। ਇਸ ਮਨ ਵਿਚ ਸਾਂਈ ਨਾਮ ਦੇ ਵਸ ਗਿਆਂ, ਉਸ ਦੇ ਸਤਿ ਸਰੂਪ ਵਿਚ ਮਿਲ ਕੇ ਜੀਵ ਅਨੰਦ ਮਾਣਦਾ ਹੈ। ਸੋ ਪੁਰਖਾ! ਇਹ ਸਾਰੀ ਗੱਲਬਾਤ ਨੂੰ ਅਸੀਂ ਨਾਮ ਕਹਿੰਦੇ ਹਾਂ। ਨਾਮ ਨਾਲ ਕਲਿਆਨ ਹੈ, ਨਾਮ ਦੀ ਸ਼ਰਨ ਲਓ, ਸਾਰੀ ਵਿਆਕੁਲਤਾ ਤੇ ਘਬਰਾ ਹਟ ਜਾਣਗੇ।

ਝੰਡਾ - ਅੱਛਾ ਇਤਨਾ ਸਾਰਾ ਜੋ ਕੁਛ ਆਪ ਨੇ ਸਮਝਾਇਆ ਹੈ ਨਾਮ ਹੈ! ਅਸਾਂ ਨਾਮ ਨਿਰਾ ਕਿਸੇ ਦੇ ਨਾਉਂ ਨੂੰ ਜਾਣ ਰਖਿਆ ਸੀ।

ਗੁਰੂ ਜੀ - ਨਾਮ ਵਿਦਿਆ ਹੈ, ਨਾਮ ਪਰਮੇਸੁਰ ਦਾ ਨਾਉਂ ਹੈ, ਨਾਮ ਪਰਮੇਸ਼ੁਰ ਦੇ ਗੁਣਾਂ ਦਾ ਸਰੋਵਰ ਹੈ, ਨਾਮ ਉਸ ਦਾ ਸਰੂਪ ਹੈ। ਆਪੇ ਨੂੰ ਸਾਂਈ ਨਾਲ ਲਾਈ ਰੱਖਣਾ ਨਾਮ ਹੈ, ਨਾਲ ਲੱਗੇ ਰਹਿ ਕੇ ਰੰਗ ਤੇ ਰਸ ਵਿਚ ਜੀਉਣਾ ਨਾਮ ਹੈ, ਨਾਮ ਜੋ ਕੁਛ ਕਿਹਾ ਹੈ, ਅਜੇ ਹੋਰ ਹੈ। ਨਾਮ ਇਕ ਤਿਆਰੀ ਤੇ ਯਤਨ ਹੈ ਜੋ ਸ਼ੁਭ ਕਰਮਾਂ ਤੋਂ ਉਪਰਲਾ ਸਾਧਨ ਤੇ ਦਰਜਾ ਹੈ। ਆਪਣੇ ਆਪ ਨੂੰ ਸਾਂਈਂ ਦੇ ਅਸਰ ਹੇਠ ਲਿਆਉਣਾ ਨਾਮ ਹੈ। ਜਿਵੇਂ ਪਾਲੇ ਲਗਦੇ ਸਰੀਰ ਨੂੰ ਸੂਰਜ ਦੇ ਸਨਮੁਖ ਕਰਨਾ ਆਪਣੇ ਪਾਲੇ ਨੂੰ ਹਰਨਾਂ ਹੈ, ਤਿਵੇਂ ਅਵਗੁਣੀ ਭਰਪੂਰ ਮਨ ਨੂੰ ਸਾਂਈਂ ਦੇ ਸਨਮੁਖ ਕਰਨਾ ਤੇ ਕਰੀ ਰੱਖਣਾ ਮਨ ਦੇ ਅਵਗੁਣਾਂ ਨੂੰ ਹਰ ਲੈਣਾ ਹੈ। ਇਹ ਮਨ ਨੂੰ ਸਾਂਈਂ ਦੇ ਅਸਰਾਂ ਲਈ ਉਸ ਦੇ ਸਨਮੁਖ ਕਰਨਾ ਤੇ ਰੱਖਣਾ, ਇਹ ਰੁਖ, ਇਹ ਝੁਕਾਉ, ਇਹ ਯਾਦ ਇਹ ਯਤਨ ਸਭ ਨਾਮ ਹੈ।

ਝੰਡੇ ਦਾ ਅੰਦਰ ਸੰਸਿਆ ਤੇ ਦੁਬਿਧਾ ਦੀਆਂ ਵਿਚਾਰਾਂ ਤੋਂ ਸਾਫ ਹੋ ਗਿਆ ਸੀ। ਉਸ ਨੂੰ ਨਿਰਮਲ ਸੋਝੀ ਤੇ ਅਮੰਨਾ ਹੋਇਆ ਸੀ, ਉਹ ਸੁਣ-ਸੁਣ ਕੇ ਪਿਆਰ ਦੇ ਉਚੇ ਵਲਵਲਿਆਂ ਨਾਲ ਭਰ ਰਿਹਾ ਸੀ, ਸਿਮਰਨ ਦੀ ਰੌਂ ਮਨ ਵਿਚ ਟੁਰ ਪਈ ਸੀ ਤੇ ਸੁਆਦ ਆ ਰਿਹਾ ਸੀ, ਹੁਣ ਹੋਰ ਕੁਛ ਨਾ ਬੋਲਿਆ ਤੇ ਰਸ ਮਗਨ ਹੋ ਗਿਆ।

ਉਧਰ ਮਰਦਾਨਾ ਭੋਜਨ ਖਾ ਕੇ, ਦੂਰ ਜਾ ਕੇ ਕਰਲਾ ਪਾਣੀ ਕਰ ਦਬੇ ਪੈਰੀਂ ਉਰੇ ਆ ਕੇ ਮਲਕੜੇ ਜਿਹੇ ਕੋਲ ਆ ਬੈਠਾ ਸੀ। ਜਦ ਬਾਤ ਚੀਤ ਬੱਸ ਹੋਈ ਤੇ ਉਸ ਨੇ ਝੰਡੇ ਨੂੰ ਟਿਕਿਆ ਹੋਇਆ ਡਿੱਠਾ ਤਾਂ ਹੌਲੇ ਜਿਹੇ ਦਾਤਾ ਜੀ ਨੂੰ ਕਹਿਣ ਲੱਗਾ - ਹਾਂ, ਹੁਣ ਤਾਂ ਪ੍ਰਾਹੁਣਾਚਾਰੀ ਕਰ ਚੁਕੇ ਹੋ, ਆਏ ਅਤਿੱਥੀ ਨੂੰ ਰੱਬੀ ਖਾਣਾ ਖੁਆਲ ਚੁਕੇ ਹੋ, ਹੁਣ ਤਾਂ ਆਪਣੇ ਸਰੀਰ ਨੂੰ ਕੁਛ ਅੰਨ ਪਾਣੀ ਦਾ ਆਧਾਰ ਦਿਓ?

ਸਤਿਗੁਰੂ ਸੁਣ ਕੇ ਮੁਸਕਰਾਏ ਤੇ ਕਹਿਣ ਲੱਗੇ - ਮਰਦਾਨਿਆਂ! ਠਹਿਰ ਜਾਹ, ਖੁਆਲਣਾ ਖਾਣ ਨਾਲੋਂ ਬਰਕਤ ਵੰਦਾ ਹੈ।

ਸਮਾਂ ਲੰਘਦਾ ਗਿਆ, ਪਰ ਮਰਦਾਨੇ ਦੇ ਦਿਲ ਨੂੰ ਆਪਣੇ ਪਿਆਰੇ ਦੀ ਭੁੱਖ ਚੈਨ ਨਹੀਂ ਸੀ ਲੈਣ ਦਿੰਦੀ,

ਚਾਹੁੰਦਾ ਸੀ ਕਿ ਕਿਵੇਂ ਕੁਛ ਮੂੰਹ ਪਾਉਣ। ਦੋ ਤ੍ਰੈ ਵੇਰੀ ਉਸ ਦੇ ਬੋਲਣ ਨਾਲ ਝੰਡੇ ਦਾ ਧਿਆਨ ਆਪਣੀ ਮਗਨਤਾ ਵਲੋਂ ਇਸ ਪਾਸੇ ਪਰਤਿਆ, ਕਿ ਹੈਂ! ਅਜੇ ਤਕ ਦਾਤਾ ਸਾਂਈਂ ਜੀ ਭੁੱਖੇ ਹਨ ਤੇ ਮੈਂ ਸੁਆਰਥੀ ਨੇ ਉਹਨਾਂ ਤੋਂ ਅੰਮ੍ਰਿਤ ਭੋਜਨ ਖਾ-ਖਾ ਕੇ ਬੱਸ ਨਹੀਂ ਕੀਤੀ ਤੇ ਉਹਨਾਂ ਨੂੰ ਦੋ ਪੈਸੇ ਭਰ ਅੰਨ ਮੂੰਹ ਪਾਉਣ ਦਾ ਬੀ ਵਿਹਲ ਨਹੀਂ ਲੈਣ ਦਿਤਾ। ਨਾਮ ਸਿਮਰਦਾ, ਜਿਸ ਦੀ ਰੌ ਅੰਦਰ ਟੁਰ ਪਈ ਸੀ। ਹੱਥ ਜੋੜ ਕੇ ਆਖਣ ਲੱਗਾ, ਨਿਰੰਕਾਰ ਦੀ ਜੋਤ ਜੀ! ਆਪ ਭੋਜਨ ਪਾਓ।

ਗੁਰੂ ਜੀ - ਅਜੇ ਕਿਸੇ ਹੋਰਸ ਨੂੰ ਖੁਆਲਣਾ ਹੈ ਪਹਿਲੋਂ।

ਝੰਡਾ - ਪਾਤਸ਼ਾਹ! ਫਿਰ ਇਥੇ ਉਦਿਆਨ ਵਿਚ ਨਾ ਬੈਠੋ ਤੇ ਇਸ ਦਾਸ ਦੇ ਡੇਰੇ ਚੱਲੋ।

ਮਿਹਰਾਂ ਦੇ ਸਾਂਈਂ ਸੁਣ ਕੇ ਤੁਰ ਪਏ ਤੇ ਰਸਤੇ ਵਿਚ ਵਾਰਤਾਲਾਪ ਜੁ ਹੋਈ ਉਸ ਤੋਂ ਝੰਡੇ ਨੇ ਸਮਝ ਲਿਆ ਕਿ ਆਪ ਇੰਦਰਸੈਨ ਨੂੰ ਅੰਮ੍ਰਿਤਦਾਨ ਦਾ ਭੋਜਨ ਪਾਉਣਗੇ। ਝੰਡੇ ਨੂੰ ਇਹ ਬੀ ਅਫ਼ਸੋਸ ਆਇਆ ਕਿ ਮੈਂ ਆਪਣੇ ਮਿੱਤਰ ਨੂੰ ਪਹਿਲੋਂ ਕਿਉਂ ਨਾ ਸੱਦ ਲਿਆ, ਉਹ ਬੀ ਅੰਮ੍ਰਿਤ ਵਚਨ ਸੁਣਦਾ! ਇਸ ਤਰ੍ਹਾਂ ਵਿਚਾਰਦਾ ਸਤਿਗੁਰਾਂ ਨੂੰ ਘਰ ਡੇਰਾ ਕਰਾ ਕੇ ਗੁਰੂ ਜੀ ਦੀ ਆਗਿਆ ਵਿਚ ਇੰਦਰ ਸੈਣ ਨੂੰ ਸੱਦਣ ਚਲਾ ਗਿਆ ਤੇ ਉਸ ਨੂੰ ਮਿਲ ਕੇ ਕਹਿਣ ਲੱਗਾ -

*ਕਰਿਹਾਂ ਹੇਤ ਜਿੰਹ ਗਯਾਨ ਧਿਆਨਾ॥*
*ਮਿਲਾ ਸੰਤ ਪੂਰਨ ਗਤਿ-ਦਾਨਾ॥*
*ਚਲਹੁ ਬੁਲਾਵਤ, ਅਬ ਤਿਹ ਪਾਹੀ॥*
*ਤੁਮ ਬਿਨ ਅਸਨ ਅਚਤ ਸੋ ਨਾਹੀ॥*

ਇੰਦਰਸੈਣ ਸੁਣ ਕੇ ਖੁਸ਼ ਹੋਇਆ। ਦੋਵੇਂ ਇਕੱਠੇ ਟੁਰ ਪਏ। ਰਸਤੇ ਵਿਚ ਝੰਡੇ ਨੇ ਸਾਰੀ ਗੱਲ ਬਾਤ ਸੁਣਾਈ ਤੇ ਦੱਸਿਆ ਕਿ ਕੱਲ ਜਿਸ ਆਦਮੀ ਨੂੰ ਤੁਸੀਂ ਛੱਡ ਆਏ ਸਾਓ ਮੇਰੇ ਘਰ, ਸੋਈ ਪੁਰਖ ਸੀ ਉਸ ਜੋਤਿ ਨਿਰੰਜਨੀ ਦਾ ਕੀਰਤਨੀਆ। ਉਸ ਦੀਆਂ ਗੱਲਾਂ ਤੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵਾਕਾਂ ਤੋਂ ਜਾਣ ਪੈਂਦਾ ਹੈ ਕਿ ਉਹ ਸਾਨੂੰ ਜਾਣਦੇ ਹਨ ਤੇ ਸਾਡੇ ਤਾਰਨ ਨਮਿੱਤ ਏਧਰ ਆਏ ਹਨ। ਕੀਕੂੰ ਜਾਣਦੇ ਹਨ? ਕਦੋਂਕਣੇ ਜਾਣਦੇ ਹਨ? ਤੁਸੀਂ ਵਿਚਾਰ ਕਰੋ। ਮੈਨੂੰ ਤਾਂ ਜਾਪਦਾ ਹੈ ਕਿ ਉਹਨਾਂ ਦਾ ਅੰਦਰਲਾ ਦਿੱਬ ਜਯੋਤੀ ਹੈ ਅਰ ਉਹ ਸੁਤੇ ਸਿੱਧ ਹੀ ਉਹ ਕੁਛ ਜਾਣਦੇ ਹਨ ਜੋ ਅਸੀਂ ਅਕਲਾਂ ਫਿਕਰਾਂ ਨਾਲ ਬੀ ਨਹੀਂ ਜਾਣਦੇ। ਫਿਰ ਝੰਡੇ ਨੇ ਮਰਦਾਨੇ ਨਾਲ ਹੋਈ ਗੱਲਬਾਤ ਤੇ ਸਤਿਗੁਰਾਂ ਦੇ ਉਚਾਰੇ ਵਾਕ ਜਿਵੇਂ ਕਿ ਯਾਦ ਸਾਸੁ ਇੰਦ੍ਰਸੈਨ ਨੂੰ ਸੁਣਾਏ। ਇੰਦਰ ਸੈਣ ਕਦੇ ਮੁਸਕਰਾਉਂਦਾ ਸੀ ਕਦੇ ਅੱਥਰੂ ਭਰਦਾ ਸੀ ਤੇ ਕਦੇ ਸੱਚ ਵਿਚ ਲਹਿ ਜਾਂਦਾ ਸੀ। ਫੇਰ ਹੱਸਦਾ ਤੇ ਆਖਦਾ ਸੀ - ਆਪੇ ਹੀ ਦਿਆਲ ਹੁੰਦਾ ਹੈ ਤਾਂ ਜੀਵਾਂ ਦਾ ਕੁਛ ਬਣਦਾ ਹੈ।

ਇਸ ਤਰ੍ਹਾਂ ਆਪੋ ਵਿਚ ਵਾਰਤਾਲਾਪ ਕਰਦੇ ਤੇ ਗੱਲਾਂ ਸਮਝਦੇ ਸਮਝਾਉਂਦੇ ਅਚਰਜ ਹੁੰਦੇ ਤੇ ਸ਼ੁਕਰ ਵਿਚ ਪੈਂਦੇ ਦੁਏ ਟੁਰੀ ਆਏ। ਜਾ ਆ ਟਿਕਾਣੇ ਪੁੱਜੇ ਤਾਂ ਇੰਦਰ ਸੈਣ ਨੇ ਅੱਗੇ ਹੋ ਕੇ ਮੱਥਾ ਟੇਕਿਆ। ਮਾਨੁਖ ਕੁਲ ਦੇ ਸ਼੍ਰੋਮਣੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਅਸ਼ੀਰਵਾਦ ਦਿਤੀ - ਆਓ ਭਾਈ ਇੰਦਰਸੈਣ! ਰਾਜ਼ੀ ਹੋ!

ਇੰਦਰਸੈਣ ਦਰਸ਼ਨ ਕਰਦੇ ਸਾਰ ਐਉਂ ਖਿੱਚ ਖਾ ਗਿਆ ਸੀ ਜਿਵੇਂ ਕੋਈ ਮੁੱਦਤਾਂ ਦੇ ਜਾਣੇ ਸਿਆਣੇ ਪਰਮ ਹਿਤੂ ਜੀ ਮਿਲਦੇ ਹਨ। ਡਾਢੇ ਪਿਆਰ ਵਿਚ ਆ ਕੇ ਕਹਿਣ ਲੱਗਾ, ਆਪ ਦੀ ਮਿਹਰ ਹੈ ਤਰੁੱਠੇ ਹੋ, ਬਿਰਦ ਸੰਭਾਲਿਆ ਨੇ। ਮੁੱਦਤਾਂ ਤੋਂ ਤਰਲੇ ਲੈ ਰਹੇ ਸਾਂ, ਹੁਣ ਚਾਨਣਾ ਦਿਓ ਤੇ ਪਰਦਾ ਉਠਾ ਕੇ ਦਿਖਾ ਦਿਓ ਜੋ ਹੈ ਦੇਖਣੇ ਯੋਗ?

ਗੁਰੂ ਜੀ - ਜੋ ਮਨ ਨਾਲ ਸੋਚੀਦਾ ਹੈ ਉਹ ਜਾਣਨਾ ਹੈ, ਗਿਆਨ ਹੇ, ਪਰ ਮਨ ਦੀ ਸੋਚ ਵਿਚ ਉਹ ਨਹੀਂ ਆ ਸਕਦਾ ਜੋ ਸੋਚ ਤੋਂ ਪਰ੍ਹੇ ਹੈ, ਇਹੋ ਪਰਦਾ ਹੈ ਜੋ ਆਪ ਅਸਾਂ ਆਪੇ ਅੱਗੇ ਤਾਣ ਰਖਿਆ ਹੈ। ਇੰਦਰਸੈਣ! ਘਾਲ ਜੋ ਕਰਦੇ ਰਹੇ ਹੋ ਤੇ ਜੋ ਕਰੀਦੀ ਹੈ, ਉਹ ਨੂਰ ਲਈ ਹੀ ਕਰੀਦੀ ਹੈ, ਪਰ ਨੂਰ ਤਾਂ ਖੁਲ੍ਹਦਾ ਹੈ ਜੇ ਮਨ ਤੋਂ ਪਰ੍ਹੇ ਪ੍ਰਤੀਤੀ ਦੇ ਦੇਸ ਨੂੰ ਟੁਰੀਏ ਤਾਂ। ਉਸ ਦਾ ਮਾਰਗ ਪ੍ਰੇਮ ਹੈ, ਭਗਤੀ ਹੈ।

ਇੰਦਰ ਸੈਣ - ਸੱਚ ਹੈ, ਭਗਤੀ ਅੰਤ ਨੂੰ ਮਿਲਾਉਂਦੀ ਹੈ ਤੇ ਗਿਆਨ ਅੰਤ ਨੂੰ ਪਰਦਾ ਦੂਰ ਕਰਦਾ ਹੈ, ਪਰ ਮਨਾਂ ਦੇ ਰੁਖ ਅੱਡਰੇ ਹਨ। ਝੰਡੇ ਦਾ ਰੁਖ ਭਗਤੀ ਵਲ ਵਧੇਰੇ ਪੈਂਦਾ ਹੈ, ਮੇਰਾ ਗਿਆਨ ਵੰਨੇ, ਹਾਂ ਦੋਵੇਂ ਸਤਿਸੰਗੀ। ਸਾਧਨ ਦੋਹਾਂ ਨੇ ਇਕੋ ਕੀਤੇ ਹਨ - ਮਨ ਨੂੰ ਧਾਵਣੋਂ ਵਰਜਣਾ, ਹਾਂ, ਨਾਮ ਰੂਪ ਤੋਂ ਮਨ ਨੂੰ ਹਟਾ ਹਟਾ ਕੇ ਇਕ ਸਾਰ ਤੇ ਟਿਕਣ ਦਾ ਜਤਨ ਕਰਦੇ ਰਹੇ ਹਾਂ, ਪਰ ਬਣਿਆ ਨਹੀਂ ਕੁਛ, ਇਕ ਸ਼ੂਨ ਜਿਹੀ ਵਿਚ ਟਿਕਾਉ ਜਿਹਾ ਕੁਛ ਭਾਸਦਾ ਹੈ ਜੋ ਉੱਕ-ਉੱਕ ਜਾਂਦਾ ਹੈ, ਜਾਂ ਜਿਸ ਤੋਂ ਛੇਤੀ ਉਟਕ-ਉਟਕ ਜਾਈਦਾ ਹੈ। ਕੋਈ ਰੇਖ ਵਿਚ ਮੇਖ ਮਾਰੋ, ਕੋਈ ਸਰ ਸੰਧ ਕੇ ਛੱਡੋ ਜੋ ਹਨ੍ਹੇਰਾ ਜਿਹਾ, ਜਿਹੜਾ ਰਹਿੰਦਾ ਹੈ, ਦੂਰ ਹੋਵੇ। ਕੁਛ ਦਿਨ ਅਸਾਂ ਦੋਹਾਂ ਕੁਛ ਜੋਗ ਸਾਧਨ ਬੀ ਕੀਤੇ ਹਨ, ਪਰ ਸੰਸਾ ਘਟ ਵਿਚ ਆ-ਆ ਉਖੇੜਦਾ ਰਹਿੰਦਾ ਹੈ। ਹਾਂ ਇਕ ਗੱਲ ਕਦੇ-ਕਦੇ ਮੇਰੇ ਤੇ ਵਾਪਰਦੀ ਹੈ ਐਉਂ ਭਾਸਦਾ ਰਿਹਾ ਹੈ ਕਿ ਮਿਹਰ ਹੋਵੇਗੀ, ਆਪ ਆਵੇਗਾ, ਲੜ ਲਾਵੇਗਾ।

***ਚਲਦਾ................/'***

# ਗੁਰਬਾਣੀ ਅਰਥ-ਭੰਡਾਰ

*ਸੰਤ ਹਰੀ ਸਿੰਘ ਜੀ 'ਰੰਧਾਵੇ ਵਾਲੇ'*

*(ਲੜੀ ਜੋੜਨ ਲਈ ਦੇਖੋ, ਜੁਲਾਈ ਅੰਕ, ਪੰਨਾ-56)*

### ਸਿਰੀਰਾਗੁ ਮਹਲਾ ੫
### ਪ੍ਰੀਤਿ ਲਗੀ ਤਿਸੁ ਸਚ ਸਿਉ
### ਮਰੈ ਨ ਆਵੈ ਜਾਇ॥

ਹੇ ਭਾਈ! ਜਿਸ ਪੁਰਸ਼ ਦੀ ਉਸ ਸਚ=ਪ੍ਰਭੂ ਨਾਲ ਪ੍ਰੀਤੀ ਲੱਗੀ ਹੋਈ ਹੈ, ਜੋ ਪ੍ਰਭੂ ਕਦੇ ਵੀ ਮਰਦਾ ਨਹੀਂ ਹੈ ਤੇ ਨਾ ਹੀ ਉਸ ਨੂੰ ਆਵੈ ਜਾਇ=ਆਵਾਗਵਨ ਹੈ ਵਾ: ਉਹ ਪੁਰਸ਼ ਫਿਰ ਵਾਰ-ਵਾਰ ਮਰਦਾ ਜੰਮਦਾ ਵਾ: ਆਉਂਦਾ ਜਾਂਦਾ ਨਹੀਂ, ਭਾਵ ਨਾ ਉਸ ਨੂੰ ਜਨਮ ਧਾਰ ਕੇ ਵਾਰ-ਵਾਰ ਆਉਣਾ ਪੈਂਦਾ ਹੈ ਅਤੇ ਨਾ ਹੀ ਵਾਰ-ਵਾਰ ਮਰ ਕੇ ਹਿਸਾਬ ਦੇਣ ਲਈ ਪਰਲੋਕ ਜਾਣਾ ਪੈਂਦਾ ਹੈ।

### ਨਾ ਵੇਛੋੜਿਆ ਵਿਛੁੜੈ
### ਸਭ ਮਹਿ ਰਹਿਆ ਸਮਾਇ॥

ਉਸ ਗੁਰਮੁਖ ਦਾ ਮਨ ਕਦੇ ਵੀ ਪਾਮਰਾਂ ਜਾਂ ਵਿਸ਼ਈ ਪੁਰਸ਼ਾਂ ਦੀ ਕੁਸੰਗਤ ਕਰਕੇ ਅਨੰਦ ਸਰੂਪ ਵੱਲੋਂ ਵਿਛੁੜਦਾ ਨਹੀਂ ਹੈ ਵਾ: ਉਹ ਪਰਮੇਸ਼ਰ ਕਿਸੇ ਦੇ ਵਿਛੋੜਿਆਂ ਕਦੇ ਵਿਛੁੜਦਾ ਨਹੀਂ ਹੈ, ਜੋ ਸਾਰਿਆਂ ਵਿਚ ਵਿਆਪਕ ਹੋ ਰਿਹਾ ਹੈ ਵਾ: ਉਹ ਗੁਰਮੁਖ ਉਸ ਵਿਚ ਲੀਨ ਰਹਿੰਦਾ ਹੈ।

### ਦੀਨ ਦਰਦ ਦੁਖ ਭੰਜਨਾ
### ਸੇਵਕ ਕੈ ਸਤਭਾਇ॥

ਹੇ ਭਾਈ! ਉਹ ਪ੍ਰਭੂ ਦੀਨ=ਗਰੀਬਾਂ ਦੇ ਜੰਮਣ ਮਰਨ ਰੂਪੀ ਦੁਖ ਅਵਿਦਿਆ ਦੀਆਂ ਦਰਦ=ਪੀੜਾਂ ਨੂੰ ਭੰਜਨਾਂ=ਭੰਨਣ ਭਾਵ ਨਾਸ਼ ਕਰਨ ਵਾਲਾ ਹੈ ਅਤੇ ਸੇਵਕ=ਦਾਸਾਂ ਕੈ=ਦੇ ਮਨ ਵਿਚ ਸਤਭਾਇ=ਸੱਚਾ ਨਿਸਚਾ ਦੇਣ ਵਾਲਾ ਹੈ ਵਾ: ਸੇਵਕਾਂ ਦੇ ਮਨ ਵਿਚ ਸਤਭਾਇ=ਸੱਚਾ ਪ੍ਰੇਮ ਵਾ: ਸੱਚਾ ਗਿਆਨ ਪ੍ਰਗਟ ਕਰਨ ਵਾਲਾ ਹੈ।

### ਅਚਰਜ ਰੂਪੁ ਨਿਰੰਜਨੋ
### ਗੁਰਿ ਮੇਲਾਇਆ ਮਾਇ॥

ਉਹ ਪ੍ਰਭੂ ਅਚਰਜ=ਵਿਸਮਾਦ ਰੂਪ ਹੈ ਭਾਵ ਉਹ ਆਪਣੇ ਆਪ ਤੋਂ ਪ੍ਰਕਾਸ਼ਵਾਨ (ਸੈਭੰ) ਰੂਪ ਹੈ ਅਤੇ ਸਾਰੇ ਖੰਡਾਂ ਬ੍ਰਹਿਮੰਡਾਂ, ਦੀਪਾਂ, ਲੋਆਂ, ਆਕਾਸ਼ਾਂ, ਪਾਤਾਲਾਂ 'ਚ ਵਿਆਪਕ ਹੋ ਰਿਹਾ ਹੈ। ਇਸ ਕਰਕੇ ਉਹ ਹੈਰਾਨੀ ਜਨਕ ਭਾਵ ਅਚਰਜ=ਹੈਰਾਨ ਕਰਨ ਵਾਲਾ ਰੂਪ ਹੈ ਅਤੇ ਨਿਰੰਜਨੋ=ਮਾਇਆ ਰੂਪੀ ਕਾਲਖ ਤੋਂ ਰਹਿਤ ਹੈ। ਮਾਇ=ਹੇ ਭਾਈ! ਸਾਨੂੰ ਪੂਰੇ ਸਤਿਗੁਰੂ ਜੀ ਨੇ ਉਸ ਪ੍ਰਭੂ ਨਾਲ ਮੇਲਾਇਆ=ਮਿਲਾ ਦਿਤਾ ਹੈ।

### ਭਾਈ ਰੇ; ਮੀਤੁ ਕਰਹੁ ਪ੍ਰਭੁ ਸੋਇ॥

ਹੇ ਭਾਈ! ਸੋਇ=ਉਸ ਪ੍ਰਭੂ ਨੂੰ ਆਪਣਾ ਮੀਤੁ=ਮਿੱਤਰ ਵਾ: ਸੱਜਣ ਬਣਾਉਣਾ ਕਰੋ, ਭਾਵ ਹੋਰ ਸੰਸਾਰ ਦੀ ਝੂਠੀ ਸੱਜਣਤਾ ਵਿਚ ਨਾ ਫਸੋ ਕਿਉਂਕਿ ਸੰਸਾਰ 'ਚ ਉਹ ਇਕੋ ਹੀ ਸੱਚਾ ਸੱਜਣ ਪਰਮਾਤਮਾ ਹੈ।

### ਮਾਇਆ ਮੋਹ ਪਰੀਤਿ ਧ੍ਰਿਗੁ
### ਸੁਖੀ ਨ ਦੀਸੈ ਕੋਇ॥੧॥ਰਹਾਉ॥

ਹੇ ਭਾਈ! ਮਾਇਆ ਦੇ ਮੋਹ ਕਰਕੇ ਲਗਾਈ ਹੋਈ ਪ੍ਰੀਤੀ ਨੂੰ ਧ੍ਰਿਗੁ=ਧਿਰਕਾਰ ਹੈ ਅਰਥਾਤ ਸੌ ਵਾਰੀ ਫਿੱਟੇ ਮੂੰਹ ਕਹੀਏ ਤਾਂ ਇਕ ਲਾਹਨਤ ਹੁੰਦੀ ਹੈ ਤੇ ਸੌ ਵਾਰੀ ਲਾਹਨਤ ਕਹੀਏ ਤਾਂ ਇਕ ਧ੍ਰਿਗ ਹੁੰਦਾ ਹੈ, ਕਿਉਂਕਿ ਮਾਇਆ ਦੇ ਮੋਹ 'ਚ ਪ੍ਰੀਤ ਲਾਉਣ ਵਾਲਿਆਂ 'ਚੋਂ ਕੋਈ ਵੀ ਸੁਖੀ ਨਹੀਂ ਦਿਸਦਾ, ਭਾਵ ਸਾਰੇ ਦੁੱਖਾਂ ਦੇ ਗ੍ਰਸੇ ਹੋਏ ਹੀ ਨਜ਼ਰ ਆਉਂਦੇ ਹਨ।

### ਦਾਨਾ ਦਾਤਾ ਸੀਲਵੰਤੁ
### ਨਿਰਮਲੁ ਰੂਪੁ ਅਪਾਰੁ॥

ਉਹ ਵਾਹਿਗੁਰੂ ਸਭ ਦਾ ਦਾਨਾ=ਗਿਆਤਾ, ਦਾਤਾ=ਸਭ ਨੂੰ ਦਾਤਾਂ ਦੇਣ ਵਾਲਾ ਤੇ ਸੀਲਵੰਤੁ=ਨਰਮ ਸੁਭਾਅ ਵਾਲਾ ਹੈ ਭਾਵ ਉਹ ਦਾਨਾ (ਗਿਆਤਾ) ਹੋ ਕੇ ਸਭ ਦੇ ਅੰਦਰ ਦੀਆਂ ਜਾਣਦਾ ਹੈ।

### ਸਖਾ ਸਹਾਈ ਅਤਿ ਵਡਾ
### ਊਚਾ ਵਡਾ ਅਪਾਰੁ॥

ਉਸ ਪਰਮੇਸ਼ਰ ਨੇ ਮਾਤਾ ਦੇ ਗਰਭ ਵਿਚ ਪਰਾ ਬਾਣੀ ਦੁਆਰਾ ਸਿਮਰਨ ਕਰਾ ਕੇ ਸਖਾ=ਸਾਥੀ ਬਣ ਕੇ ਗਰਭ ਅਗਨੀ ਵਿਚ ਸੜਨ ਨਹੀਂ ਦਿਤਾ ਅਤੇ ਇਸ ਲੋਕ 'ਚ ਸਹਾਈ=ਸਹਾਇਕ ਹੋ ਕੇ ਵਿਕਾਰਾਂ ਤੋਂ ਬਚਾਉਣ ਵਾਲਾ ਹੈ ਅਤੇ ਪਰਲੋਕ ਵਿਚ ਰੱਖਿਆ ਕਰਨ ਵਾਲਾ ਅਤਿ=ਅਤਿਅੰਤ ਵਡਾ=ਉੱਚਾ ਹੈ। ਉਹ ਸਭ ਤੋਂ ਊਚਾ=ਬੁਲੰਦ, ਵੱਡਾ ਤੇ ਅਪਾਰੁ=ਪਾਰਾਵਾਰ ਤੋਂ ਰਹਿਤ ਹੈ, ਭਾਵ ਜੋ ਪ੍ਰਕਿਰਤੀ ਪਿੱਛੇ ਹਿਰਨ ਗਰਭ, ਅਭਿਆਕ੍ਰਿਤ ਜਾਂ ਵੈਰਾਟ ਵਰਗੇ ਹਨ, ਉਹ ਪਰਮੇਸ਼ਰ ਇਨ੍ਹਾਂ ਸਾਰਿਆਂ ਤੋਂ ਉੱਚਾ ਤੇ ਵੱਡਾ ਹੈ ਅਤੇ ਪਾਰਾਵਾਰ ਤੋਂ ਰਹਿਤ ਹੈ।

### ਬਾਲਕੁ ਬਿਰਧਿ ਨ ਜਾਣੀਐ
### ਨਿਹਚਲੁ ਤਿਸੁ ਦਰਵਾਰੁ॥

ਉਹ ਨਾ ਹੀ ਬਾਲਕੁ=ਬਾਲ ਅਵਸਥਾ ਵਾਲਾ ਹੈ ਤੇ ਨਾ ਹੀ ਬਿਰਧਿ=ਬੁਢਾਪੇ ਨੂੰ ਧਾਰਨ ਕਰਨੇ ਵਾਲਾ ਹੈ, ਇਸ ਲਈ ਉਸ ਨੂੰ ਬਾਲਕ ਜਾਂ ਬਿਰਧ ਕਰਕੇ ਨਾ ਜਾਣੀਏ ਭਾਵ ਬਾਲਕ ਜਿਵੇਂ ਚੰਚਲ ਹੁੰਦਾ ਹੈ, ਉਹ

ਬਾਲਕਪਨ ਦੀ ਚੰਚਲਤਾ ਤੋਂ ਰਹਿਤ ਹੈ ਅਤੇ ਨਾ ਹੀ ਉਸ ਵਿਚ ਬਿਰਧਿ ਅਵਸਥਾ ਵਾਲੀ ਜੜ੍ਹਤਾ ਹੈ ਅਤੇ ਉਸ ਦਾ ਦਰਬਾਰ ਨਿਹਚਲੁ=ਅਚੱਲ ਸਰੂਪ ਹੈ ਭਾਵ ਸੱਚਖੰਡ ਰੂਪੀ ਦਰਬਾਰ ਉਸ ਦਾ ਇਕ ਰਸ ਰਹਿਣ ਵਾਲਾ ਹੈ।

### ਜੋ ਮੰਗੀਐ ਸੋਈ ਪਾਈਐ
### ਨਿਧਾਰਾ ਆਧਾਰੁ॥੨॥

ਹੇ ਭਾਈ! ਉਸ ਕੋਲੋਂ ਜੋ ਵੀ ਮੰਗੀਏ ਸੋਈ=ਉਹੋ ਹੀ ਪਾਈਐ=ਪ੍ਰਾਪਤ ਕਰ ਲਈਦਾ ਹੈ ਅਤੇ ਉਹ ਆਪ ਨਿਧਾਰਾ=ਨਿਰਾਧਾਰ ਹੋ ਕੇ ਵੀ ਸਾਰਿਆਂ ਦਾ ਆਧਾਰੁ=ਆਸਰਾ ਰੂਪ ਹੈ, ਭਾਵ ਜੀਵਾਂ ਦੇ ਪ੍ਰਾਣ, ਤੱਤ, ਪ੍ਰਿਥਵੀ, ਖੰਡ, ਬ੍ਰਹਿਮੰਡ ਆਦਿ ਸਭ ਉਸੇ ਦੇ ਹੀ ਆਸਰੇ ਸਥਿਰ ਹਨ।

### ਜਿਸੁ ਪੇਖਤ ਕਿਲਵਿਖ ਹਿਰਹਿ
### ਮਨਿ ਤਨਿ ਹੋਵੈ ਸ਼ਾਂਤਿ॥

ਹੇ ਭਾਈ! ਜਿਸ ਦੇ ਪੇਖਤ=ਦਰਸ਼ਨ ਮਾਤਰ ਤੋਂ ਹੀ ਸਾਰੇ ਕਿਲਵਿਖ=ਪਾਪ ਹਿਰਹਿ=ਨਾਸ਼ ਹੋ ਜਾਂਦੇ ਹਨ ਵਾ: ਉਸ ਦੀ ਕ੍ਰਿਪਾ ਦ੍ਰਿਸ਼ਟੀ ਦੁਆਰਾ ਪੇਖਤ=ਵੇਖਦਿਆਂ ਹੀ ਜੀਵਾਂ ਦੇ ਸਾਰੇ ਕਿਲਵਿਖ=ਪਾਪ ਹਿਰਹਿ=ਨਾਸ਼ ਹੋ ਜਾਂਦੇ ਹਨ ਅਤੇ ਮਨ ਤੇ ਤਨ ਸ਼ਾਂਤ ਹੋ ਜਾਂਦੇ ਹਨ, ਭਾਵ ਮਨਿ ਜੋ ਵਾਸਨਾ ਵਾ: ਕਲਪਨਾ ਕਰਕੇ ਤੜਪਦਾ ਹੈ, ਉਹ ਸ਼ਾਂਤ ਹੋ ਜਾਂਦਾ ਹੈ ਤੇ ਤਨਿ=ਸਰੀਰ ਵੀ ਵਿਕਾਰਾਂ ਦੀ ਮਲੀਨਤਾ ਤੇ ਬੇਚੈਨੀ ਤੋਂ ਸ਼ਾਂਤ ਹੋ ਜਾਂਦਾ ਹੈ।

### ਇਕ ਮਨਿ ਏਕੁ ਧਿਆਈਐ
### ਮਨ ਕੀ ਲਾਹਿ ਭਰਾਂਤਿ॥

ਹੇ ਭਾਈ! ਇਕ ਮਨਿ=ਇਕਾਗਰ ਮਨ ਕਰਕੇ ਉਸ ਏਕੁ=ਅਦ੍ਵੈਤ ਸਰੂਪ ਵਾਹਿਗੁਰੂ ਨੂੰ ਧਿਆਈਐ=ਧਿਆਉਣਾ ਕਰੀਏ ਅਤੇ ਮਨ ਦੇ ਅੰਦਰ ਦੀ ਭਰਾਂਤਿ=ਭਰਮ ਸੰਸਾ ਵਾ: ਭ੍ਰਾਂਤੀ ਵੀ ਲਾਹ ਦੇਈਏ।

### ਗੁਣ ਨਿਧਾਨੁ ਨਵਤਨੁ ਸਦਾ
### ਪੂਰਨ ਜਾ ਕੀ ਦਾਤਿ॥

ਉਹ ਵਾਹਿਗੁਰੂ ਗੁਣਾਂ ਦਾ ਨਿਧਾਨੁ=ਖਜ਼ਾਨਾ ਹੈ ਤੇ ਸਦਾ=ਹਮੇਸ਼ਾ ਹੀ ਨਵਤਨੁ=ਨਵੀਨ ਸਰੂਪ ਰਹਿਣ ਵਾਲਾ ਹੈ ਭਾਵ ਇਕ-ਰਸ ਰਹਿਣ ਵਾਲਾ ਹੈ ਅਤੇ ਉਸ ਵਾਹਿਗੁਰੂ ਦੀ ਦਿਤੀ ਦਾਤ ਵੀ ਪੂਰਨ ਹੀ ਹੁੰਦੀ ਹੈ ਭਾਵ ਵਾਰ-ਵਾਰ ਜ਼ਰੂਰਤ ਨਹੀਂ ਪੈਂਦੀ।

### ਸਦਾ ਸਦਾ ਆਰਾਧੀਐ
### ਦਿਨੁ ਵਿਸਰਹੁ ਨਹੀ ਰਾਤਿ॥

ਸਦਾ=ਹਮੇਸ਼ਾ ਰਹਿਣ ਵਾਲੇ ਉਸ ਪ੍ਰਭੂ ਦੀ ਸਦਾ=ਹਮੇਸ਼ਾ ਹੀ ਅਰਾਧਨਾ ਕਰੀਏ। ਉਸ ਨੂੰ ਨਾ ਹੀ ਦਿਨ ਵੇਲੇ ਵਿਸਰਹੁ=ਭੁੱਲਣਾ ਚਾਹੀਦਾ ਹੇ ਤੇ ਨਾ ਹੀ ਰਾਤ ਨੂੰ, ਭਾਵ ਉਸ ਨੂੰ ਹਰ ਵਕਤ ਯਾਦ ਰੱਖਣਾ ਚਾਹੀਦਾ ਹੈ ਵਾ: ਜਿਨ੍ਹਾਂ ਨੂੰ ਜਗਿਆਸਾ ਰੂਪੀ ਰਾਤ ਵਿਚ ਨਹੀਂ ਭੁੱਲਦਾ, ਉਨ੍ਹਾਂ ਨੂੰ ਬ੍ਰਹਮ ਗਿਆਨ ਰੂਪੀ ਦਿਨ ਚੜ੍ਹ ਜਾਂਦਾ ਹੈ।

### ਜਿਨ ਕਉ ਪੂਰਬਿ ਲਿਖਿਆ
### ਤਿਨ ਕਾ ਸਖਾ ਗੋਵਿੰਦੁ॥

ਜਿਨ੍ਹਾਂ ਦੇ ਮੱਥੇ ਉਤੇ ਨਿਸ਼ਕਾਮ ਕਰਮਾਂ ਸਦਕਾ ਪੂਰਬਿ=ਪਹਿਲਾਂ ਤੋਂ ਹੀ ਪ੍ਰਭੂ ਨੇ ਆਪਣੀ ਪ੍ਰਾਪਤੀ ਦਾ ਲੇਖ ਲਿਖ ਦਿਤਾ ਹੈ, ਉਨ੍ਹਾਂ ਦਾ ਲੋਕ ਪ੍ਰਲੋਕ ਦਾ ਸਖਾ=ਮਿੱਤਰ ਵਾ: ਪਿਆਰਾ ਉਹ ਗੋਵਿੰਦੁ=ਪ੍ਰਭੂ ਆਪ ਹੈ।

### ਤਨੁ ਮਨੁ ਧਨੁ ਅਰਪੀ ਸਭੋ
### ਸਗਲ ਵਾਰੀਐ ਇਹ ਜਿੰਦੁ॥

ਹੇ ਭਾਈ! ਉਸ ਪ੍ਰਭੂ ਨੂੰ ਆਪਣਾ ਤਨ ਸੇਵਾ ਕਰਕੇ, ਮਨ ਚਿਤਵਨੀ ਕਰਕੇ ਤੇ ਧਨ ਵੀ ਅਰਪੀ=ਭੇਟਾ ਕਰ ਦੇਈਏ ਅਤੇ ਆਪਣੀ ਸਾਰੀ ਜਿੰਦੁ=ਜ਼ਿੰਦਗਾਨੀ ਵੀ ਉਸ ਤੋਂ ਵਾਰੀਐ=ਵਾਰਨੇ ਕਰ ਦੇਈਏ, ਭਾਵ ਸਾਰੀ ਉਮਰ ਉਸ ਨੂੰ ਯਾਦ ਕਰਦੇ ਰਹੀਏ।

### ਦੇਖੈ ਸੁਣੈ ਹਦੂਰਿ ਸਦ
### ਘਟਿ ਘਟਿ ਬ੍ਰਹਮੁ ਰਵਿੰਦੁ॥

ਉਹ ਪ੍ਰਭੂ ਸਭ ਦੀਆਂ ਕਰਤੂਤਾਂ ਨੂੰ ਦੇਖਦਾ ਹੈ, ਸਭ ਦੀਆਂ ਗੁਪਤ ਗੱਲਾਂ ਨੂੰ ਸੁਣਦਾ ਹੈ ਅਤੇ ਹਮੇਸ਼ਾ ਹਦੂਰਿ=ਨੇੜੇ ਹੀ ਹੈ। ਉਹ ਬ੍ਰਹਮੁ=ਪਰਮਾਤਮਾ ਘਟਾਂ-ਘਟਾਂ ਵਿਚ ਰਵਿੰਦੁ=ਰਵਿਆ ਹੋਇਆ ਹੈ, ਭਾਵ ਉਹ ਅੰਤਹਕਰਣ ਰੂਪੀ ਸਾਰੇ ਘੜਿਆਂ 'ਚ, ਸੂਰਜ ਜਾਂ ਚੰਦਰਮਾ ਦਾ ਪ੍ਰਤਿਬਿੰਬ ਵਿਆਪਕ ਹੁੰਦਾ ਹੈ। ਇਵੇਂ ਹੀ ਸਾਖੀ ਰੂਪ ਹੋ ਕੇ ਉਹ ਸਾਰੇ ਜੀਵਾਂ ਦੇ ਅੰਤਹਕਰਣਾਂ ਵਿਚ ਵਿਆਪਕ ਹੋ ਰਿਹਾ ਹੈ।

### ਅਕਿਰਤਘਣਾ ਨੋ ਪਾਲਦਾ
### ਪ੍ਰਭ ਨਾਨਕ ਸਦ ਬਖਸਿੰਦੁ॥੪॥੧੩॥੮੩॥

ਉਹ ਤਾਂ ਅਕਿਰਤਘਣਾ=ਉਸ ਦੇ ਉਪਕਾਰਾਂ ਨੂੰ ਨਾ ਜਾਣਨ ਵਾਲੇ ਵਾ: ਕਰੀਖੋਰ ਜੋ ਹਨ, ਉਹਨਾਂ ਨੂੰ ਵੀ ਪਾਲਦਾ ਹੈ। ਸਤਿਗੁਰੂ ਜੀ ਫੁਰਮਾਉਂਦੇ ਹਨ ਕਿ ਉਹ ਪ੍ਰਭੂ ਵਾਹਿਗੁਰੂ ਤਾਂ ਸਦ=ਹਮੇਸ਼ਾ ਹੀ ਬਖਸਿੰਦੁ=ਬਖਸ਼ਿਸ਼ਾਂ ਕਰਨੇ ਵਾਲਾ ਹੈ।

### ਸਿਰੀਰਾਗੁ ਮਹਲਾ ੫
### ਮਨੁ ਤਨੁ ਧਨੁ ਜਿਨਿ ਪ੍ਰਭਿ ਦੀਆ
### ਰਖਿਆ ਸਹਜਿ ਸਵਾਰਿ॥

ਜਿਨਿ=ਜਿਸ ਵਾਹਿਗੁਰੂ ਨੇ ਮਨੁ=ਸੂਖਮ ਸਰੀਰ, ਤਨੁ=ਅਸਥੂਲ ਸਰੀਰ ਤੇ ਧਨ ਸਾਨੂੰ ਵਰਤਣ ਵਾਸਤੇ ਦੀਆ=ਦਿਤਾ ਹੈ ਅਤੇ ਫਿਰ ਸਹਜਿ=ਸੁਤੇ ਹੀ ਸਵਾਰ ਕੇ ਸਭ ਦੇ ਸਰੀਰਾਂ ਵਾ: ਅੰਗਾਂ ਪਰਤੰਗਾਂ ਦੀ ਰੱਖਿਆ ਕਰਦਾ ਹੈ।

### ਸਰਬ ਕਲਾ ਕਰਿ ਥਾਪਿਆ
### ਅੰਤਰਿ ਜੋਤਿ ਅਪਾਰ॥

ਫਿਰ ਤੇਰੇ 'ਚ ਉਸ ਨੇ ਸਰਬ ਕਲਾ=ਸਾਰੀਆਂ ਸ਼ਕਤੀਆਂ ਪਾ ਕੇ ਤੈਨੂੰ ਥਾਪਿਆ=ਅਸਥਾਪਨ ਕੀਤਾ ਹੈ,

ਭਾਵ ਬੁੱਧੀ 'ਚ ਸਮਝ, ਰਸਨਾ ਨੂੰ ਬੋਲਣ ਦੀ ਸ਼ਕਤੀ, ਅੱਖਾਂ ਨੂੰ ਦੇਖਣ ਦੀ ਸ਼ਕਤੀ, ਨੱਕ ਨੂੰ ਸੁੰਘਣ ਦੀ ਸ਼ਕਤੀ, ਕੰਨਾਂ ਨੂੰ ਸੁਣਨ ਦੀ ਸ਼ਕਤੀ ਆਦਿ ਸਾਰੇ ਇੰਦ੍ਰਿਆਂ ਨੂੰ ਸ਼ਕਤੀਆਂ ਪ੍ਰਦਾਨ ਕੀਤੀਆਂ ਹਨ। ਅਪਾਰੁ=ਪਾਰਾਵਰ ਤੋਂ ਰਹਿਤ ਪ੍ਰਮਾਤਮਾ ਜੋ ਜੋਤਿ ਸਰੂਪ ਹੈ, ਉਹ ਤੇਰੇ ਅੰਦਰ ਹੀ ਹੈ। ਜੋ ਪ੍ਰਭੂ ਬਾਹਰ ਸਾਰੀ ਅਨੇਕਾਂ ਰੰਗਾਂ ਦੀ ਸ੍ਰਿਸ਼ਟੀ 'ਚ ਵਿਆਪਕ ਹੈ ਭਾਵ ਸਤੋ ਗੁਣੀ ਚਿੱਟਾ ਰੰਗ, ਰਜੋ ਲਾਲ, ਤਮੋ ਕਾਲਾ ਤੇ ਮਿਸ਼ਰਤ ਰੰਗਾਂ 'ਚ, ਉਹੋ ਹੀ ਤੇਰੇ ਅੰਦਰ ਜੋਤਿ ਸਰੂਪ ਹੈ।

**ਸਦਾ ਸਦਾ ਪ੍ਰਭੁ ਸਿਮਰੀਐ**
**ਅੰਤਰਿ ਰਖੁ ਉਰ ਧਾਰਿ॥੧॥**

ਐਸਾ ਪ੍ਰਭੂ ਜੋ ਸਦਾ=ਹਮੇਸ਼ਾ ਰਹਿਣ ਵਾਲਾ ਸਤਿ ਸਰੂਪ ਹੈ, ਉਸ ਨੂੰ ਸਦਾ=ਹਮੇਸ਼ਾ ਹੀ ਸਿਮਰੀਐ=ਚੇਤੇ ਕਰੀਏ ਅਤੇ ਉਸ ਨੂੰ ਆਪਣੇ ਅੰਤਰਿ=ਅੰਦਰ ਉਰ=ਹਿਰਦੇ ਵਿਚ ਧਾਰਿ=ਵਸਾ ਕੇ ਰੱਖੀਏ।

**ਮੇਰੇ ਮਨ ਹਰਿ ਬਿਨੁ ਅਵਰੁ ਨ ਕੋਇ॥**

ਹੇ ਮੇਰੇ ਮਨ! (ਬ੍ਰਹਮ ਦ੍ਰਿਸ਼ਟੀ ਦੁਆਰਾ ਤੂੰ ਜਾਣ ਲਵੇਂਗਾ) ਕਿ ਉਸ ਹਰਿ=ਪ੍ਰਭੂ ਤੋਂ ਬਿਨਾਂ ਕੋਇ=ਕੋਈ ਅਵਰੁ=ਹੋਰ ਉਤਪਤੀ, ਪਾਲਣਾ, ਲੈਅਤਾ ਕਰਨ ਵਾਲਾ ਨ=ਨਹੀਂ ਹੈ।

**ਪ੍ਰਭ ਸਰਣਾਈ ਸਦਾ ਰਹੁ**
**ਦੂਖੁ ਨ ਵਿਆਪੈ ਕੋਇ॥੧॥ਰਹਾਉ॥**

ਇਸ ਕਰਕੇ ਹੇ ਭਾਈ! ਸਦਾ ਹੀ ਪ੍ਰਭ=ਪਰਮੇਸ਼ਰ ਦੀ ਸ਼ਰਣ ਵਿਚ ਪਿਆ ਰਹੁ, ਫਿਰ ਤੈਨੂੰ ਕਿਸੇ ਪ੍ਰਕਾਰ ਦਾ ਕੋਈ ਦੁੱਖ ਨਹੀਂ ਵਿਆਪੇਗਾ।

**ਰਤਨ ਪਦਾਰਥ ਮਾਣਕਾ**
**ਸੁਇਨਾ ਰੁਪਾ ਖਾਕੁ॥**

ਹੇ ਮਨੁੱਖ! ਇਸ ਸੰਸਾਰ ਦੇ ਜੋ ਵੀ ਰਤਨ, ਪਦਾਰਥ ਤੇ ਮਾਨਿਕ ਆਦਿਕ ਅਤੇ ਸੁਇਨਾ=ਸਵਰਨ, ਰੁਪਾ=ਚਾਂਦੀ ਤੇ ਖਾਕੁ=ਧਰਤੀ (ਜ਼ਮੀਨ) ਆਦਿ ਹਨ।

**ਮਾਤ ਪਿਤਾ ਸੁਤ ਬੰਧਪਾ**
**ਕੂੜੇ ਸਭੇ ਸਾਕ॥**

ਮਾਤਾ, ਪਿਤਾ, ਸੁਤ=ਪੁੱਤਰ ਤੇ ਬੰਧਪਾ=ਸਬੰਧੀ ਆਦਿ ਜੋ ਵੀ ਹਨ, ਇਹਨਾਂ ਸਾਰਿਆਂ ਨਾਲ ਜੋ ਵੀ ਸਭੇ=ਸਾਰੇ ਹੀ ਸਾਕ=ਰਿਸ਼ਤੇ ਵਾ: ਨਾਤੇ ਹਨ, ਉਹ ਕੂੜੇ=ਝੂਠੇ ਹਨ।

**ਜਿਨਿ ਕੀਤਾ ਤਿਸਹਿ ਨ ਜਾਣਈ**
**ਮਨਮੁਖ ਪਸੁ ਨਾਪਾਕ॥੨॥**

ਪਰੰਤੂ ਜਿਨਿ=ਜਿਸ ਵਾਹਿਗੁਰੂ ਨੇ ਤੈਨੂੰ ਪੈਦਾ ਕੀਤਾ ਹੈ, ਤਿਸਹਿ=ਉਸ ਨੂੰ ਤਾਂ ਤੂੰ ਜਾਣਦਾ ਹੀ ਨਹੀਂ, ਇਸੇ ਕਰਕੇ ਤੂੰ ਮਨਮੁਖ ਪਸ਼ੂ ਸੁਭਾਅ ਵਾਲਾ ਤੇ ਨਾਪਾਕ=ਅਪਵਿੱਤਰ ਜੀਵਨ ਵਾਲਾ ਹੋ ਰਿਹਾ ਹੈਂ, ਭਾਵ ਪਰਮਾਤਮਾ ਨੂੰ ਭੁਲਾ ਕੇ ਮਨਮੁਖ ਹੋ ਰਿਹਾ ਹੈਂ ਤੇ ਖਾਣ, ਪੀਣ, ਭੋਗਣ ਵਾਲਾ, ਪਸ਼ੂਆਂ ਵਾਲਾ ਸੁਭਾਅ ਧਾਰਨ ਕਰ ਰੱਖਿਆ ਹੈ ਜਿਸ ਕਰਕੇ ਨਾਪਾਕ=ਅਪਵਿੱਤ੍ਰ ਵਾ: ਮਲੀਨਤਾਈ ਵਾਲਾ ਜੀਵਨ ਜੀਉਂ ਰਿਹਾ ਹੈ।

**ਅੰਤਰਿ ਬਾਹਰਿ ਰਵਿ ਰਹਿਆ**
**ਤਿਸਨੋ ਜਾਣੈ ਦੂਰਿ॥**

ਉਹ ਪ੍ਰਭੂ ਤੇਰੇ ਅੰਤਰਿ=ਅੰਦਰ ਵੀ ਹੈ ਤੇ ਬਾਹਰਿ=ਸੰਸਾਰ 'ਚ ਵੀ ਰਵਿ ਰਹਿਆ=ਵਿਆਪਕ ਹੋ ਰਿਹਾ ਹੈ, ਪਰੰਤੂ ਅਗਿਆਨ ਵਸ ਉਸ ਵਾਹਿਗੁਰੂ ਨੂੰ ਦੂਰ ਜਾਣਦਾ ਹੈਂ।

**ਤ੍ਰਿਸਨਾ ਲਾਗੀ ਰਚਿ ਰਹਿਆ**
**ਅੰਤਰਿ ਹਉਮੈ ਕੂਰਿ॥**

ਤੈਨੂੰ ਰਸਾਂ ਕਸਾਂ ਦੇ ਖਾਣ ਪੀਣ ਆਦਿ ਦੀ ਤ੍ਰਿਸ਼ਨਾ ਲੱਗੀ ਹੋਈ ਹੈ ਜਿਸ ਕਰਕੇ ਤੂੰ ਉਨ੍ਹਾਂ ਚੀਜ਼ਾਂ ਵਿਚ ਹੀ ਹਰ ਸਮੇਂ ਰਚਿਆ ਰਹਿੰਦਾ ਹੈਂ ਅਤੇ ਅੰਤਰਿ=ਹਿਰਦੇ ਵਿਚ ਕੂਰਿ=ਝੂਠੀ ਹਉਮੈ=ਤਨ ਹੰਗਤਾ ਵਸੀ ਹੋਈ ਹੈ।

**ਭਗਤੀ ਨਾਮ ਵਿਹੂਣਿਆ**
**ਆਵਹਿ ਵੰਞਹਿ ਪੂਰ॥੩॥**

ਪ੍ਰਭੂ ਦੀ ਭਗਤੀ ਤੇ ਨਾਮ ਸਿਮਰਨ ਤੋਂ ਵਿਹੂਣਿਆ=ਖਾਲੀ ਵਾ: ਵਾਂਝੇ ਮਨੁੱਖਾਂ ਦੇ ਪੂਰਾ ਦੇ ਪੂਰ ਆਵਹਿ=ਸੰਸਾਰ 'ਚ ਆਉਂਦੇ ਹਨ ਅਰਥਾਤ ਜਨਮਦੇ ਹਨ ਤੇ ਮਰ ਕੇ ਵੰਞਹਿ=ਚਲੇ ਜਾਂਦੇ ਹਨ ਭਾਵ ਜੀਵ ਆਵਾਗਵਨ 'ਚ ਪਏ ਰਹਿੰਦੇ ਹਨ।

**ਰਾਖਿ ਲੇਹੁ ਪ੍ਰਭੁ ਕਰਣਹਾਰ**
**ਜੀਅ ਜੰਤ ਕਰਿ ਦਇਆ॥**

ਹੇ ਕਰਣਹਾਰ=ਜਗਤ ਦੇ ਰਚਣਹਾਰ ਪ੍ਰਭੂ! ਆਪ ਕ੍ਰਿਪਾ ਕਰਕੇ ਮੈਨੂੰ ਰੱਖ ਲੇਹੁ=ਲਵੋ ਤੇ ਇਨ੍ਹਾਂ ਜੀਵ-ਜੰਤੂਆਂ ਉਤੇ ਆਪਣੀ ਦਇਆ=ਕ੍ਰਿਪਾ ਦ੍ਰਿਸ਼ਟੀ ਕਰਿ=ਕਰੋ।

**ਬਿਨੁ ਪ੍ਰਭ ਕੋਇ ਨ ਰਖਨਹਾਰ**
**ਮਹਾ ਬਿਕਟ ਜਮ ਭਇਆ॥**

ਹੇ ਭਾਈ! ਬਿਨਾਂ ਪਰਮੇਸ਼ਰ ਤੋਂ ਹੋਰ ਕੋਈ ਵੀ ਜੀਵਾਂ ਨੂੰ ਰੱਖਣੇ ਵਾਲਾ ਨਹੀਂ ਹੁੰਦਾ, ਜਦੋਂ ਮਹਾ=ਬਹੁਤ ਬਿਕਟ=ਕਰੜਾ ਭਾਵ ਨਾ ਕੱਟੇ ਜਾਣ ਵਾਲਾ ਜਮ ਦਾ ਭੈ ਹੋਵੇਗਾ ਵਾ: ਮਹਾ ਬਿਕਟ=ਅਤੀ ਕਠੋਰ ਜੋ ਜਮ ਹੈ ਵਾ: ਅਜ਼ਰਾਈਲ, ਮੀਕਾਈਲ, ਇਸਰਾਫੀਲ ਫਰਿਸ਼ਤੇ ਹਨ, ਉਹ ਦੂਤ ਜਦੋਂ ਭਇਆ=ਲਾਗੂ ਹੋਣਗੇ।

**ਨਾਨਕ ਨਾਮੁ ਨ ਵੀਸਰਉ**
**ਕਰਿ ਅਪੁਨੀ ਹਰਿ ਮਇਆ॥੪॥੧੪॥੮੪॥**

ਸਤਿਗੁਰੂ ਜੀ ਫੁਰਮਾਉਂਦੇ ਹਨ ਕਿ ਹੇ ਭਾਈ! ਉਸ ਪ੍ਰਭੂ ਦੇ ਨਾਮ ਨੂੰ ਕਦੇ ਵੀ ਨਾ ਭੁੱਲੋ ਅਤੇ ਅਰਦਾਸ ਕਰਿਆ ਕਰੋ ਕਿ ਹੇ ਹਰਿ=ਪ੍ਰਭੂ ਜੀ! ਮੇਰੇ ਉਤੇ ਆਪਣੀ ਮਇਆ=ਕ੍ਰਿਪਾ ਵਾ: ਮਿਹਰਬਾਨੀ ਕਰੋ ਕਿ ਮੈਂ ਆਪ ਦੇ ਨਾਮ ਨੂੰ ਕਦੇ ਵੀ ਨਾ ਭੁੱਲਾਂ।

*'ਚਲਦਾ....।'*

# ਸੁਆਮੀ ਰਾਮ ਜੀ ਦੇ ਪ੍ਰੇਰਨਾਤਮਕ ਵਿਚਾਰ
## (Inspired Thoughts of Swami Ram)

*ਡਾ. ਸਵਾਮੀ ਰਾਮ ਜੀ*
*ਅਨੁਵਾਦਕ ਡਾ. ਤੇਜਿੰਦਰ ਮਲਹੋਤਰਾ*

*(ਲੜੀ ਜੋੜਨ ਲਈ ਦੇਖੋ, ਜੁਲਾਈ ਅੰਕ, ਪੰਨਾ-55)*

ਯੋਗੀਆਂ ਨੇ ਆਪਣਾ ਮਨ ਪ੍ਰਾਣਾਂ ਨਾਲ ਜੋੜ ਕੇ ਸਰੀਰ ਦੀ ਬਣਤਰ ਨੂੰ ਖੋਜਿਆ। ਜਦੋਂ ਉਨ੍ਹਾਂ ਨੇ ਆਪਣੇ ਆਪ ਨੂੰ ਦਿਮਾਗ ਦੀਆਂ ਲਹਿਰਾਂ ਨਾਲ ਜੋੜਿਆ, ਉਨ੍ਹਾਂ ਨੇ ਦੇਖਿਆ, ਇਹ ਲਹਿਰਾਂ, ਇਹਨਾਂ ਦੀ ਆਵਾਜ਼, ਇਹਨਾਂ ਦੀ ਤਾਕਤ ਇਹ ਇਕੋ ਵਿਚਾਰ ਤੋਂ ਉਤਪੱਜ ਹੁੰਦੇ ਹਨ - ਉਹ ਹੈ ਬ੍ਰਹਿਮੰਡ। ਇਸੇ ਤਰ੍ਹਾਂ ਆਵਾਜ਼ ਤੇ ਤਾਕਤ ਇਕ ਐਟਮ ਬਣ ਜਾਂਦੇ ਹਨ। ਇਹਨਾਂ ਨੂੰ 'ਸ਼ਕਤੀ ਬਿੰਦੂ' ਕਿਹਾ ਜਾਂਦਾ ਹੈ। ਜਦੋਂ ਮਨ ਪੂਰੀ ਤਰ੍ਹਾਂ ਨਾਲ ਇਕਾਗਰ ਹੁੰਦਾ ਹੈ, ਇਕ ਬਿੰਦੂ ਤੇ ਇਕਾਗਰ ਕੀਤਾ ਜਾਂਦਾ ਹੈ, ਤਾਂ ਬ੍ਰਹਿਮੰਡ ਦੇ ਸਾਰੇ ਨੁਕਤੇ, ਸਾਰੇ ਸਿਧਾਂਤ ਸਪੱਸ਼ਟ ਹੋ ਜਾਂਦੇ ਹਨ।

ਖੁਰਦਬੀਨ ਤੋਂ ਬਿਨਾਂ ਯੋਗੀਆਂ ਨੇ ਦਸਿਆ ਕਿ ਇਸ ਸੰਸਾਰ ਤੋਂ ਇਲਾਵਾ ਬਹੁਤ ਸਾਰੇ ਹੋਰ ਸੰਸਾਰ ਹਨ। ਭਾਵੇਂ ਉਹਨਾਂ ਕੋਲ ਕੋਈ ਉੱਨਤ ਤਕਨੀਕ ਨਹੀਂ ਸੀ ਕਿਉਂਕਿ ਉਹਨਾਂ ਦੀ ਬਹੁਤ ਵੱਡੀ ਦੇਣ ਮਾਨਵਤਾ ਲਈ ਸੀ ਪਰ ਉਹਨਾਂ ਦੇ ਅਨੁਭਵ ਨਾਲ ਵਿਗਿਆਨਕ ਵੀ ਹੈਰਾਨ ਹੋ ਗਏ ਹਨ। ਸਦੀਆਂ ਬਦੀ ਦੀ ਖੋਜ ਗਿਆਨ ਇਹ ਧਾਰਮਿਕ ਸਥਾਨਾਂ 'ਤੇ ਹੀ ਦਬਿਆ ਰਿਹਾ। Monk (ਸਾਧੂ) ਹੀ ਪਹਿਲੇ ਡਾਕਟਰ ਸਰਜਨ ਤੇ astron men ਸੀ। ਅਰਬ ਦੇਸ਼ ਦੇ ਦਵਾਈਆਂ ਦੇ ਖੋਜੀ Ibn-Sina ਨੂੰ ਕਿਤੇ ਵੀ ਦਵੰਦ ਨਹੀਂ ਦਿਸਿਆ। ਕੇਵਲ ਬ੍ਰਹਮ ਹੀ ਹੈ।

ਸੰਪੂਰਨਤਾ - ਦੋ ਭਾਗਾਂ ਵਿਚ

ਯੋਗ ਮਾਰਗ ਤੇ ਚੱਲਣ ਵਾਲੇ ਆਮ ਤੌਰ ਤੇ ਭਾਵੇਂ ਵੱਖ-ਵੱਖ ਮਜ਼ਹਬਾਂ ਤੋਂ ਹਨ, ਉਹ ਵਿਗਿਆਨ ਦੇ ਪੱਖੋਂ ਆਪਣੇ ਵਿਸ਼ਵਾਸ਼ ਦੀ ਸਚਾਈ ਨਹੀਂ ਸਮਝ ਸਕਦੇ। ਅੱਜ ਭਾਵੇਂ ਮਜ਼ਹਬ ਤੇ ਵਿਗਿਆਨ ਤੇ ਕਈ ਗੋਸ਼ਟੀਆਂ ਕੀਤੀਆਂ ਗਈਆਂ ਹਨ। ਪੁਰਾਤਨ ਸਮੇਂ ਵਿਚ ਕਿਹਾ ਜਾਂਦਾ ਸੀ ਕਿ ਦੋ ਤਰ੍ਹਾਂ ਦੀ ਗੋਸ਼ਟੀ ਕੀਤੀ ਜਾ ਸਕਦੀ ਹੈ। ਇਕ ਨੂੰ ਸੰਧਿਆ ਸਮਭਾਸ਼ਾ ਭਾਵ ਦੇ ਦੋ ਇਕ ਜਿਹੇ ਮਿੱਤਰ ਧੜਿਆਂ ਦੀ ਗੱਲਬਾਤ ਜਿਹੜੇ ਇਕੋ ਨਤੀਜੇ 'ਤੇ ਪਹੁੰਚਣ ਦੀ ਕੋਸ਼ਿਸ਼ ਕਰ ਰਹੇ ਹਨ। ਦੂਸਰਾ ਵਿਗਰਿਤਾ ਸਮਭਾਸ਼ਾ, ਦੋ ਵਿਰੋਧੀ ਧੜਿਆਂ ਦੀ ਆਪਸ ਦੀ ਗੱਲਬਾਤ ਦੋਨੋਂ ਇਸ ਗੱਲ 'ਤੇ ਜ਼ੋਰ ਪਾਉਂਦੇ ਹੋਏ ਕਿ ਉਹਨਾਂ ਦਾ ਹੀ ਸਿਧਾਂਤ ਪੂਰਾ ਹੈ, ਦੂਸਰਿਆਂ ਦਾ ਸਿਧਾਂਤ ਠੀਕ ਨਹੀਂ।

ਭਗਵਤ ਗੀਤਾ ਵਿਚ ਦਸਿਆ ਗਿਆ ਹੈ ਕਿ ਬੁੱਧੀ ਤਿੰਨ ਪੱਧਰਾਂ 'ਤੇ ਕੰਮ ਕਰਦੀ ਹੈ। ਸਭ ਤੋਂ ਹੇਠਲੇ ਪੱਧਰ ਤੇ ਕੇਵਲ ਚੀਜ਼ ਦਾ ਇਕ ਭਾਗ ਹੀ ਦੇਖਦੀ ਹੈ ਤੇ ਉਸੇ ਨੂੰ ਪੂਰਾ ਸਮਝਦੀ ਹੈ, ਦੂਸਰੇ ਪੱਧਰ ਤੇ ਇਹਨਾਂ ਭਾਗਾਂ ਨੂੰ ਜੋੜ ਕੇ ਪੂਰਾ ਦੇਖਣ ਦੀ ਕੋਸ਼ਿਸ਼ ਕਰਦੀ ਹੈ। ਸਭ ਤੋਂ ਉਚੇ ਪੱਧਰ ਤੇ ਪਹਿਲਾਂ ਸਭ ਪੂਰਾ ਦੇਖਦੀ ਹੈ। ਸਾਰੇ ਭਾਗਾਂ ਨੂੰ ਜੋੜਦੀ ਹੈ। ਇਹ ਸਭ ਤੋਂ ਉੱਚੀ ਬੁੱਧੀ ਹੈ। ਯੋਗ ਦੀ ਪਰੰਪਰਾ ਵਿਚ, ਅਧਿਆਤਮਵਾਦ ਤੇ ਵਿਗਿਆਨ ਪੂਰਨਤਾ ਦੇ ਦੋ ਭਾਗ ਹਨ। ਮਾਨਵਤਾ ਦਾ ਭਵਿੱਖ ਉਦੋਂ ਹੀ ਸੁਰਖਿਅਤ ਹੋਏਗਾ ਜਦੋਂ ਦੋਨੋਂ ਧੜਿਆਂ ਦੇ ਵਿਰੋਧੀ ਵਿਚਾਰ, ਭਾਵ ਵਿਗਿਆਨਕਾਂ ਦੇ ਵਿਚਾਰ ਤੇ ਅਧਿਆਤਮਵਾਦੀਆਂ ਦੇ ਵਿਚਾਰ ਇਕੱਠੇ ਹੋਣਗੇ। ਉਹਨਾਂ ਦੀ ਸਹਿਮਤੀ ਇਕ ਵਿਚਾਰ 'ਤੇ ਹੋਏਗੀ, ਇਹ ਨਹੀਂ ਕਿ ਦੋਨਾਂ ਦੀ ਸੁਲਾਹ ਹੋ ਜਾਏਗੀ। ਪਰ ਇਸ ਤਰ੍ਹਾਂ ਜਿਸ ਤਰ੍ਹਾਂ ਦੋਨੋਂ ਹੱਥ ਦਿਮਾਗ ਦੀ ਗੱਲ ਸੁਣ ਰਹੇ ਹੋਣ।

ਵਿਗਿਆਨ ਤੇ ਅਧਿਆਤਮਕਤਾ ਵਾਸਤਵ ਵਿਚ ਬੁੱਧੀ ਦੇ ਹੀ ਅਨੁਭਵ ਹਨ ਜਿਵੇਂ ਕਿ ਪਹਿਲੇ ਦਸਿਆ ਹੈ, ਬੁੱਧੀ ਆਪਣੇ ਆਪ ਨੂੰ ਹੀ ਪਛਾਨਣ ਦੀ ਕੋਸ਼ਿਸ਼ ਕਰ ਰਹੀ ਹੈ ਤੇ ਅਧਿਆਮਤਕ ਬਣ ਜਾਂਦੀ ਹੈ। ਅਸੀਂ ਏਥੇ ਬੁੱਧੀ ਦੇ ਪੱਧਰ ਤੇ ਜਾਨਣ ਦੀ ਕੋਸ਼ਿਸ਼ ਨਹੀਂ ਕਰ ਰਹੇ। ਨਾ ਹੀ ਗਿਆਨ ਦੇ ਪੱਧਰ ਤੇ ਜਾਨਣ ਦੀ ਕੋਸ਼ਿਸ਼ ਕਰ ਰਹੇ ਹਾਂ। ਇਹ ਤਾਂ ਇਕ ਅੰਦਾਜ਼ਾ ਹੈ। ਹਜ਼ਾਰਾਂ ਦਾਰਸ਼ਨਕਾਂ ਨੇ ਸੈਂਕੜੇ encyclopedia ਲਿਖੇ ਬਿਨਾਂ ਕਿਸੇ ਅੰਦਰ ਦੇ ਅਨੁਭਵ ਦੇ। ਉਹਨਾਂ ਦਾ ਆਪਸ ਵਿਚ ਕੋਈ ਏਕਾ ਨਹੀਂ ਹੋਇਆ। ਉਹਨਾਂ ਨੇ ਤਾਂ ਹੋਰ ਘਸਮਾਣ ਹੀ ਪਾਇਆ ਹੈ। ਉਹਨਾਂ ਦੀ ਭਾਸ਼ਾ ਬਾਹਰ ਦੇ ਅਨੁਭਵ ਤੇ ਹੀ ਹੈ। ਵਾਸਤਵ ਵਿਚ ਉਹ ਅਧਿਆਤਮਕਤਾ ਦੀ ਡੂੰਘਾਈ ਤਕ ਪਹੁੰਚ ਨਹੀਂ ਸਕਦੇ। ਅਧਿਆਤਮਕਵਾਦੀ ਸਾਰੇ ਅੰਦਰ ਦੀ ਗਹਿਰਾਈ ਨੂੰ ਜਾਣਦੇ ਹਨ ਤੇ ਉਸ ਤੇ ਉਹਨਾਂ ਦਾ ਏਕਾ ਹੈ। ਇਕੋ ਹੀ ਵਿਚਾਰ ਹੈ ਵਿਰੋਧੀ ਦਾਰਸ਼ਨਿਕਾਂ ਦਾ। ਇਹੋ ਹੀ ਵਿਚਾਰ ਨਾਸਤਕਾਂ ਦਾ ਹੈ,

ਜਿਹੜੇ ਸ਼ਬਦਾਂ ਦੇ ਅਰਥ ਵਿਚ ਉਲਝੇ ਰਹਿੰਦੇ ਹਨ। ਇਹੋ ਜਿਹੇ ਵਿਚਾਰਾਂ ਨੂੰ ਸੋਚ ਕਿਹਾ ਗਿਆ ਹੈ। ਵਾਸਤਵ ਵਿਚ ਡੂੰਘੀ ਸੱਚੀ ਸੋਚ ਤਾਂ ਇਕ ਚੁੱਪ ਦਾ ਅਨੁਭਵ ਹੈ। ਨਾ ਤਾਂ ਦਾਰਸ਼ਨਿਕ, ਨਾ ਹੀ ਨਾਸਤਕ ਕੁਛ ਕਹਿ ਸਕਦੇ ਹਨ ਕਿਉਂਕਿ ਉਹਨਾਂ ਦਾ ਆਪਣਾ ਅਨੁਭਵ ਹੀ ਨਹੀਂ। ਉਹ ਡੂੰਘੀ ਸੋਚ ਵਿਚ ਉਤਰੇ ਹੀ ਨਹੀਂ ਜਿਥੇ ਤੁਹਾਡੀ ਚੇਤਨਤਾ, ਸਮੇਂ ਤੋਂ, ਪੁਲਾੜ ਤੋਂ, ਕਾਰਣ ਤੋਂ ਅੱਗੇ ਟਪ ਜਾਂਦੀ ਹੈ।

ਮੈਂ ਇਹ ਦਸਣਾ ਚਾਹਵਾਂਗਾ ਕਿ ਵਿਗਿਆਨ ਵੀ ਅਧਿਆਤਮਕ ਬੁੱਧੀ ਦਾ ਹੀ ਅਨੁਭਵ ਹੈ। ਉਪਨਿਸ਼ਦ ਵਿਚ ਦਸਿਆ ਗਿਆ ਹੈ ਕਿ ਸ਼ਕਲਾ ਬ੍ਰਹਮਾ ਬਿਲਕੁਲ ਸਾਤਵਿਕ ਬੁੱਧੀ ਹੈ। ਬ੍ਰਹਿਮੰਡ ਵਿਚ ਬੁੱਧੀ ਦਾ ਪਸਾਰਾ ਇਕ ਸਤਿ ਹੈ। ਅਸੀਂ ਦੇਖਾਂਗੇ ਕਿ ਬਹੁਤ ਵੀ ਵਿਗਿਆਨ ਤੇ ਅਧਿਆਤਮਕ ਦੇ ਅਸੂਲ ਇਕੋ ਹੀ ਹਨ। ਬ੍ਰਹਿਮੰਡ ਦੇ ਕਾਨੂੰਨ, ਅਸੂਲ ਸਮਝੇ ਬਿਨਾਂ ਤੁਸੀਂ ਸਚਾਈ ਨਹੀਂ ਜਾਣ ਸਕਦੇ। ਮਿਸਾਲ ਵਜੋਂ ਨਿਊਟਨ ਦਾ ਤੀਸਰਾ ਕਾਨੂੰਨ ਗਤੀ ਦਾ ਕਾਨੂੰਨ ਹੈ। ਜੇਕਰ ਗਤਿ ਇਕ ਪਾਸੇ ਵਲ ਹੈ, ਉਸੇ ਤਰ੍ਹਾਂ ਉਸ ਦਾ ਉਲਟ ਪਾਸਾ ਵੀ ਹੈ। ਜਦੋਂ ਅਸੀਂ ਅਧਿਆਤਮ ਦੀ ਗੱਲ ਕਰਦੇ ਹਾਂ ਤਾਂ ਇਕ ਕਰਮਗਤਿ ਬਣ ਜਾਂਦੀ ਹੈ। ਸਾਨੂੰ ਸਮਝਣ ਦੀ ਲੋੜ ਹੈ ਕਿ ਵਿਗਿਆਨ ਦੇ ਕਾਨੂੰਨ ਵਾਸਤਵ ਵਿਚ ਅਧਿਆਤਮਕ ਹੀ ਹਨ। ਵਾਸਤਵ ਵਿਚ ਬ੍ਰਹਿਮੰਡ ਬੁੱਧੀ ਦਾ ਹੀ ਨਿਰਗਮਨਵਾਦ ਹੈ। ਵਿਗਿਆਨ ਦੀ ਸਾਰੀ ਖੋਜ, ਸਾਰੀ ਕਾਢ, ਮਨੁੱਖ ਦੀ ਬੁੱਧੀ ਦੀ ਕਾਢ ਹੈ, ਜਿਹੜੀ ਕੇ ਪ੍ਰਮਾਤਮਾ ਵਲੋਂ ਬਖਸ਼ੀ ਹੋਈ ਹੈ।

ਅਨੇਕਤਾ ਵਿਚ ਏਕਤਾ

ਵਿਗਿਆਨ ਤੇ ਅਧਿਆਤਮਕਤਾ ਦਾ ਸਬੰਧ ਸਮਝਣ ਲਈ ਬ੍ਰਹਿਮੰਡ ਦੀ ਏਕਤਾ ਤੇ ਬਹੁਲਤਾਵਾਦ ਨੂੰ ਸਮਝਣ ਦੀ ਲੋੜ ਹੈ। ਇਹ ਦੋਨੋਂ ਕਿਸ ਤਰ੍ਹਾਂ ਇਕ ਦੂਸਰੇ ਨਾਲ ਜੁੜੇ ਹੋਏ ਹਨ। ਅੱਜ ਸਾਨੂੰ ਇਹ ਪਤਾ ਹੈ ਕਿ ਲਾਈਟ ਦੋਨਾਂ ਚੀਜ਼ਾਂ ਦਾ ਮਿਸ਼ਰਨ ਹੈ। ਝਰਨਾਹਟ ਅਤੇ photon। ਸੋ ਬਹੁਤ ਪਹਿਲਾਂ ਵਾਲੇ ਵਿਚਾਰ ਪਹਿਲਾਂ ਵਾਲੀਆਂ ਪਰਿਭਾਸ਼ਾ ਬਦਲ ਗਈਆਂ ਹਨ। ਜਿਹਨਾਂ ਅਧਿਆਤਮਕ ਪੱਖੋ ਸੰਸਾਰ ਦੀਆਂ ਗੁੱਝੀਆਂ ਸਚਾਈਆਂ ਦਿਤੀਆਂ ਉਹ ਵੀ ਕਹਿ ਰਹੇ ਹਨ ਕਿ ਹਰ ਪੱਧਰ ਦੀਆਂ ਸਚਾਈਆਂ ਦੇ ਆਪਣੇ ਕਾਨੂੰਨ ਹਨ। ਭਾਵੇਂ ਸਾਨੂੰ ਦਸਿਆ ਜਾਂਦਾ ਹੈ ਕਿ ਬਹੁਤ ਸਾਰੇ ਕਾਨੂੰਨ ਇਕ ਦੂਜੇ ਨਾਲ ਮੇਲ ਨਹੀਂ ਖਾਂਦੇ ਪਰ ਇਹ ਵੀ ਦਸਿਆ ਜਾਂਦਾ ਹੈ ਕਿ ਉਹ ਅਨੰਨਤਾ ਤੇ ਮਿਲਦੇ ਹਨ। ਇਸੇ ਤਰ੍ਹਾਂ ਵਿਗਿਆਨ ਤੇ ਅਧਿਆਤਮਵਾਦ ਵੀ ਅਨੰਨਤਾ ਤੇ ਮਿਲਦੇ ਹਨ। ਜੇਕਰ ਵਿਗਿਆਨ ਦਾ ਅਧਾਰ ਅਧਿਆਤਮਕ ਨਾ ਹੁੰਦਾ ਤਾਂ ਵਿਗਿਆਨਕਾਂ ਨੂੰ ਅੰਤਰ ਗਿਆਨ ਦੀਆਂ ਝਲਕਾਂ ਨਾ ਪੈਂਦੀਆਂ। ਸਾਰਾ ਗਿਆਨ ਬੁੱਧੀ ਤੋਂ ਅਤੇ ਚੇਤਨਤਾ ਤੋਂ ਉਤਪੰਨ ਹੁੰਦਾ ਹੈ।

ਵੱਡੇ-ਵੱਡੇ ਗਿਆਨੀ, ਰਿਸ਼ੀ-ਮੁਨੀ ਉਪਨਿਸ਼ਦਾਂ ਦੇ ਦੇ ਰਚਨਹਾਰਿਆਂ ਨੇ ਕਿਹਾ ਹੈ ਕਿ ਅਨੰਤ ਹੀ ਸਮੇਂ ਦਾ ਸਰੋਤ ਹੈ। 'ਏਕ ਤੇ ਅਨੇਕ ਵਿਚ ਫਰਕ ਨਹੀਂ। ਬਹੁਤ ਵੀ ਇਕ ਵਿਚ ਹੀ ਹਨ ਭਾਵ ਅਨੇਕਾਂ ਦਾ ਸਰੋਤ ਏਕ ਹੀ ਹੈ। ਸਾਰੇ ਗੁਣ ਏਕ ਵਿਚ ਹੀ ਹਨ। ਅਨੇਕ ਹੋ ਕੇ ਸੰਸਾਰ ਵਿਚ ਵਿਚਰਦੇ ਹੋਏ ਉਹ ਮੁੜ ਕੇ ਇਕ ਹੀ ਭਾਵ ਮਾਂ ਅਨੰਤ ਵਿਚ ਸਮਾਅ ਜਾਂਦੇ ਹਨ। ਅਧਿਆਤਮਕਤਾ ਏਕਤਾ ਦਾ ਅਨੁਭਵ ਹੈ ਜਦੋਂ ਕਿ ਵਿਗਿਆਨ ਅਨੇਕਤਾ ਦਾ ਅਨੁਭਵ ਹੁੰਦੇ ਹੋਏ ਉਹਨਾਂ ਦਾ ਆਪਸ ਦਾ ਸਬੰਧ ਦੇਖਦਾ ਹੈ। ਬਿਲਕੁਲ ਇਸ ਤਰ੍ਹਾਂ ਹੈ ਜਿਵੇਂ ਕਿ ਚੇਤਨਾ ਦਾ ਬਿੰਦੂ ਫੈਲ ਕੇ ਅੰਦਰ ਹੀ ਇਕੱਠਾ ਹੋ ਜਾਂਦਾ ਹੈ। ਸਾਰਾ ਬ੍ਰਹਿਮੰਡ ਹੀ ਇਕ ਬੁੱਧੀ ਦੇ ਬਿੰਦੂ ਵਿਚ ਹੀ ਹੈ। ਇਥੋਂ ਹੀ ਸ਼ੁਰੂ ਹੋ ਕੇ ਇਸ ਵਿਚ ਹੀ ਸਮਾਅ ਜਾਂਦਾ ਹੈ। ਵਿਗਿਆਨ ਬ੍ਰਹਿਮੰਡ ਦੇ ਵੱਖ-ਵੱਖ ਪੱਖਾਂ ਨੂੰ ਦੇਖਦਾ ਹੈ, ਅਧਿਆਤਮਕਤਾ ਅੰਤਰ ਨੂੰ ਦੇਖਦੀ ਹੈ, ਘੋਖਦੀ ਹੈ। ਉਹ ਵਿਗਿਆਨਕ ਬੜੇ ਮੰਦ ਭਾਗੇ ਹਨ ਜਿਹੜੇ ਕਿ ਅਨੇਕਤਾ ਛੱਡ ਕੇ ਇਕ ਛੋਟੇ ਜਿਹੇ ਬਿੰਦੂ ਵਿਚ ਫਸ ਜਾਂਦੇ ਹਨ। ਉਹ ਖੋਜੀ ਵਡਭਾਗੇ ਹਨ ਜਿਹੜੇ ਅਧਿਆਤਮਕ ਹਨ। ਉਹ ਅਨੇਕਤਾ ਵਿਚ ਏਕਤਾ ਦੇਖਦੇ ਹਨ ਅਸੀਂ ਉਪਨਿਸ਼ਦਾਂ ਵਿਚ ਪੜ੍ਹਦੇ ਹਾਂ। ਉਹ ਮਰਦਾ ਤੇ ਜੰਮਦਾ ਹੈ ਜਿਹੜਾ ਇਥੇ ਬਹੁਤ ਸਾਰੇ ਭਾਵ ਵੱਖ-ਵੱਖ ਦੇਖਦਾ ਹੈ। ਕੇਵਲ ਖੁਸ਼ੀ ਦਾ, ਅਨੰਦ ਦਾ ਵਿਸਥਾਰ ਹੈ। ਅਨੰਦ ਦੀ ਕੋਈ ਸੀਮਾ ਨਹੀਂ, ਕੇਵਲ ਅਨੰਤਤਾ ਦੀ ਪੂਜਾ ਕਰੋ। ਵਿਗਿਆਨਕ ਕੇਵਲ ਇਕ ਬਿੰਦੂ ਤੇ ਹੀ ਕੇਂਦਰਤ ਹੋ ਕੇ ਬਰਬਾਦੀ ਵਲ ਚਲੇ ਜਾਂਦੇ ਹਨ। ਡਾਕਟਰਾਂ ਦੀ ਖੋਜ ਪੜ੍ਹਾਈ ਜਿਹੜੀ ਕੇਵਲ ਸਰੀਰ ਦੇ ਇਕ-ਇਕ ਅੰਗ ਨੂੰ ਵਖਰਾ ਦੇਖਦੀ ਹੈ, ਉਹ ਵਾਸਤਵ ਵਿਚ ਡਾਕਟਰੀ ਵਿਗਿਆਨ ਨਹੀਂ। ਇਹੋ ਜਿਹੇ ਵਿਗਿਆਨ ਨੂੰ ਅਧਿਆਤਮਕ ਵਿਗਿਆਨ ਤੇ ਵਾਪਸ ਜਾ ਕੇ ਸਾਰੇ ਬ੍ਰਹਿਮੰਡ ਦੇ ਸਬੰਧ ਨੂੰ ਦੇਖਣਾ ਹੋਵੇਗਾ।

ਅੱਜ ਅਸੀਂ ਦੇਖਦੇ ਹਾਂ ਕਿ ਵਿਗਿਆਨਕ ਉਸ ਸ਼ਕਤੀ ਦੀ ਗੱਲ ਕਰ ਰਹੇ ਹਨ ਜਿਹੜੀ ਇਕ ਦੂਸਰੇ ਨੂੰ ਸਹਾਇਤਾ ਕਰਦੀ ਹੈ। ਬ੍ਰਹਿਮੰਡ ਦੀ ਸ਼ਾਰੀ ਸ਼ਕਤੀ ਮਨੁੱਖ ਦੇ ਇਕ ਕਣ, ਇਕ ਸੈੱਲ ਵਿਚ ਹੈ। ਕੇਵਲ ਭੌਤਿਕ ਵਿਗਿਆਨ ਹੀ ਨਹੀਂ ਅਧਿਆਤਮਕ ਗਿਆਨ ਤੇ ਵਿਗਿਆਨ ਦੋਨੋਂ ਹੀ ਅੱਜ ਦੇ ਜੀਵਨ ਦੇ ਮੋਢੀ, ਚਾਲਕ ਤੇ ਰੱਖਿਅਕ ਹਨ। ਇਹ ਹੀ ਸਮਝ ਕੇ ਚੱਲਣ ਨਾਲ ਅੱਗੇ ਵਧਿਆ ਜਾ ਸਕਦਾ ਹੈ।

*'ਚਲਦਾ.......।'*

# ਪਿਆਰੇ ਪਾਠਕ ਜਨੋਂ ਅਤੇ ਸਾਧ ਸੰਗਤ ਜੀ

ਆਪ ਜੀ ਨੂੰ ਇਹ ਜਾਣਕੇ ਬਹੁਤ ਖੁਸ਼ੀ ਹੋਵੇਗੀ ਕਿ ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਟਰੱਸਟ ਵੱਲੋਂ ਸਤਿਕਾਰਯੋਗ ਮਹਾਂਪੁਰਸ਼ ਸੱਚਖੰਡਵਾਸੀ ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਅਤੇ ਮੌਜੂਦਾ ਮੁਖੀ ਸੰਤ ਬਾਬਾ ਲਖਬੀਰ ਸਿੰਘ ਜੀ ਦੇ ਕੀਰਤਨ ਪ੍ਰਬਚਨ ਸਰਵਣ ਕਰਨ ਲਈ ਹੇਠ ਲਿਖੇ ਚੈਨਲ ਨੂੰ ਆਪਣੇ ਟੀ.ਵੀ. ਤੇ ਸਬਸਕਰਾਇਬ ਕਰਨ ਦੀ ਕ੍ਰਿਪਾਲਤਾ ਕਰੋ ਜੀ।



ਸੱਚਖੰਡ ਵਾਸੀ ਸ੍ਰੀ ਮਾਨ
ਸੰਤ ਬਾਬਾ ਵਰਿਆਮ ਸਿੰਘ ਜੀ
ਮਹਾਰਾਜ ਰਤਵਾੜਾ ਸਾਹਿਬ

**ਫਾਸਟਵੇਅ ਕੇਬਲ ਟੀ.ਵੀ. ਨੈਟਵਰਕ**

**ਚੈਨਲ ਨੰਬਰ - 142 ਪੰਜਾਬ ਪਲੱਸ ਰਾਹੀਂ**

**ਸਮਾਂ ਹਰ ਰੋਜ਼ - ਸਵੇਰੇ**

**4.45 ਤੋਂ 6.45 ਤੱਕ (2 ਘੰਟੇ)**

ਇਹ ਕੀਰਤਨ ਪ੍ਰਬਚਨ ਸਾਰਾ ਪੰਜਾਬ, ਹਿਮਾਚਲ ਪ੍ਰਦੇਸ਼, ਹਰਿਆਣਾ, ਰਾਜਸਥਾਨ ਤੇ ਜਿਥੇ ਵੀ ਫਾਸਟਵੇਅ ਕੇਬਲ ਚਲ ਰਹੀ ਹੈ, ਤੁਸੀਂ ਉਸ ਉਤੇ ਦੇਖ ਸਕਦੇ ਹੋ।

## ਰਤਵਾੜਾ ਸਾਹਿਬ ਅਸਥਾਨ ਦੇ ਪ੍ਰੋਗਰਾਮ

**ਸਾਰੇ ਐਤਵਾਰ - ਸਮਾਂ-ਦੁਪਹਿਰ 12.00 ਤੋਂ 3.30 ਵਜੇ ਤੱਕ ।**

**ਪੂਰਨਮਾਸ਼ੀ - (22 ਅਗਸਤ, ਦਿਨ ਐਤਵਾਰ-ਰਤਵਾੜਾ ਸਾਹਿਬ)**

**(ਸਮਾਂ - ਸ਼ਾਮੀ 7.00 ਤੋਂ 9.00 ਵਜੇ ਤੱਕ)**

**ਭਾਦੁਇ - ਸੰਗਰਾਂਦ-16 ਅਗਸਤ, ਦਿਨ ਸੋਮਵਾਰ (ਸਮਾਂ ਸਵੇਰੇ 5.30 ਤੋਂ 8.00 ਵਜੇ ਤੱਕ)**

## INTERNET MEDIA AND LIVE TELECAST

**_Website :- www.ratwarasahib.in**
**Website :- www.ratwarasahib.org**
**Website :- www.ratwarasahib.com**
**Instagram : - RATWARA SAHIB (https://instagram.com/ratwara.sahib/)**
**You Tube :- https://www.youtube.com/user/babalakhbirsingh**
**Facebook:- https://www.facebook.com/ratwarasahib1**
**Twitter:- https://mobile.twitter.com/ratwarasahib1**
**Apps (for both apple & andriod) : Ratwara sahib ji & ratwara sahib TV**
**E-mail :- sratwarasahib.in@gmail.com** ***Contact - 9569455861, 9417912900, 9814612900***

# ਜ਼ਰੂਰੀ ਬੇਨਤੀ

'ਆਤਮ ਮਾਰਗ' ਮੈਗਜ਼ੀਨ ਦੀ ਮੈਂਬਰਸ਼ਿਪ/ਰਿਨਿਊਲ ਜਾਂ ਦਸਵੰਧ ਪੰਜਾਬ ਐਂਡ ਸਿੰਧ ਬੈਂਕ ਦੀ ਕਿਸੇ ਵੀ ਸ਼ਾਖਾ ਰਾਹੀਂ ਹੇਠ ਲਿਖੇ ਬੈਂਕ ਖਾਤਿਆਂ ਵਿਚ ਭੇਜ ਸਕਦੇ ਹੋ।

## ਭਾਰਤ (INDIA)

### ਆਤਮ ਮਾਰਗ ਮੈਗਜ਼ੀਨ ਦੀ ਮੈਂਬਰਸ਼ਿਪ/ਰਿਨਿਊਲ ਭੇਜਣ ਲਈ

**VGRMCT/ATAM MARG MAGAZINE**
**A/C No. 12861100000008** **RTGS/IFSC Code - PSIB0021286**
**Branch Code - C1286**

### ਦਸਵੰਧ ਭੇਜਣ ਲਈ – (Only India)

**Vishav Gurmat Roohani Mission Charitable Trust**
**SB A/C No. 12861100000005** **RTGS/IFSC Code - PSIB0021286**
**Branch Code - C1286**

ਜੇਕਰ ਚੈਕ ਜਾਂ ਬੈਂਕ ਡਰਾਫਟ ਰਾਹੀਂ ਮਾਇਆ ਭੇਜਣੀ ਹੋਵੇ ਤਾਂ ਉਪਰੋਕਤ ਅਨੁਸਾਰ Gurudwara Ishar Parkash Ratwara Sahib, P.O. Mullanpur Garibdas. Distt SAS Nagar (Mohali) - 140901 ਨੂੰ ਭੇਜਿਆ ਜਾਵੇ ਜੀ। ਜੇਕਰ Online ਮਾਇਆ ਭੇਜਣੀ ਹੋਵੇ ਤਾਂ ਮਾਇਆ ਦਾ ਵੇਰਵਾ ਦਿੰਦੇ ਹੋਏ, ਆਪਣਾ ਨਾਂ ਅਤੇ ਪੂਰਾ ਪਤਾ ਮੋਬਾਈਲ ਨੰ: +91 98889 10777 'ਤੇ sms ਕੀਤਾ ਜਾਵੇ।

ਬੇਨਤੀ ਹੈ ਕਿ ਜੇ ਆਪ ਜੀ ਹੁਣ ਤੱਕ ਆਤਮ ਮਾਰਗ ਪਤ੍ਰਿਕਾ ਦੇ ਮੈਂਬਰ ਨਹੀਂ ਬਣੇ ਤਾਂ ਇਸ ਫਾਰਮ ਨੂੰ ਭਰ ਕੇ ਮੈਂਬਰਸ਼ਿਪ ਪ੍ਰਾਪਤ ਕਰਨ ਦੀ ਕ੍ਰਿਪਾਲਤਾ ਕਰੋ ਜੀ। ਜੇ ਤੁਸੀਂ ਪਹਿਲਾਂ ਮੈਂਬਰ ਹੋ ਅਤੇ ਰਿਨਿਊਵਲ ਦਾ ਸਮਾਂ ਆ ਗਿਆ ਹੈ ਤਾਂ ਤੁਸੀਂ ਇਸ ਫਾਰਮ ਨੂੰ ਭਰ ਕੇ ਚੈਕ ਦੇ ਨਾਲ ਭੇਜੋ ਜੀ
ਕਿਰਪਾ ਕਰਕੇ ਚੈਕ ਜਾਂ ਬੈਂਕ ਡਰਾਫਟ "VGRMCT/ATAM MARG MAGAZINE" ਦੇ ਨਾਂ ਤੇ ਭੇਜਿਆ ਜਾਵੇ ਜੀ।

☐ ਨਵੀਂ ਮੈਂਬਰਸ਼ਿਪ ☐ ਰਿਨਿਊਵਲ ☐ ਲਾਈਫ ਮੈਂਬਰਸ਼ਿਪ

**within India**

| Subscription Period | By Ordinary Post/Cheque | By Registered Post/Cheque |
|---|---|---|
| 1 Year | Rs. 300/320 | |
| 3 Year | Rs. 750/770 | |
| 5 Year | Rs. 1200/1220 | |
| Life (20 Year) | Rs 3000/3020 | |

**Foreign Membership**

| | Annual | Life |
|---|---|---|
| U.S.A. | 60 US$ | 600 US$ |
| U.K. | 40 £ | 400 £ |
| Canada | 80 Can $ | 800 Can $ |
| Australia | 80 Aus $ | 800 Aus $ |

ਪੁਰਾਣੇ ਅੰਕ ਮੰਗਵਾਉਣ ਲਈ ਟਿਕ ਕਰੋ ਜੀ: ਜਨਵਰੀ ☐ ਫਰਵਰੀ ☐ ਮਾਰਚ ☐ ਅਪ੍ਰੈਲ ☐ ਮਈ ☐ ਜੂਨ ☐ ਜੁਲਾਈ ☐ ਅਗਸਤ ☐ ਸਤੰਬਰ ☐ ਅਕਤੂਬਰ ☐ ਨਵੰਬਰ ☐ ਦਸੰਬਰ ☐

ਨਾਮ/Name ਅਤੇ
ਪਤਾAddress..........................................................................
..........................................................................
..............................Pin Code..........................................Phone.......................... E-mail :..............................
ਮੈਂ......................ਰੁਪਏ ਮਨੀਆਰਡਰ/ਬੈਂਕ ਡਰਾਫਟ/ਚੈਕ ਨੰ......................ਮਿਤੀ...........................ਰਾਹੀਂ ਭੇਜ ਰਿਹਾ ਹਾਂ।

ਦਸਖਤ......................

# ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਵੱਲੋਂ ਲਿਖਤ ਅਤੇ ਪ੍ਰਕਾਸ਼ਿਤ ਪੁਸਤਕਾਂ ਜੋ ਕਿ ਰਤਵਾੜਾ ਸਾਹਿਬ ਉਪਲੱਬਧ ਹਨ।

| | ਪੁਸਤਕ ਦਾ ਨਾਮ | ਪੰਜਾਬੀ | ਹਿੰਦੀ |
|---|---|---|---|
| 1. | ਸੁਰਤਿ ਸਬਦਿ ਮਾਰਗ | 120/– | 70/– |
| 2. | ਕਿਵ ਕੂੜੈ ਤੁਟੈ ਪਾਲਿ | 120/– | 35/– |
| 3. | ਬਾਤ ਅਗੰਮ ਕੀ | 400/– | 400/– |
| 4. | ਕਿਵ ਸਚਿਆਰਾ ਹੋਈਐ – | 400/– | |
| 5. | ਹੋਵੈ ਅਨੰਦੁ ਘਣਾ | | 30/– |
| 6. | ਚਉਥੈ ਪਹਰਿ ਸਬਾਹ ਕੈ | 55/– | 60/– |
| 7. | ਸੁਰਤਿਆਂ ਉਪਜੈ ਚਾਉ | 40/– | 60/– |
| 8. | ਬਾਬਾਣੀਆਂ ਕਹਾਣੀਆਂ | 50/– | 50/– |
| 9. | ਸਰਬ ਪ੍ਰਿਅ ਗੁਰੂ ਗੋਬਿੰਦ ਸਿੰਘ | 10/– | 10/– |
| 10. | ਅੰਮ੍ਰਿਤ ਫੁਹਾਰ | 10/– | 10/– |
| 11. | ਅਗੰਮ ਅਗੋਚਰ ਦਾ ਮਾਰਗ | 60/– | 70/– |
| 12. | ਪੁਰਾਤਨ ਟੀਕਾ – ਜਪੁਜੀ ਸਾਹਿਬ | 30/– | |
| 13. | ਅਮਰ ਜੋਤਾਂ | 20/– | 15/– |
| 14. | ਹਿਮਾਲਿਆ ਦੇ ਸੰਤਾਂ ਦੇ ਸੰਗ ਨਿਵਾਸ | 100/– | |
| 15. | ਅਮਰ ਗਾਥਾ | 200/– | 100/– |
| 16. | ਧਰਮ ਯੁਧ ਕੇ ਚਾਇ | 50/– | |
| 17. | ਪਵਿੱਤਰ ਪੈਂਡਾ | 25/– | |
| 18. | ਭਗਤ ਪ੍ਰਹਿਲਾਦ | 10/– | 10/– |
| 19. | ਵੈਸਾਖੀ | 10/– | 10/– |
| 20. | ਸਾਜਨ ਚਲੇ ਪਿਆਰਿਆ | | 10/– |
| 21. | ਅਬਿਨਾਸੀ ਜੋਤ ਭਾਗ – 1 | 90/– | 90/– |
| 22. | ਅਬਿਨਾਸੀ ਜੋਤ ਭਾਗ – 2 | 90/– | |
| 23. | ਪੰਚ ਪਰਵਾਣ (ਦੋ ਭਾਗਾਂ ਦਾ ਸੰਗ੍ਰਹਿ) (ਰੂਹਾਨੀ ਗੁਲਦਸਤਾ ਭਾਗ 1 ਅਤੇ 2) | 200/ | |
| 24. | ਸੰਤ ਤੁਮਾਰੇ ਤੁਮਰੇ ਪ੍ਰੀਤਮ | 50/– | |
| 25. | ਗੁਰੂ ਅਮਰਦਾਸ ਪਰਸੀਐ | 100/– | |
| 26. | ਅਨੰਦਮਈ ਜੀਵਨ ਜਾਚ | 50/– | |
| 27. | ਪੱਤਰਕਾਰ ਦੇ ਪ੍ਰਸ਼ਨ ਮਹਾਂਪੁਰਸ਼ਾਂ ਵਲੋਂ ਉੱਤਰ | 60/– | |
| 28. | ਅਨੁਭਵੀ ਪ੍ਰਵਚਨ | 300/– | |
| 29. | ਅੰਦਰਲੀ ਖੋਜ | 300/– | |
| 30. | ਸਿਮਰਤ ਕਹਾਂ ਨਹੀਂ | 300/– | |
| 31. | ਰੂਹਾਨੀ ਪ੍ਰਵਚਨ | 35/– | |
| 32. | 'ਸੇਵਾ ਸਿਮਰਨ ਜੁਗਤੀਆਂ | 250/– | |
| 33. | 'ਮਾਨੁਖ ਤਨ ਦਾ ਪ੍ਰਯੋਜਨ' | 300/– | |
| 34. | ਜੀਵਨ ਜੁਗਤਿ | 440/– | |
| 35. | ਮਾਰਗ ਚੋਣ | 60/– | |
| 36. | ਮਨੋਭਾਵਾਂ ਦੀ ਰਚਨਾਤਮਕ ਵਰਤੋਂ | 50/– | |
| 37. | ਆਤਮ ਗਿਆਨ ਭਾਗ – 1 | 120/– | |
| 38. | ਜਨਮ ਪਦਾਰਥੁ ਸਫਲੁ ਹੋਇ | 120/– | |
| 39. | ਜਨ ਪਰਉਪਕਾਰੀ ਆਏ (ਭਾਗ –1) | 65/– | |
| 40. | ਜਨ ਪਰਉਪਕਾਰੀ ਆਏ (ਭਾਗ –2) | 65/– | |
| 41. | ਗੁਰ ਅੰਗਦ ਅਮਰ ਨਿਧਾਨ | 10/– | |
| 42. | ਕਲਜੁਗਿ ਜਹਾਜ ਅਰਜੁਨ ਗੁਰ | 100/– | |

| | ਪੁਸਤਕ ਦਾ ਨਾਮ | ਪੰਜਾਬੀ |
|---|---|---|
| 43. | ਧਰਮ ਹੇਤਿ ਸਾਕਾ | 20/– |
| 44. | ਮੰਝ ਗੁਰੂ ਕਾ ਬੋਹਿਥਾ | 30/– |
| 45. | ਜਾ ਕੈ ਮਨਿ ਗੁਰ ਕੀ ਪਰਤੀਤ | 30/– |
| 46. | ਗੁਰੂ ਗ੍ਰੰਥ ਜੀ ਮਾਨਿਉ | 10/– |
| 47. | ਬਾਬਾ ਬੰਦਾ ਸਿੰਘ ਬਹਾਦਰ | 10/– |
| 48. | ਤ੍ਰੈ ਸ਼ਤਾਬਦੀ | 20/– |
| 49. | ਆਤਮ ਗਿਆਨ ਭਾਗ – 2 | 120/– |
| 50. | ਆਤਮ ਗਿਆਨ ਭਾਗ – 3 | 120/– |

| | English Version | Price |
|---|---|---|
| 1. | Baisakhi (ਵੈਸਾਖੀ) | . 5/- |
| 2. | How Rend The Veil of Untruth (ਕਿਵ ਕੂੜੈ ਤੁਟੈ ਪਾਲਿ) | . 70/- |
| 3. | Discourses on the Beyond-1 (ਬਾਤ ਅਗੰਮ ਕੀ ਭਾਗ ੧) | 50/- |
| 4. | Discourses on the Beyond -2 (ਬਾਤ ਅਗੰਮ ਕੀ ਭਾਗ ੨) | 50/- |
| 5. | Discourses on the Beyond -3 (ਬਾਤ ਅਗੰਮ ਕੀ ਭਾਗ ੩) | 50/- |
| 6. | Discourses on the Beyond -4 (ਬਾਤ ਅਗੰਮ ਕੀ ਭਾਗ ੪) | 60/- |
| 7. | Discourses on the Beyond -5 (ਬਾਤ ਅਗੰਮ ਕੀ ਭਾਗ ੫) | 60/- |
| 8. | The way to the imperceptible (ਅਗੰਮ ਅਗੋਚਰ ਦਾ ਮਾਰਗ) | 80/- |
| 9. | The Lights Immortal (ਅਮਰ ਜੋਤਾਂ) | 20/- |
| 10. | Transcendental Bliss (ਚਉਥੈ ਪਹਿਰ ਸਬਾਹ ਕੈ) | 70/- |
| 11. | How to Know Thy Real Self-(Vol-1) (ਕਿਵ ਸਚਿਆਰਾ ਹੋਈਐ) | 80/- |
| 12. | How to Know Thy Real Self-(Vol-2) (ਕਿਵ ਸਚਿਆਰਾ ਹੋਈਐ) | 80/- |
| 13. | How to Know Thy Real Self-(Vol-3) (ਕਿਵ ਸਚਿਆਰਾ ਹੋਈਐ) | 110/- |
| 14. | The Dawn of Khalsa Ideals | . 10/- |
| 15. | A Glimpse of His Holiness - Baba ji | . 5/- |
| 16. | Divine Word Contemplation Path', (ਸੁਰਤਿ ਸਬਦਿ ਮਾਰਗ) | 150/– |
| 17. | The Story of Immortality (ਅਮਰ ਗਾਥਾ) | 260/– |
| 18. | Why not thy contemplate the Lord? (ਸਿਮਰਤ ਕਹਾ ਨਹੀਂ ?) | 200/– |

**ਉਪਰੋਕਤ ਪੁਸਤਕਾਂ ਆਪ ਜੀ ਮਨੀਆਰਡਰ,ਚੈਕ ਜਾਂ ਬੈਂਕ ਡਰਾਫਟ ਰਾਹੀਂ ਰਤਵਾੜਾ ਸਾਹਿਬ ਤੋਂ ਮੰਗਵਾ ਸਕਦੇ ਹੋ ਜਾਂ ਟਰਸਟ ਦੇ ਅਕਾਊਂਟ ਵਿੱਚ ਸਿੱਧੀ ਮਾਇਆ ਜਮਾਂ ਕਰਵਾ ਕੇ ਮੋਬਾਇਲ ਨੰਬਰ 9417214391, 9417214379, 8437812900 ਤੇ ਸੂਚਿਤ ਕਰ ਸਕਦੇ ਹੋ।**

**A/c Name : VGRMCT / Atam Marg Magazine**
Punjab & Sind Bank - **S/B A/C No. 12861100000008**
**RTGS/IFSC Code - PSIB0021286\ , Branch Code - C1286**

**Our Address: VGRMCT, Gurdwara Ishar Parkash, Ratwara Sahib,
(Near New Chandigarh) P.o. Mullanpur Garibdas,
Teh. Kharar, Distt. S.A.S Nagar (Mohali)
140901, Pb. India**

# Discourses on the Beyond (Part - 6)

## Holy Discourse – II

**It was 16th May, 1962. The devotees discussed among themselves the holy discourse delivered on the previous day. Today the devotees had come in large numbers. Greeting one another, they sat in the park quietly. It was time for Sant Maharaj Ji to take his chair, so that the devotees could see him. At that very moment, Sant Maharaj Ji (Sri 108 Sant Ishar Singh Ji Maharaj) stepped out of his room and walking through the verandah came out. Out of respect, all the devotees stood up and greeted him. Thereafter, they sat in their respective places. Sant Maharaj Ji too took the chair. He looked at them and said, "What question have you brought for today?" Then, this slave (I) submitted: "Reverend sir! the question will continue to be the same – how to swim across the terrible world ocean? Yesterday, you had thrown extensive light on the *'Bhagati Marg'* (the Path of God's devotional worship). But the real question still remains to be answered. Kindly tell us some easy method to cross the world ocean." At that moment, Sant Maharaj Ji cast a full glance on all the devotees. It seemed to us that assessing the level of the devotees' intelligence, Sant Maharaj Ji will discourse accordingly, so that they might comprehend it with their meager understanding and intelligence.**

**This is what he said from his sacred mouth: "In Sri Guru Granth Sahib, Sovereign Fifth Guru Sahib has explained this subject in detail:**

*'O saints! thus is crossed the world-ocean.*
*He who lives according to the teachings of the holy, he is ferried across by the Guru's (Holy Preceptor's) grace.'* P. 747

ਸੰਤਹੁ ਸਾਗਰੁ ਪਾਰਿ ਉਤਰੀਐ।।
ਜੇ ਕੋ ਬਚਨੁ ਕਮਾਵੈ ਸੰਤਨ ਕਾ ਸੋ ਗੁਰ ਪਰਸਾਦੀ ਤਰੀਐ।।

**In this hymn, considering the age of *Kalyuga* (Dark Age) and giving no importance to ritual deeds and their fruit, Guru Sahib has commanded that when the doers of these ritual deeds pass away, they have to deal with the *yamas* (messengers of Death). That world of the hereafter has its own rules and laws. Sages tell us that the journey to the abode of Death or the next world is very hazardous; at places, there is pitch darkness, and somewhere the mortal's soul has to tread on burning hot land; at places, he has to suffer extreme thirst, and somewhere, he has to pass through vegetation having razor-sharp leaves. Somewhere, he has to cross the bridge over the fire of hell, and somewhere the mortal's soul has to contend with extreme thirst and hunger. That is, on this path of death, there are extremely perilous vales. While crossing them, the soul weeps and wails.**

*'In this alien wilderness is great tumult and shrieking along the path.'* P. 520

ਬਾਰਿ ਵਿਡਾਨੜੈ ਹੁੰਮਸ ਧੁੰਮਸ ਕੂਕਾ ਪਈਆ ਰਾਹੀ।।

**At that moment, when the mortal's soul makes desperate entreaties and implorations, his deeds done in the world of death are assessed and weighed. His suffering on the hazardous path leading to the next world is relieved on the worth of his deeds. When the fruit of his virtuous and charitable deeds**

is ended, he has to offer more from his store of virtuous and noble deeds. In this way, all his virtuous deeds are exhausted in paying toll tax at the various stages of his journey to the next world. Long and immeasurable is this journey:

*'On this path, the miles cannot be counted.'* P. 264

ਜਿਹ ਮਾਰਗ ਕੇ ਗਨੇ ਜਾਹਿ ਨ ਕੋਸਾ॥

Guru Sahib further says:

